ਬਹੁ ਵਿਸਥਾਰ

ਕਪੂਰ ਸਿੰਘ (ਆਈ. ਸੀ. ਐੱਸ)

BAUH VISTAAR

by

Sirdar Kapoor Singh (I.A.S.)

ਪਹਿਲੀ ਵਾਰ : 1952

ਦੂਜੀ ਵਾਰ : 1970

ਤੀਜੀ ਵਾਰ : 1989

ਚੌਥੀ ਵਾਰ : ਲਾਹੌਰ ਬੁੱਕ ਸ਼ਾਪ ਵੱਲੋਂ : 2009

ਮੁੱਲ : 75/- ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ,
ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ।
Ph. : 2740738, 5540738

E-Mail:-lahorebookshop40@Rediffmail.com

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।


Printed in India

ਛਾਪਕ : ਸਰਤਾਜ ਪ੍ਰਿੰਟਿਗ ਪ੍ਰੈਸ, ਜਲੰਧਰ।

ਤਤਕਰਾ

1. ਲੱਖ ਆਗਾਸਾ ਆਗਾਸ 9
2. ਪੰਜਾਬ : **ਸਿੱਖਾਂ** ਦਾ ਹਿੰਦੁਸਤਾਨ ਨੂੰ ਤੁਹਫ਼ਾ 26
3. ਆਧਾ **ਸਿੱਖ** ਆਧਾ ਰੋਹੇਲਾ 35
4. ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ 42
5. ਮਹਾਰਾਜਾ ਰਣਜੀਤ ਸਿੰਘ ਦੀ ਭਾਸ਼ਾ ਨੀਤੀ 45
6. ਇਕ ਵਚਿੱਤ੍ਰ ਕਥਾ 52
7. ਫ਼ਤਹਨਾਮਹ 55
8. ਮੁਕਤਨਾਮਹ 63
9. ਚੀਨ 79
10. ਛੇ ਦਰਸ਼ਨ 95

ਬਹੁ ਵਿਸਥਾਰ




ਕਪੂਰ ਸਿੰਘ (ਆਈ. ਸੀ. ਐੱਸ)

ਸਮਰਪਣ

ਉਨ੍ਹਾਂ ਦੇ ਨਾਮ ਜੋ ਮਾਦਰੀ ਬੋਲੀ ਨੂੰ ਸਭਿਆਚਾਰਕ ਵਿਕਾਸ
ਤੇ ਬੌਧਕ ਕਲਿਆਣ ਦਾ ਸਰਵਉੱਚ ਵਸੀਲਾ
ਮੰਨਦੇ ਹਨ।

ਬਹੁ ਵਿਸਥਾਰ



ਕਪੂਰ ਸਿੰਘ (ਆਈ. ਸੀ. ਐੱਸ)

ਮੁੱਖ-ਸ਼ਬਦ

ਸਿਰਦਾਰ ਕਪੂਰ ਸਿੰਘ ਇਕ ਖੋਜੀ ਲਿਖਾਰੀ ਹੈ। ਇਸ ਦੀ ਖੋਜ ਦਾ ਦਾਇਰਾ ਅਮੁੱਕ ਹੈ। ਇਸ ਦੀ ਵਿਸ਼ਾਲ ਲਪੇਟ ਵਿੱਚ ਇਤਿਹਾਸ, ਧਰਮ, ਅਰਥ, ਕਲਾ, ਦਰਸ਼ਨ, ਵਿਗਿਆਨ ਜਿਹੇ ਗੂੜ੍ਹ ਵਿਸ਼ੇ ਆ ਜਾਂਦੇ ਹਨ। ਹਰ ਪਾਸੇ ਦੀ ਸੂਝ ਦੇ ਨਾਲ-ਨਾਲ ਇਸ ਲਿਖਾਰੀ ਦੀ ਆਪਣੀ ਸ਼ਖ਼ਸੀਅਤ ਦਾ ਆਵੇਸ਼ ਮੌਜੂਦ ਹੁੰਦਾ ਹੈ, ਜਿਸ ਦਾ ਅਸਰ ਨਾ ਕੇਵਲ ਪਾਠਕ ਦੀਆਂ ਮਾਨਸਿਕ ਤੇ ਸਾਹਿਤਕ ਰੁੱਚੀਆਂ ਨੂੰ ਟੁੰਬਦਾ ਹੈ ਸਗੋਂ ਉਸ ਦੇ ਕੌਮੀ ਜਜ਼ਬੇ ਨੂੰ ਉਭਾਰਦਾ ਅਤੇ ਆਪਣੇ ਦੇਸ਼ ਦੀ ਮਹਾਨਤਾ ਲਈ ਸ਼ਰਧਾ ਅਤੇ ਮਾਣ ਪੈਦਾ ਕਰਦਾ ਹੈ।

'ਲੱਖ ਆਗਾਸਾ ਆਗਾਸ' ਦੇ ਪਿੱਛੇ ਵਰਤ ਰਹੀ ਵਿਗਿਆਨਕ ਖੋਜ ਦਾ ਪਿਛਵਾੜਾ ਦੇ ਕੇ ਆਮ-ਵਾਕਫ਼ੀ ਦਾ ਵਾਧਾ ਕੀਤਾ ਹੈ। ਫਿਰ ਪੰਜਾਬ ਦਾ ਪਿੱਛਾ ਫੋਲ ਕੇ ਸਿੱਖਾਂ ਦੀ ਇਤਿਹਾਸਕ ਸੇਵਾ ਦਾ ਜ਼ਿਕਰ ਕੀਤਾ ਹੈ ਕਿ ਇਹ ਸਿੱਖ ਕੌਮ ਹੀ ਹੈ ਜਿਸ ਨੇ ਸਦੀਆਂ ਤੋਂ ਚਲੇ ਆਉਂਦੇ ਉੱਤਰ ਪਛਮੀ ਹੱਲਿਆਂ ਨੂੰ ਠੱਲ੍ਹਾ ਪਾ ਦਿੱਤਾ ਅਤੇ ਪੰਜਾਬ ਨੂੰ ਹਿੰਦੁਸਤਾਨ ਦਾ ਜ਼ਰੂਰੀ ਅੰਗ ਬਣਾ ਦਿੱਤਾ। ਅੱਜ ਅਸੀਂ ਆਪਣੇ ਧਰਮ ਵਿਚ ਵੀ ਹਜ਼ਾਰ ਔਕੜਾਂ ਮਹਿਸੂਸ ਕਰਦੇ ਹਾਂ, ਪਰ ਅਠਾਰ੍ਹਵੀਂ ਸਦੀ ਵਿਚ ਸਾਡਾ ਏਨਾ ਦਾਅਵਾ ਸੀ ਕਿ ਜ਼ਾਬਤਾ ਖ਼ਾਨ ਜਿਹੇ ਰੁਹੇਲੇ ਭੀ ਸਾਡੇ ਨਾਲ ਦੀਨੀ ਸਾਂਝ ਪਾਉਣ ਲਈ ਤਿਆਰ ਸਨ। ਇਹ ਦੀਨੀ ਸਾਂਝ ਗੁਰੂ ਨਾਨਕ ਦੇ ਸਰਬ-ਸਾਂਝੇ ਉਪਦੇਸ਼ ਦੀ ਸੀ ਜੋ ਸੰਸਾਰ ਨੂੰ ਇਕਮਿਕ ਕਰਨ ਦੇ ਸਮਰੱਥ ਹੈ। 'ਇਕ ਵਚਿਤਰ ਕਥਾ' ਦੇ ਕੇ ਖ਼ਾਲਸੇ ਦੇ ਸਾਜਨ ਦਾ ਅਸਲੀ ਮਨੋਰਥ ਦੱਸਿਆ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਭਾਸ਼ਾ ਨੀਤੀ ਉੱਤੇ ਇਕ ਅਦੁੱਤੀ ਲੇਖ ਲਿਖ ਕੇ ਅੱਜਕੱਲ ਦੀ ਇਕ ਮੁਲਕੀ ਗੁੰਝਲ ਨੂੰ ਸੁਲਝਾਇਆ ਹੈ।

ਇਸ ਲਿਖਾਰੀ ਦੇ ਖੋਜ ਪੂਰਤ ਲੇਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਆਸ਼ੇ ਉੱਤੇ ਵਧੇਰਾ ਚਾਨਣ ਪਾਉਂਦੇ ਹਨ। ਉਨ੍ਹਾਂ ਦੀ ਕੌਮੀ ਉਸਾਰੀ ਦੇ ਪ੍ਰੋਗ੍ਰਾਮ ਨੂੰ

ਇਨ੍ਹਾਂ ਨੇ ਅਜਿਹੀ ਅੰਤਰੀਵ ਸੂਝ ਨਾਲ ਸਮਝਿਆ ਹੈ ਜੋ ਕਿਸੇ ਹੋਰ ਲਿਖਾਰੀ ਦੇ ਹਿੱਸੇ ਨਹੀਂ ਆਈ।

ਇਹ ਪੁਸਤਕ ਖ਼ਿਆਲਾਂ ਦੀ ਮੌਲਕਤਾ, ਵਾਕਫ਼ੀ ਦੀ ਵਿਸ਼ਾਲਤਾ ਅਤੇ ਬਲੀ ਦੀ ਸੰਜਮ ਦੇ ਲਿਹਾਜ਼ ਨਾਲ ਇਕ ਵੱਡ-ਮੁੱਲੀ ਚੀਜ਼ ਹੈ ਅਤੇ ਹਰ ਪੰਜਾਬੀ ਦੇ ਕਦਰ ਕਰਨ ਜੋਗ ਹੈ।

6 ਅਕਤੂਬਰ, 1952 —ਤੇਜਾ ਸਿੰਘ (ਪ੍ਰਿੰਸੀਪਲ)

ਲੱਖ ਆਗਾਸਾ ਆਗਾਸ

ਗੁਰੂ ਨਾਨਕ ਦੇਵ ਜੀ ਜਪੁਜੀ ਵਿਚ ਕਿਹਾ ਹੈ : "ਪਾਤਾਲਾ ਪਾਤਾਲ ਲੱਖ ਆਗਾਸਾ ਆਗਾਸ"। ਕਈ ਅਣਗਿਣਤ ਪਾਤਾਲ, ਕਹੀਏ ਜੀਵਾਂ ਦੇ ਵੱਸਣ ਵਾਲੀਆਂ ਧਰਤੀਆਂ ਹਨ ਅਤੇ ਲੱਖਾਂ ਅਰਥਾਤ ਅਣਗਿਣਤ ਆਕਾਸ਼ ਅਥਵਾ ਗ੍ਰੈਹ ਜਿਯੋਤਿਸ਼ ਤਾਰਿਆਂ ਆਦਿ ਦੇ ਮੰਡਲ ਹਨ। ਇਹ ਵਾਕ ਜਦੋਂ ਗੁਰੂ ਨਾਨਕ ਦੇਵ ਜੀ ਨੇ ਪੰਦਰ੍ਹਵੀਂ ਸਦੀ ਈਸਵੀ ਵਿਚ ਕਹੇ ਤਾਂ ਓਦੋਂ ਇਹ ਐਵੇਂ ਇਕ ਕਾਵਿ ਕਥਨੀ ਜਾਂ ਮੁਬਾਲਗਾ ਸਮਝਿਆ ਗਿਆ ਅਤੇ ਜਨਮ ਸਾਖੀਆਂ ਵਿੱਚ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਤੋਂ ਮੁੜਦੇ ਹੋਏ ਬਗ਼ਦਾਦ ਸ਼ਹਿਰ ਪੁੱਜੇ ਤਾਂ ਓਥੋਂ ਦੇ ਮੁਸਲਮਾਨ ਮੌਲਵੀਆਂ ਤੇ ਆਲਮਾਂ ਨੇ ਗੁਰੂ ਜੀ ਤੋਂ ਇਹ ਪੁੱਛ ਖ਼ਾਸ ਕਰਕੇ ਕੀਤੀ ਕਿ ਉਹਨਾਂ ਨੇ ਲੱਖਾਂ ਪਾਤਾਲ ਅਤੇ ਆਕਾਸ਼ ਕਿਵੇਂ ਕਹੇ ਹਨ, ਜਦੋਂ ਕਿ ਕੁਰਾਨ ਸ਼ਰੀਫ਼ ਵਿੱਚ ਸੱਤ ਪਤਾਲਾਂ ਅਤੇ ਸੱਤਾਂ ਆਕਾਸ਼ਾਂ ਦੀ ਹੋਂਦ ਹੀ ਵਰਨਣ ਕੀਤੀ ਹੋਈ ਹੈ? ਸਾਖੀ ਇਊਂ ਚਲਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਆਤਮਕ ਸ਼ਕਤੀ ਵਰਤ ਕੇ, ਬਗ਼ਦਾਦ ਦੇ ਵੱਡੇ ਸ਼ੇਖੁਲਮਸ਼ਾਇਖ[1] ਦੇ ਪੁੱਤਰ[2] ਨੂੰ ਅਣਗਿਣਤ ਧਰਤੀਆਂ ਅਤੇ ਗ੍ਰਹਿ ਮੰਡਲਾਂ ਦੇ ਸਦੇਹ ਦਰਸ਼ਨ ਕਰਵਾਏ ਤਾਂ ਉਸ ਸ਼ੇਖ਼ਜ਼ਾਦੇ ਦੀ ਸ਼ਹਾਦਤ ਦੇ ਆਧਾਰ ਉੱਤੇ ਬਗ਼ਦਾਦ ਦੇ ਕਾਜ਼ੀਆਂ ਅਤੇ ਆਲਮਾਂ ਨੇ ਗੁਰੂ ਜੀ ਨੂੰ ਵੱਲੀ ਅੱਲਾ, ਕਾਸ਼ਫੁੱਲਿਸਰਾਰ ਪਿਕਾਂਬਰ ਮੰਨਿਆ।

ਗੁਰੂ ਜੀ ਦੇ ਇਸ ਕਥਨ ਅਤੇ ਜਨਮ ਸਾਖੀਆਂ ਦੀ ਇਸ ਕਥਾ ਦਾ ਅੱਜ-ਕੱਲ੍ਹ ਦੇ ਵਿਗਿਆਨ ਅਤੇ ਸਾਇੰਸ ਦੇ ਚਾਨਣੇ ਵਿੱਚ ਕੀ ਮੁੱਲ ਹੈ ? ਇਹ ਪ੍ਰਸ਼ਨ ਅਤੇ ਇਸ ਦਾ ਉੱਤਰ ਬੜਾ ਮਨੋਰੰਜਕ ਹੈ।

ਆਧੁਨਿਕ ਸਾਇੰਸ ਦੀ ਖੋਜ ਦੀ ਤਵਾਰੀਖ਼ ਵਿੱਚ (William Herschel) ਵਿਲੀਯਮ ਹਰਸ਼ਲ (ਸੰਨ 1738-1822 ਈਸਵੀ) ਪਹਿਲਾ ਸਾਇੰਸਦਾਨ ਹੈ, ਜਿਸ ਨੇ ਕਿ ਗ੍ਰਹਿ ਮੰਡਲਾਂ ਅਤੇ ਆਕਾਸ਼ਾਂ ਦੀ ਪੜਤਾਲ ਆਰੰਭੀ। ਵਿਲੀਯਮ ਹਰਸ਼ਲ ਇਕ ਗਵੱਈਆਂ ਸੀ ਜੋ ਉੱਨੀ ਸਾਲ ਦੀ ਉਮਰ ਵਿੱਚ, ਰੋਜ਼ੀ ਦੀ ਭਾਲ

1. ਪੀਰ ਸ਼ਾਹ ਲਤੀਫ਼ ਬੱਗੀ, ਕਾਦਰੀ, ਪੀਰ ਦਸਤਗੀਰ।
2. ਪੀਰ ਸ਼ਾਹ ਬਹਿਲੋਲ ਦਰਯਾਈ, ਕਾਦਰੀ, ਪੀਰ ਦਸਤਗੀਰ। (ਦੇਖੋ, ਖਜ਼ੀਨਾਤੁਲਾਸਫੀਯਹ।"

ਕਰਦਾ-ਕਰਦਾ ਯੂਰਪ ਤੋਂ ਇੰਗਲੈਂਡ ਪੁੱਜਾ। ਹਰਸ਼ਲ ਗਾਣਾ ਵਜਾਣਾ ਸਿਖਾ ਕੇ ਆਪਣੀ ਉਪਜੀਵਕਾ ਕਮਾਉਂਦਾ ਰਿਹਾ ਪਰ ਉਸ ਨੂੰ ਦੂਰਬੀਨਾਂ ਦੀ ਵਿਦਿਆ ਅਤੇ ਗ੍ਰਹਿ-ਵਿਦਿਆ ਅਥਵਾ ਜਿਯੋਤਿਸ਼ ਦਾ ਡੂੰਘਾ ਠਰਕ ਸੀ। ਗ੍ਰਹਿ-ਵਿਦਿਆ ਅਤੇ ਜਿਯੋਤਿਸ਼ ਦੀਆਂ ਪੁਸਤਕਾਂ ਘੋਖਣ ਨਾਲ ਉਸ ਦੇ ਮਨ ਨੂੰ ਤਸੱਲੀ ਨਾ ਹੋਈ। ਉਹ ਆਪਣੀਆਂ ਅੱਖਾਂ ਨਾਲ ਅਕਾਸ਼ਾਂ ਵਿੱਚ ਗ੍ਰਹਿ ਜਿਯੋਤਿਸ਼ਾਂ ਅਤੇ ਗ੍ਰਹਿ ਮੰਡਲਾਂ ਨੂੰ ਦੇਖਣਾ ਚਾਹੁੰਦਾ ਸੀ। ਦੂਰਬੀਨਾਂ ਖ਼ਰੀਦਣ ਲਈ ਉਸ ਕੋਲ ਪੈਸੇ ਨਹੀਂ ਸਨ, ਇਸ ਲਈ ਉਸ ਨੇ ਆਪ ਦੂਰਬੀਨਾਂ ਬਨਾਉਣੀਆਂ ਆਰੰਭ ਦਿੱਤੀਆਂ। ਥੋੜ੍ਹੇ ਸਮੇਂ ਵਿੱਚ ਹੀ ਉਸਨੇ ਅਜਿਹੀਆਂ ਦੂਰਬੀਨਾਂ ਆਪ ਬਣਾ ਲਈਆਂ, ਜਿਹੋ ਜਿਹੀਆਂ ਕਿ ਸੰਸਾਰ ਭਰ ਵਿਚ ਉਨ੍ਹਾਂ ਦਿਨਾਂ ਵਿਚ ਕਿਸੇ ਕੋਲ ਨਹੀਂ ਸਨ। 23 ਮਾਰਚ, ਸੰਨ 1781 ਈਸਵੀ ਨੂੰ ਹਰਸ਼ਲ ਨੇ ਆਪਣੀ ਦੂਰਬੀਨ ਦੀ ਸਹਾਇਤਾ ਨਾਲ ਇਕ ਅਜਿਹਾ ਦ੍ਰਿਸ਼ ਦੇਖਿਆ ਜਿਸ ਬਾਬਤ ਕਿ ਉਸ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ ਕਿ, "ਕੋਈ ਵਚਿੱਤਰ ਧੁੰਦੂਕਾਰ ਤਾਰਾ, ਜਾਂ ਸ਼ਾਇਦ ਕੋਈ ਟੁੱਟਾ ਹੋਇਆ ਤਾਰਾ" ਹੈ। ਇਹ ਤਾਰਾ ਸਾਧਾਰਣ ਤਾਰਿਆਂ ਦੇ ਅਣੀਦਾਰ ਆਕਾਰਾਂ ਨਾਲ ਭਿੰਨ ਸੀ ਅਤੇ ਇਸ ਦੇ ਆਲੇ-ਦੁਆਲੇ ਇਕ ਗੁਲਾਈਦਾਰ ਧੁੰਦਲੇ ਪ੍ਰਕਾਸ਼ ਦਾ ਚੱਕਰ ਸੀ। ਇਹ ਹੀ ਇਕ ਨਵਾਂ ਗ੍ਰਹਿ, ਯੂਰਾਨੱਸ (Uranus) ਸਿੱਖ ਹੋਇਆ। ਇਸ ਤੋਂ ਪਹਿਲਾਂ, ਪ੍ਰਾਚੀਨ ਸਮਿਆਂ ਤੋਂ ਸੱਤਾਂ ਗ੍ਰਹਿਆਂ ਦੀ ਹੋਂਦ ਹੀ ਸੰਸਾਰ ਭਰ ਵਿਚ ਮੰਨੀ ਚਲੀ ਆਉਂਦੀ ਸੀ—ਸੂਰਜ, ਚੰਦ੍ਰਮਾ, ਮੰਗਲ, ਬੁੱਧ, ਬ੍ਰਹਸਪਤੀ, ਸ਼ੁਕਰ ਅਤੇ ਸ਼ਨੀ। ਇਹ ਸੱਤੇ ਗ੍ਰਹਿ, ਨੰਗੀ ਅੱਖ ਨਾਲ, ਬਿਨਾਂ ਦੂਰਬੀਨ ਦੀ ਸਹਾਇਤਾ ਦੇ ਦਿੱਸ ਆਉਂਦੇ ਹਨ। 'ਸ਼ਨੀ ਗ੍ਰਹਿ ਸੂਰਜ ਕੋਲੋਂ, ਜੋ ਕਿ ਸੂਰਜ ਮੰਡਲ ਦਾ ਕੇਂਦਰ ਹੈ ਅਤੇ ਜਿਸ ਗ੍ਰਹਿ ਮੰਡਲ ਵਿਚ ਕਿ ਸਾਡੀ ਧਰਤੀ ਪਰਕਰਮਾ ਕਰਦੀ ਹੈ, ਸਭ ਗ੍ਰਹਿਆਂ ਨਾਲੋਂ ਦੁਰਾਡਾ ਹੈ। ਯੂਰਾਨੱਸ ਗ੍ਰਹਿ ਸ਼ਨੀ ਨਾਲੋਂ ਵੀ, ਸੂਰਜ ਤੋਂ ਦੂਗਣਾ ਦੁਰਾਡਾ ਹੈ। ਇਉਂ ਯੂਰਾਨੱਸ ਦਾ ਪਤਾ ਲਗਣ ਉੱਤੇ ਸਾਡੇ ਸੂਰਜ-ਮੰਡਲ ਤਥਾ ਆਕਾਸ਼ ਦਾ ਆਕਾਰ, ਪਰਾਚੀਨ ਸਮਿਆਂ ਤੋਂ ਨਿਸ਼ਚਿਤ ਹੋਏ ਹੋਏ ਆਕਾਰ ਨਾਲੋਂ ਦੂਗਣਾ ਹੋ ਗਿਆ। ਹਰਸ਼ਲ ਦੀ ਇਸ ਖੋਜ ਨਾਲ ਸੰਸਾਰ ਭਰ ਦੇ ਜਿਯੋਤਿਸ਼ ਸਾਇੰਸਦਾਨਾਂ ਵਿਚ ਬਹੁਤ ਤਰਥੱਲੀ ਪਈ, ਜਿਸ ਦਾ ਇਕ ਸਿੱਟਾ ਇਹ ਹੋਇਆ ਕਿ ਪਾਤਸ਼ਾਹ ਜਾਰਜ ਤ੍ਰਿਤੀਆ ਨੇ ਸ਼ਾਹੀ ਜਿਯੋਤਿਸ਼ ਪੰਡਤ ਦੀ ਆਸਾਮੀ ਪੈਦਾ ਕਰ ਦਿੱਤੀ ਅਤੇ ਹਰਸ਼ਲ ਨੂੰ ਦੋ ਸੌ ਪੌਂਡ ਸਾਲ ਤਨਖ਼ਾਹ ਉੱਤੇ ਇਸ ਆਸਾਮੀ 'ਤੇ ਰੱਖ ਲਿਆ। ਹੁਣ ਹਰਸ਼ਲ ਨੇ ਗਉਣ ਦਾ ਕਿੱਤਾ ਤਿਆਗ ਦਿੱਤਾ ਅਤੇ ਆਪਣਾ ਸਾਰਾ ਸਮਾਂ ਗ੍ਰਹਿ ਵਿੱਦਿਆ ਦੀ ਖੋਜ ਵਿਚ ਲਾਉਣ ਲੱਗਾ।

ਹਰਸ਼ਲ ਨੇ ਇਹ ਨਿਸ਼ਾਨਾ ਆਪਣੀ ਖੋਜ ਦਾ ਮਿੱਥ ਲਿਆ ਕਿ ਜੋ ਆਕਾਸ਼ ਵੀ ਧਰਤੀ ਉਤੋਂ ਦਿੱਸ ਆਉਂਦਾ ਹੈ, ਉਸ ਸਾਰੇ ਦੀ ਇਕ ਖੂੰਜਿਓਂ ਲੈ ਕੇ ਦੂਜੇ ਖੂੰਜੇ

ਤਕ ਦੂਰਬੀਨ ਨਾਲ ਪੜਤਾਲ ਕੀਤੀ ਜਾਵੇ। ਇਉਂ ਉਹ ਆਯੂ ਪ੍ਰਯੰਤ ਆਪਣੀ ਦੂਰਬੀਨ ਰਾਹੀਂ ਅਸਮਾਨਾਂ ਵਿਚ ਤਕਦਾ ਰਿਹਾ ਤੇ ਜੋ ਕੁਛ ਵੀ ਦੂਰਬੀਨ ਰਾਹੀਂ ਉਸ ਨੂੰ ਆਕਾਸ਼ ਦੇ ਕਿਸੇ ਵੀ ਹਿੱਸੇ ਵਿਚ ਦਿਸਿਆ, ਉਸ ਨੂੰ ਗੋਹ ਨਾਲ ਤਕ ਕੇ, ਜੋ ਕੁਛ ਉਸ ਦੀ ਬਾਬਤ ਦ੍ਰਿਸ਼ਟੀਮਾਨ ਹੋਇਆ, ਉਸ ਨੂੰ ਨੋਟ ਕਰਦਾ ਰਿਹਾ। ਅਸਮਾਨਾਂ ਵਿਚ ਜੋ ਦੋਧੀ ਸ਼ਾਹਰਾਹ ਜਿਹੀ ਦਿਸਦੀ ਹੈ ਅਤੇ ਜਿਸ ਨੂੰ ਗ੍ਰਹਿ-ਪੱਥ ਕਹੀਦਾ ਹੈ, ਪੁਰਾਤਨ ਸਮਿਆਂ ਤੋਂ ਸੰਸਾਰ ਭਰ ਦੇ ਦੇਸਾਂ ਤੇ ਜਾਤੀਆਂ ਵਿਚ ਇਸ ਬਾਰੇ ਕਈ ਪ੍ਰਕਾਰ ਦੇ ਸਿਧਾਂਤ ਅਤੇ ਕਾਵਿ ਅਲੰਕਾਰ ਪੂਰਤ ਖ਼ਿਆਲ ਪ੍ਰਚਲਤ ਹਨ ਅਤੇ ਰਹੇ ਹਨ। ਇਸ ਨੂੰ ਹਰਸ਼ਲ ਨੇ ਦੂਰਬੀਨ ਰਾਹੀਂ ਗੋਹ ਨਾਲ ਪੜਤਾਲਿਆ ਤਾਂ ਸਿੱਧ ਕੀਤਾ ਕਿ ਇਹ ਅਨੇਕ ਤਾਰਿਆਂ ਦਾ, ਬੜਾ ਦੂਰ ਦੁਰਾਡੇ, ਆਕਾਸ਼ਾਂ ਵਿਚ ਝੁਰਮਟ ਹੈ ਅਤੇ ਦੂਰ ਦੇਸ਼ ਆਕਾਸ਼ ਵਿਚ ਹੋਣ ਦੇ ਕਾਰਨ ਧੁੰਦਲਾ ਜਿਹਾ, ਦੋਧੀ ਪੱਥ ਵਾਂਗਰ ਦਿਸ ਆਉਂਦਾ ਹੈ। ਆਪਣੀ ਦੂਰਬੀਨ ਰਾਹੀਂ ਜਿਤਨੇ ਵੀ ਤਾਰੇ ਆਦਿ ਹਰਸ਼ਲ ਦੇਖ ਸਕਿਆ ਉਹ ਉਸ ਨੇ ਦੇਖੇ ਅਤੇ ਗਿਣੇ ਅਤੇ ਅਸਮਾਨਾਂ ਵਿਚ ਜਿਥੋਂ-ਜਿਥੋਂ ਤਕ ਤਾਰਿਆਂ ਆਦਿ ਦੀ ਹੋਂਦ ਪ੍ਰਗਟ ਹੋ ਆਈ, ਉਥੋਂ-ਉਥੋਂ ਤਕ ਉਸ ਨੇ ਵੇਖਿਆ ਅਤੇ ਅਨੁਮਾਨਿਆ ਤੇ ਇਉਂ ਅਕਾਸ਼ਾਂ ਵਿਚ ਨਿਰਮਤ ਉਸ ਵਿਸ਼ਵ ਦਾ ਰੂਪ ਆਕਾਰ ਬੰਨ੍ਹਣ ਦਾ ਜਤਨ ਕੀਤਾ, ਜੋ ਕਿ ਗ੍ਰਹਿਆਂ ਤਾਰਿਆਂ ਆਦਿ ਨਾਲ ਭਰਪੂਰ ਹੈ। ਉਸਦਾ ਅਨੁਮਾਨ ਇਉਂ ਸੀ ਕਿ ਅਜਿਹੇ ਵਿਸ਼ਵ ਦਾ ਆਕਾਰ ਚੱਕੀ ਦੇ ਉਪਰਲੇ ਪੁੜ੍ਹਏ ਵਾਂਗਰ ਹੈ, ਚਪਟਾ ਤੇ ਗੋਲਾਈਦਾਰ। ਹਰਸ਼ਲ, ਉਸ ਸੂਰਜ ਨੂੰ ਜਿਸ ਦੁਆਲੇ ਕਿ ਅਸਾਡੀ ਧਰਤੀ ਘੁੰਮਦੀ ਹੈ, ਇਸ ਵਿਸ਼ਵ ਦੇ ਕੇਂਦਰ ਦੇ ਨੇੜੇ-ਤੇੜੇ ਅਨੁਮਾਨਦਾ ਸੀ। ਹਰਸ਼ਲ ਤੋਂ ਪਿੱਛੋ ਦੀ ਖੋਜ ਪੜਤਾਲ ਦਾ ਜੋ ਸਿੱਟਾ ਨਿਕਲਿਆ ਉਹ ਹਰਸ਼ਲ ਦੇ ਕੱਢੇ ਸਿੱਟਿਆਂ ਤੋਂ ਕੋਈ ਬਹੁਤਾ ਭਿੰਨ ਨਹੀਂ।

ਹਰਸ਼ਲ ਨੇ ਆਪਣੀ ਦੂਰਬੀਨ ਰਾਹੀਂ ਅਸਮਾਨਾਂ ਦੀ ਖੋਜ ਕਰਕੇ, ਕੋਈ ਪੰਝੀ ਸੌ ਧੂਮ੍ਰ-ਚਮੂ (Nebulae) ਸਹੀ ਕੀਤੇ, ਜਿਨ੍ਹਾਂ ਵਿਚ ਕਿ ਕੁਝ ਤਾਰਕਾ-ਮੰਡਲ ਵੀ ਸਨ। ਪਹਿਲੋਂ-ਪਹਿਲ ਹਰਸ਼ਲ ਦਾ ਖ਼ਿਆਲ ਸੀ ਕਿ ਇਹ ਸਾਰੇ ਦੇ ਸਾਰੇ ਧੂਮ੍ਰ-ਚਮੂ ਅਸਲ ਵਿਚ ਤਾਰਕਾ ਮੰਡਲ ਹੀ ਹਨ, ਪਰ ਆਕਾਸ਼ਾਂ ਵਿਚ ਬਹੁਤ ਦੂਰ ਹੋਣ ਦੇ ਕਾਰਣ ਸਪੱਸ਼ਟ ਦਿਸ ਨਹੀਂ ਆਉਂਦੇ ਤੇ ਇਉਂ ਧੁੰਦਲੇ ਜਹੇ ਪ੍ਰਕਾਸ਼ ਦਾ ਸਮੂਹ, ਧੂਮ੍ਰ-ਚਮੂਆਂ ਦੇ ਰੂਪ ਵਿਚ ਦਿਸ ਆਉਂਦੇ ਹਨ। ਪਰੰਤੂ ਪਿੱਛੋਂ ਜਾਕੇ ਹਰਸ਼ਲ ਦਾ ਵਿਚਾਰ ਇਹ ਹੋ ਗਿਆ ਕਿ ਇਹ ਧੂਮ੍ਰ-ਚਮੂ, ਤਾਰਕਾ ਮੰਡਲ ਨਹੀਂ ਹਨ, ਸਗੋਂ ਦਿੱਬ ਵਾਯੂ ਜਾਂ ਰੌਸ਼ਨ ਗੈਸ ਦੇ ਮਹਾਨ ਬੱਦਲ ਹਨ। ਹਰਸ਼ਲ ਦੇ ਮ੍ਰਿਤੂ ਹੋਣ ਦੇ ਬਤਾਲੀ ਵਰ੍ਹੇ ਪਿੱਛੋਂ, ਹਰਸ਼ਲ ਦੇ ਇਸ ਸਿਧਾਂਤ ਦੀ ਪੁਸ਼ਟੀ ਹੋ ਗਈ ਜਦੋਂ ਕਿ ਇਹਨਾਂ ਧੂਮ੍ਰ-ਚਮੂਆਂ ਵਿਚੋਂ ਆ ਰਹੀਆਂ ਰਿਸ਼ਮਾਂ ਨੂੰ ਰਿਸ਼ਮੀ-ਨਿਰਣਾਯ ਯੰਤ੍ਰ

(Spectroscope) ਦੁਆਰਾ ਪੜਤਾਲਿਆ ਗਿਆ। ਓਦੋਂ ਸਿੱਧ ਹੋ ਗਿਆ ਕਿ ਇਹ ਰਿਸ਼ਮਾਂ ਰੌਸ਼ਨ ਗੈਸ ਵਿਚੋਂ ਆ ਰਹੀਆਂ ਹਨ, ਕਿਸੇ ਠੋਸ ਹੁਜਮ ਵਾਲੇ ਤਾਰੇ ਆਦਿ ਵਿਚੋਂ ਨਹੀਂ। ਪਰ ਹਰਸ਼ਲ ਦਾ ਇਹ ਪ੍ਰਪੱਕ ਨਿਸ਼ਚਾ ਰਿਹਾ ਕਿ ਇਹ ਧੂਮ੍ਰ-ਚਮੂ ਜੋ ਆਕਾਸ਼ਾਂ ਵਿਚ ਸਿੱਧ ਹੋਏ ਹਨ, ਇਹ ਸਾਰੇ ਦੇ ਸਾਰੇ ਰੌਸ਼ਨ ਗੈਸਾਂ ਦਾ ਸਮੁਦਾਇ ਨਹੀਂ। ਕੁਝ ਧੂਮ੍ਰ-ਚੰਮੂ ਅਜਿਹੇ ਵੀ ਹਨ, ਜੋ ਅਕਾਸ਼ਾਂ ਵਿਚ ਬੜੇ ਦੂਰ ਤਾਰਿਆਂ ਦਾ ਸਮੁਦਾਇ ਹਨ ਅਤੇ ਦੂਰ ਹੋਣ ਦੇ ਕਾਰਨ ਧੁੰਦਲੇ ਜਿਹੇ, ਧੂਮ੍ਰ-ਚਮੂ ਰੂਪ ਵਿਚ ਦਿਸ ਆਉਂਦੇ ਹਨ। ਇਕ ਵਾਰੀ ਹਰਸ਼ਲ ਨੇ ਕਿਹਾ:

"ਆਕਾਸ਼ਾਂ ਵਿਚ ਮੈਂ ਬੜੇ ਦੂਰ ਦੁਰਾਡੇ ਖੂੰਜਿਆਂ ਵਿਚ ਝਾਤ ਪਾਈ ਹੈ, ਇਤਨੇ ਦੂਰ ਦੂਰਾਡੇ, ਜਿਤਨਾ ਕਿ ਕੋਈ ਮਨੁੱਖੀ ਅੱਖ ਇਸ ਤੋਂ ਪਹਿਲਾਂ ਨਹੀਂ ਦੇਖ ਸਕੀ। ਮੈਂ ਅਜਿਹੇ ਤਾਰੇ ਆਪਣੀਆਂ ਅੱਖਾਂ ਨਾਲ ਦੇਖੇ ਹਨ, ਜਿਨ੍ਹਾਂ ਬਾਬਤ ਕਿ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਰੋਸ਼ਨੀ ਨੂੰ ਧਰਤੀ ਉੱਤੇ ਪੁੱਜਣ ਤਕ ਵੀਹ ਲੱਖ ਵਰ੍ਹਿਆਂ ਦਾ ਸਮਾਂ ਲੱਗਦਾ ਹੈ।

ਜਿਸ ਵੇਲੇ ਹਰਸ਼ਲ ਨੇ ਇਹ ਗੱਲ ਆਖੀ, ਓਦੋਂ ਧਰਤੀ ਉੱਤੇ ਕਿਸੇ ਇਕ ਤਾਰੇ ਦਾ ਭੀ ਸਹੀ ਫ਼ਾਸਲਾ ਅਜੇ ਤਕ ਪਤਾ ਨਹੀਂ ਸੀ ਲੱਗਾ, ਕਿਉਂ ਜੁ ਇਹ ਫ਼ਾਸਲੇ ਮਾਪਣ ਦਾ ਢੰਗ ਕਈ ਵਰ੍ਹੇ ਪਿੱਛੋਂ ਜਾ ਕੇ ਸਹੀ ਕੀਤਾ ਗਿਆ। ਹੁਣ ਜਦੋਂ ਕਿ ਇਹ ਫ਼ਾਸਲੇ ਮਾਪਣ ਦਾ ਢੰਗ ਸਹੀ ਹੋ ਗਿਆ ਹੈ ਤੇ ਤਾਰਿਆਂ ਅਤੇ ਗ੍ਰਹਿਆਂ ਦੇ ਫ਼ਾਸਲੇ ਮਾਪ ਲਏ ਗਏ ਹਨ ਤਾਂ ਸਿੱਧ ਹੋ ਗਿਆ ਹੈ ਕਿ ਜੋ ਕੁਝ ਹਰਸ਼ਲ ਨੇ ਕਿਹਾ ਸੀ, ਉਹ ਬਿਲਕੁਲ ਠੀਕ ਹੈ। ਇਹ ਵਿਚਾਰ ਕੇ ਹਰਸ਼ਲ ਦੀ ਅਨੁਭਵ ਸ਼ਕਤੀ 'ਤੇ ਅਚੰਭਾ ਹੋਈਦਾ ਹੈ।

ਹਰਸ਼ਲ ਨੂੰ ਅਜੋਕੇ ਸਮਿਆਂ ਦੇ ਜਿਯੋਤਿਸ਼ ਵਿਗਿਆਨ (Astronomy) ਦਾ ਪਿਤਾ ਕਹਿੰਦੇ ਹਨ ਅਤੇ ਜੋ ਰੂਪਕਾਰ ਹਰਸ਼ਲ ਨੇ ਆਕਾਸ਼ਾਂ ਵਿਚ ਨਿਰਮਤ ਹੋਏ ਹੋਏ ਦ੍ਰਿਸ਼ਟ ਵਿਸ਼ਵ ਦਾ ਉਲੀਕਿਆ ਤੇ ਸਹੀ ਕੀਤਾ, ਪਿਛੋਂ ਦੀ ਪੜਤਾਲ ਉਸ ਦੀ ਰੂਪ ਰੇਖਾ ਵਿਚ, ਕੋਈ ਬੁਨਿਆਦੀ ਤੇ ਵੱਡੀ ਤਬਦੀਲੀ ਨਹੀਂ ਕਰ ਸਕੀ। ਵਿਸ਼ਵ ਦੇ ਇਸ ਰੂਪਾਕਾਰ ਵਿਚ ਕਈ ਨਵੀਆਂ ਰੇਖਾਵਾਂ ਉੱਘੜ ਆਈਆਂ ਹਨ ਅਤੇ ਕਈ ਚਿੰਨ੍ਹ ਰੂਪ ਵਟਾ ਗਏ ਹਨ, ਪਰ ਬੁਨਿਆਦੀ ਰੂਪ ਰੇਖਾ ਉਸੇ ਪ੍ਰਕਾਰ ਕਾਇਮ ਹੈ, ਜਿਵੇਂ ਕਿ ਹਰਸ਼ਲ ਨੇ ਨਿਰਮਤ ਕੀਤੀ ਸੀ। ਹਰਸ਼ਲ ਦੀ ਸਮਾਧ ਉੱਤੇ ਲਾਤੀਨੀ ਬੋਲੀ ਵਿਚ ਇਹ ਸ਼ਿਲਾ-ਲੇਖ ਉਕਰਿਆ ਹੋਇਆ ਹੈ :

"Coelorum perrupit claustra"

(ਇਸ ਨੇ ਆਕਾਸ਼ਾਂ ਦੀਆਂ ਕੰਧਾਂ ਨੂੰ ਬੇਧਿਆ।)

ਹਰਸ਼ਲ ਦੀ ਕਬਰ ਉੱਤੇ ਇਹ ਸ਼ਿਲਾਲੇਖ ਬੜਾ ਠੀਕ ਅਤੇ ਢੁੱਕਵਾਂ ਹੈ।

ਸੰਨ 1835 ਈਸਵੀ ਵਿਚ ਪਹਿਲੀ ਵਾਰ ਇਕ ਤਾਰੇ ਦਾ ਫ਼ਾਸਲਾ ਧਰਤੀ

ਤੋਂ ਮਾਪਣ ਵਿਚ ਸਫ਼ਲਤਾ ਹੋਈ। ਇਸ ਮਾਪਣ ਦੇ ਢੰਗ ਦਾ ਸਿਧਾਂਤਕ ਨਿਯਮ ਕੋਈ ਬਹੁਤਾ ਗੁੰਝਲਦਾਰ ਨਹੀਂ ਤੇ ਸਾਦਾ ਜਿਹਾ ਹੈ। ਨਿਯਮ ਉਹੋ ਹੈ ਜੋ ਧਰਤੀ ਉੱਤੇ ਮਿਣਤੀ ਕਰਨ ਵਾਲੇ ਫ਼ਾਸਲੇ ਮਾਪਣ ਲਈ ਵਰਤਦੇ ਹਨ। ਜਿਸ ਕਿਸੇ ਵਸਤੂ ਜਾਂ ਸਥਾਨ ਦਾ ਫ਼ਾਸਲਾ ਧਰਤੀ ਉੱਤੇ ਨਿਸ਼ਚਿਤ ਕਰਨਾ ਹੋਵੇ, ਪਹਿਲਾਂ ਇਕ ਬੇਸਲਾਈਨ, ਜਿਸਦੀ ਲੰਬਾਈ ਕਿ ਨਿਸ਼ਚਿਤ ਹੋਵੇ, ਬਣਾ ਲਈਦੀ ਹੈ। ਇਸ ਬੇਸਲਾਈਨ (Baseline) ਦੇ ਦੋਹਾਂ ਸਿਰਿਆਂ ਤੋਂ ਉਸ ਵਸਤੂ ਯਾ ਸਥਾਨ ਨੂੰ ਵਾਰੋ-ਵਾਰੀ ਦੇਖੀਦਾ ਹੈ ਅਤੇ ਜੋ ਜ਼ਾਵੀਏ ਜਾਂ ਕੋਣਾਂ ਉਹਨਾਂ ਸਿਰਿਆਂ ਤੋਂ ਬਣਦੀਆਂ ਹੋਣ ਉਹ ਨਿਸ਼ਚਤ ਕੋਰ ਲਈਦੀਆਂ ਹਨ। ਇਉਂ ਬੇਸਲਾਈਨ ਦੇ ਦੋਹਾਂ ਸਿਰਿਆਂ ਅਤੇ ਉਸ ਵਸਤੂ ਜਾਂ ਸਥਾਨ ਨੂੰ ਨਿਸ਼ਚਿਤ ਕੀਤੇ ਹੋਏ ਜ਼ਾਵੀਆ ਦੇ ਆਧਾਰ ਉੱਤੇ, ਇਕ ਤ੍ਰਿਕੋਣ ਦੇ ਰੂਪ ਵਿਚ ਵਟਾ ਦਈਦਾ ਹੈ। ਇਸ ਤ੍ਰਿਕੋਣ ਦੇ ਦੋ ਜ਼ਾਵੀਏ ਤੇ ਇਕ ਬਾਹੀ ਦੀ ਲੰਬਾਈ ਜਦੋਂ ਇਉਂ ਪਤਾ ਲੱਗ ਜਾਵੇ ਤਾਂ ਤੀਜਾ ਜ਼ਾਵੀਆ ਅਤੇ ਉਸ ਵਸਤੂ ਜਾਂ ਸਥਾਨ ਦਾ ਫ਼ਾਸਲਾ, ਬੇਸਲਾਈਨ ਦੇ ਕਿਸੇ ਨੁਕਤੇ ਤੋਂ ਸਹਿਲ ਹੀ ਸਹੀ ਕੀਤਾ ਜਾ ਸਕਦਾ ਹੈ। ਪਰ ਤਾਰਿਆਂ ਦੇ ਫ਼ਾਸਲੇ ਮਾਪਣ ਲਈ ਇਹ ਢੰਗ ਵਰਤਣ ਵਿਚ ਇਕ ਵੱਡੀ ਔਕੜ ਇਹ ਪੇਸ਼ ਆਉਂਦੀ ਹੈ ਕਿ ਬੇਸਲਾਈਨ ਧਰਤੀ ਉਤੇ ਕਿਹੜੀ ਬਣਾਈਏ? ਆਕਾਸ਼ਾਂ ਵਿਚ ਤਾਰੇ ਅਤੇ ਗ੍ਰਹਿ ਇਤਨੇ ਦੁਰਾਡੇ ਹਨ ਕਿ ਧਰਤੀ ਉੱਤੇ ਕੋਈ ਬੇਸਲਾਈਨ ਸੁਖੇਨ ਬਣ ਨਹੀਂ ਸਕਦੀ ਜਿਸ ਨੂੰ ਕਿਸੇ ਤਾਰੇ ਨਾਲ ਤ੍ਰਿਕੋਣ ਬਨਾਉਣ ਲਈ ਇਕ ਬਾਹੀ, ਸਹਿਜੇ ਹੀ, ਮਿਥ ਸਕੀਏ। ਇਸ ਨਕਤੇ ਨੂੰ ਇਉਂ ਸਮਝੀਏ, ਜੇ ਸਾਰੀ ਧਰਤੀ ਨੂੰ ਇਕ ਨੁਕਰ ਤੋਂ ਲੈ ਕੇ ਦੂਜੀ ਨੁੱਕਰ ਤਕ ਬੇਸਲਾਈਨ ਮਿਥ ਲਈਏ ਤਾਂ ਇਸ ਦੀ ਲੰਬਾਈ ਅਠਾਰਾਂ ਕਰੋੜ, ਸੱਠ ਲੱਖ ਮੀਲ (18,60,00000 ਮੀਲ) ਬਣਦੀ ਹੈ। ਇਸ ਤੋਂ ਵੱਡੀ ਲਕੀਰ ਤਾਂ ਅਸਾਂ ਧਰਤੀ ਦੇ ਵਾਸੀਆਂ ਲਈ ਸੰਭਵ ਹੀ ਨਹੀਂ। ਜਿਹੜਾ ਸਾਇੰਸਦਾਨ ਆਕਾਸ਼ਾਂ ਵਿਚ ਤਾਰਿਆਂ ਦੀ ਸਰਵੇ ਅਥਵਾ ਸਰਵੇਖਣ ਕਰਨਾ ਲੋਚਦਾ ਹੈ, ਉਸ ਦੀ ਔਕੜ ਦਾ ਅਨੁਮਾਨ ਇਉਂ ਲੱਗ ਲਗਦਾ ਹੈ। ਇਸ ਅਠਾਰਾਂ ਕਰੋੜ ਸੱਠ ਲੱਖ ਲੰਬੀ ਬੇਸਲਾਈਨ ਨੂੰ ਜੇ ਕਾਗਜ਼ ਉੱਤੇ ਤ੍ਰਿਕੋਣ ਬਨਾਉਣ ਲਈ ਦੋ-ਇੰਚੀ ਵਾਹੀਏ ਤਾਂ ਸਭ ਤੋਂ ਨੇੜੇ ਤਾਰਾ ਜੋ ਧਰਤੀ ਤੋਂ ਹੈ, ਉਸ ਦਾ ਫ਼ਾਸਲਾ ਇਸ ਤ੍ਰਿਕੋਣ ਵਿੱਚ ਚਾਰ ਮੀਲ ਦਿਖਾਉਣਾ ਪਵੇਗਾ। ਇਉਂ ਵਿਚਾਰ ਕਰੀਏ ਕਿ ਅਸੀਂ ਇਕ ਅਜਿਹੇ ਨੁਕਤੇ ਦਾ ਫ਼ਾਸਲਾ ਮਾਪਣ ਲੱਗੇ ਹਾਂ, ਜਿਸ ਨੂੰ ਕਿ ਅਸੀਂ ਇਕ ਦੋ-ਇੰਚੀ ਲਾਈਨ ਦੇ ਦੋਂਹ ਸਿਰਿਆਂ ਤੋਂ ਹੀ ਤੱਕ ਸਕਦੇ ਹਾਂ ਅਤੇ ਜੋ ਅਸਾਤੋਂ ਚਾਰ ਮੀਲ ਦੀ ਵਿਥ ਉੱਤੇ ਹੈ। ਜਿਹੜੇ ਤਾਰੇ ਇਉਂ ਹਿਸਾਬ ਕੀਤਿਆਂ, ਦੋ ਸੌ, ਪੰਜ ਸੌ, ਦੋ ਹਜ਼ਾਰ ਜਾਂ ਵੀਹ ਹਜ਼ਾਰ ਮੀਲ ਦੀ ਵਿਥ ਉੱਤੇ ਹੋਣ, ਉਹਨਾਂ ਨੂੰ ਇਸ ਦੋ ਇੰਚੀ ਬੇਸਲਾਈਨ ਤੋਂ ਕਿਵੇਂ ਦੇਖੀਏ ਤੇ ਉਹਨਾਂ ਦੇ

ਫ਼ਾਸਲੇ ਕਿਵੇਂ ਮਾਪੀਏ ? ਇਹਨਾਂ ਮਹਾਨ ਔਕੜਾਂ ਦੇ ਹੁੰਦਿਆਂ ਵੀ ਆਕਾਸ਼ਾਂ ਵਿਚ ਤਾਰਿਆਂ ਤੇ ਫ਼ਾਸਲੇ ਮਾਪਣ ਵਿਚ ਬਹੁਤ ਹੱਦ ਤਕ ਸਫ਼ਲਤਾ ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਸਫ਼ਲਤਾ ਬੜੀਆਂ ਬਰੀਕ ਗਿਣਤੀਆਂ ਤੇ ਬੜੀਆਂ ਕਠਨ ਖੋਜ ਪੜਤਾਲਾਂ ਪਿੱਛੋਂ ਹੋਈ ਹੈ।

ਇਤਨੇ ਮਹਾਨ ਫ਼ਾਸਲੇ ਜਿਹੜੇ ਕਿ ਤਾਰਿਆਂ ਦੇ ਸਾਡੀ ਧਰਤੀ ਤੋਂ ਹਨ, ਉਹਨਾਂ ਨੂੰ ਮੀਲਾਂ ਵਿਚ ਕਿਵੇਂ ਗਿਣੀਏ ? ਗਣਿਤ ਅਨੰਤ ਨਹੀਂ। ਬੋਧਾਂ ਦੇ ਸੰਸਕ੍ਰਿਤ ਦੇ ਧਰਮ ਗ੍ਰੰਥ, 'ਲਲਿਤ ਵਿਸਤਾਰ' ਵਿਚ ਉਹ ਸਾਖੀ ਆਉਂਦੀ ਹੈ ਜਦੋਂ ਗੌਤਮ ਸਿੱਧਾਰਥ ਨੂੰ ਉਸ ਦਾ ਪਿਤਾ ਪੜ੍ਹਨੇ ਪਾਉਂਦਾ ਹੈ ਤੇ ਗੁਰੂ ਗੌਤਮ ਸਿੱਧਾਰਥ ਨੂੰ ਗਿਣਤੀ ਸਿਖਾਲਣ ਲਗਦਾ ਹੈ, "ਇਕ, ਦੋ, ਤਿੰਨ, ਚਾਰ, ਪੰਜ...."। ਗੌਤਮ ਸਿੱਧਾਰਥ ਅੱਗੋਂ ਬੇਨਤੀ ਕਰਦਾ ਹੈ, ਕਿ "ਗੁਰੂ ਮਹਾਰਾਜ, ਜੋ ਗੇਣਤੀ ਮੈਨੂੰ ਆਉਂਦੀ ਹੈ, ਪਹਿਲਾਂ ਉਹ ਸੁਣ ਲਵੋ, ਉਸ ਤੋਂ ਅੱਗੇ ਮੈਨੂੰ ਸਿਖਲਾਉਣਾ।" ਇਉਂ ਗੌਤਮ ਸਿੱਧਾਰਥ ਗਿਣਤੀ ਗਿਣਦਾ ਹੈ। ਇਕ, ਦੋ, ਦੱਸ, ਸੌ, ਹਜ਼ਾਰ, ਲੱਖ। ਸੌ ਲੱਖ ਦਾ ਇਕ ਕਰੋੜ। ਸੌ ਕਰੋੜ ਦਾ ਇਹ ਨਹੁਤ। ਸੌ ਨਹੁਤ ਦਾ ਇਕ ਨਨਹੁਤ। ਸੌ ਨਨਹੁਤ ਦਾ ਇਕ ਖੰਬ। ਸੌ ਖੰਬ ਦਾ ਇਕ ਵਿਸ਼ਖੰਬ। ਸੌ ਵਿਸ਼ਖੰਬ ਦਾ ਇਕ ਅਬਬ। ਸੌ ਅਬਬ ਦਾ ਇਕ ਅੱਤਤ। ਲੱਖ ਅੱਤਤ ਦਾ ਇਕ ਕਮੁਦ। ਲੱਖ ਕਮੁਦ ਦਾ ਇੱਕ ਗੰਧਿਕ। ਲੱਖ ਗੰਧਿਕਾ ਦਾ ਇਕ ਉਤਪਾਲ। ਕੋਟਿ ਉਤਪਾਲ ਦਾ ਇਕ ਪੁੰਡ੍ਰੀਕ। ਕੋਟਿ ਪੁੰਡ੍ਰੀਕ ਦਾ ਇਕ ਪਦਮ। ਜੇ ਹਿਮਾਚਲ ਪਰਬਤ ਨੂੰ ਪੀਹ ਸੁਟੀਏ ਤਾਂ ਉਨ੍ਹਾਂ ਦਾਣਿਆਂ ਦੀ ਗਿਣਤੀ ਪਦਮਾਂ ਵਿਚ ਹੋਵੇਗੀ। ਇਸ ਤੋਂ ਅੱਗੇ ਸੌ ਕਰੋੜ ਪਦਮ ਦਾ ਇਕ ਕਾਠ ਬਣਦਾ ਹੈ ਤੇ ਕਾਠਾਂ ਵਿਚ ਆਕਾਸ਼ ਦੇ ਤਾਰਿਆਂ ਦੀ ਗਿਣਤੀ ਕਰੀਦੀ ਹੈ। ਜੇ ਸਭ ਸੰਸਾਰ ਦੇ ਸਮੁੰਦਰਾਂ ਦੇ ਪਾਣੀ ਦੇ ਤੁਪਕੇ ਗਿਣਨੇ ਹੋਣ ਤਾਂ ਕੋਟੀਕਾਠਾਂ ਵਿਚ ਗਿਣੀਦੇ ਹਨ। ਜੇ ਆਕਾਸ਼ ਦਾ ਫੈਲਾਓ ਗਿਣਤੀ ਕਰਨਾ ਹੋਵੇ ਤਾਂ ਇੰਗ ਨਾਲ ਗਿਣੀਦਾ ਹੈ ਅਤੇ ਇਕ ਇੰਗ ਇਕ ਕਰੋੜ ਕਾਠਾਂ ਦਾ ਹੁੰਦਾ ਹੈ। ਇਕ ਕਰੋੜ ਇੰਗ ਦਾ ਸਰਵ-ਨਿਖੇਪ ਬਣਦਾ ਹੈ, ਜਿਸ ਨਾਲ ਕਿ ਗੰਗਾ ਨਦੀ ਦੇ ਰੇਤ ਦੇ ਕਿਣਕਿਆਂ ਦੀ ਗਿਣਤੀ ਕਰੀਦੀ ਹੈ। ਇਕ ਇੰਗ ਸਰਵ-ਨਿਖੇਪ ਦਾ ਅੰਤਹ-ਕਲਪ ਬਣਦਾ ਹੈ ਅਤੇ ਇਕ ਅੰਤਹ-ਕਲਪ ਦਸ ਕਰੋੜ ਗੰਗਾ ਦੀ ਰੇਤ ਦੇ ਕਿਣਕਿਆਂ ਦੇ ਬਰਾਬਰ ਹੈ। ਇਕ ਸਰਵ ਨਿਖੇਪ ਅੰਤਹ-ਕਲਪ ਦਾ ਇਕ ਅਸੰਖ ਬਣਦਾ ਹੈ, ਜਿਥੇ ਜਾ ਕੇ ਕਿ ਸੰਖਿਆ ਜਾਂ ਗਿਣਤੀ ਮੁਕ ਜਾਂਦੀ ਹੈ। ਇਕ ਅਸੰਖ ਦੀ ਗਿਣਤੀ ਦੀ ਇਕਾਈ ਇਉਂ ਬਣਦੀ ਹੈ। ਜਿਤਨੇ ਵੀ ਗ੍ਰਹਿ ਤੇ ਤਾਰੇ ਆਕਾਸ਼ਾਂ ਵਿਚ ਹਨ ਉਨ੍ਹਾਂ ਉੱਤੇ ਇਕ ਹਜ਼ਾਰ ਵਰ੍ਹਾ ਲਗਾਤਾਰ ਮੀਂਹ ਪੈਂਦਾ ਰਹੇ ਤਾਂ ਉਸ ਮੀਂਹ ਦੇ ਕਤਰਿਆਂ ਦੀ ਗਿਣਤੀ ਇਕ ਅਸੰਖ ਹੋਵੇਗੀ।

ਪ੍ਰਾਚੀਨ ਸਮਿਆਂ ਵਿਚ ਗਣਿਤ ਵਿਦਿਆ ਸਾਰੇ ਸੰਸਾਰ ਦੇ ਦੇਸਾਂ ਅਤੇ

ਜਾਤੀਆਂ ਨੇ ਭਾਰਤ ਵਰਸ਼ ਤੋਂ ਹੀ ਸਿੱਖੀ ਸੀ ਅਤੇ ਅੱਜ ਕੱਲ੍ਹ ਵੀ ਜੋ ਗਿਣਤੀਆਂ ਦੇ ਰਿਵਾਜ ਸੰਸਾਰ ਵਿਚ ਪ੍ਰਚਲਤ ਹਨ, ਉਨ੍ਹਾਂ ਦੀ ਮੂਲਾਧਾਰ ਪ੍ਰਾਚੀਨ ਭਾਰਤ ਵਿਚ ਨਿਰਮਤ ਹੋਈ ਤੇ ਹੁਣ ਤਕ ਪ੍ਰਚੱਲਤ, ਇਹ ਉਪ੍ਰੋਕਤ ਗਿਣਤੀ ਹੀ ਹੈ। ਇਸ ਗਿਣਤੀ ਦੇ ਆਧਾਰ ਉੱਤੇ, ਮੀਲਾਂ ਨੂੰ ਇਕਾਈ ਮਿੱਥ ਕੇ ਜੇ ਆਕਾਸ਼ਾਂ ਵਿਚ ਤਾਰਿਆਂ ਦੇ ਫ਼ਾਸਲੇ ਮਿਣਨ ਲਗੀਏ ਤਾਂ ਫ਼ਾਸਲਿਆਂ ਦੇ ਇਹ ਹਿੰਦਸੇ ਇਤਨੇ ਵੱਡੇ ਬਣ ਜਾਣਗੇ ਕਿ ਉਹਨਾਂ ਦਾ ਕੋਈ ਸਪੱਸ਼ਟ ਭਾਵ ਇਨਸਾਨੀ ਜ਼ਿਹਨ ਵਿਚ ਨਹੀਂ ਬਝ ਸਕੇਗਾ। ਇਉਂ ਵਿਚਾਰ ਕੇ, ਆਧੁਨਿਕ ਜਿਯੋਤਿਸ਼ ਵਿਗਿਆਨ ਦੇ ਸਾਇੰਸਦਾਨਾਂ ਨੇ ਆਕਾਸ਼ਾਂ ਵਿਚੇ ਸਿਤਾਰਿਆਂ ਦੇ ਫ਼ਾਸਲੇ ਮਾਪਣ ਲਈ ਇਕ ਇਕਾਈ ਨੀਅਤ ਕੀਤੀ ਹੈ, ਜਿਸ ਨੂੰ ਕਿ ਰਿਸ਼ਮੀ ਵਰਸ਼ (Light Year) ਕਹਿੰਦੇ ਹਨ। ਇਹ ਰਿਸ਼ਮੀ ਵਰਸ਼ ਕੀ ਹੈ? ਰਿਸ਼ਮੀ ਵਰਸ਼ ਉਹ ਫ਼ਾਸਲਾ ਹੈ, ਜੋ ਕਿ ਸੂਰਜ ਦੀ ਇਕ ਰਿਸ਼ਮ, ਜੇ ਉਹ ਇਕ ਵਰ੍ਹਾ ਚਲਦੀ ਰਹੇ ਤਾਂ ਟੱਪ ਜਾਵੇਗੀ। ਸੂਰਜ ਦੀ ਰਿਸ਼ਮ ਇਕ ਸਕਿੰਟ ਵਿਚ ਇਕ ਲੱਖ ਛਿਆਸੀ ਹਜ਼ਾਰ (1,86,000) ਮੀਲ ਦਾ ਫ਼ਾਸਲਾ ਟੱਪ ਜਾਂਦੀ ਹੈ। ਇਸ ਰਫ਼ਤਾਰ ਨਾਲ ਜੋ ਫ਼ਾਸਲਾ ਉਹ ਇਕ ਵਰ੍ਹੇ ਵਿਚ ਟੱਪ ਜਾਵੇਗੀ, ਉਹ ਫ਼ਾਸਲਾ ਇਕ ਰਿਸ਼ਮੀ-ਵਰਸ਼ ਫ਼ਾਸਲਾ ਕਹਾਉਂਦਾ ਹੈ। ਇਉਂ ਜਿਹੜਾ ਤਾਰਾ ਧਰਤੀ ਤੋਂ ਸਭ ਨਾਲੋਂ ਨੇੜੇ ਦਾ ਤਾਰਾ ਹੈ, ਉਹ ਚਾਰ ਰਿਸ਼ਮੀ-ਵਰਸ਼ ਵਿਥ ਉੱਤੇ ਹੈ। ਇਹ ਫ਼ਾਸਲਾ ਲਗਭਗ 25,000,00,000,0000, ਮੀਲ ਸਾਡੀ ਧਰਤੀ ਤੋਂ ਦੁਰਾਡੇ ਹੈ। ਇਹ ਰਿਸ਼ਮੀ-ਵਰਸ਼ਾਂ ਵਿਚ ਆਕਾਸ਼ਾਂ ਦੇ ਫ਼ਾਸਲੇ ਮਾਪਣ ਦਾ ਇਕ ਰਹੱਸਯ ਹੋਰ ਵੀ ਹੈ। ਇਹ ਸਭ ਨਾਲੋਂ ਨੇੜੇ ਦਾ ਤਾਰਾ, ਜਿਹੜਾ ਕਿ ਅਸਾਥੋਂ ਚਾਰ ਰਿਸ਼ਮੀ-ਵਰਸ਼ ਦੁਰਾਡਾ ਹੈ, ਇਹ ਹੁਣ ਅਸਾਨੂੰ ਉਸ ਨੁਕਤੇ ਉੱਤੇ ਗਗਨਾਂ ਵਿਚ ਦਿਸ ਰਿਹਾ ਹੈ, ਜਿਸ ਨੁਕਤੇ ਉੱਤੇ ਕਿ ਹੁਣ ਤੋਂ ਚਾਰ ਵਰ੍ਹੇ ਪਹਿਲਾਂ ਸੀ, ਕਿਉਂ ਜੁ ਇਸ ਦੀ ਰਿਸ਼ਮ ਨੂੰ ਸਾਡੀਆਂ ਅੱਖਾਂ ਤਕ ਪਹੁੰਚਦਿਆਂ-ਪਹੁੰਚਦਿਆਂ ਚਾਰ ਵਰ੍ਹੇ ਲੱਗ ਗਏ ਹਨ ਅਤੇ ਇਸ ਸਮੇਂ ਵਿਚ ਸੰਭਵ ਹੈ, ਜੋ ਇਹ ਤਾਰਾ ਉਸ ਨੁਕਤੇ ਤੋਂ ਕੁਝ ਪਰੇ ਖਿਸਕ ਗਿਆ ਹੋਵੇ। ਸਾਰੇ ਤਾਰੇ ਅਤੇ ਗ੍ਰਹਿ ਆਦਿ ਭ੍ਰਮਣ ਤੇ ਪ੍ਰਕ੍ਰਮਕ ਗਤੀ ਵਿਚ ਤਾਂ ਸਦਾ ਰਹਿੰਦੇ ਹੀ ਹਨ।

ਇਉਂ ਸਿੱਧੀ ਸਰਵੇ ਕਰਕੇ ਆਕਾਸ਼ਾਂ ਵਿਚ ਤਾਰਿਆਂ ਦੇ ਫ਼ਾਸਲੇ ਮਾਪ ਲੈਣ ਦਾ ਢੰਗ ਵੀ ਕਿਸੇ ਹਦ ਤਕ ਹੀ ਸਫ਼ਲ ਹੁੰਦਾ ਹੈ। ਪੰਜ ਸੌ ਰਿਸ਼ਮੀ ਵਰਸ਼ਾਂ ਤੋਂ ਵਧੀਕ ਫ਼ਾਸਲੇ ਜੇ ਸਿੱਧੀ ਸਰਵੇ ਦੇ ਢੰਗ ਨਾਲ ਮਾਪਣ ਦਾ ਜਤਨ ਕਰੀਏ ਤਾਂ ਭੁਲੇਖਾ ਇਤਨਾ ਵੱਧ ਜਾਂਦਾ ਹੈ ਕਿ ਇਉਂ ਪ੍ਰਾਪਤ ਕੀਤੇ ਹੋਏ ਸਿੱਟਿਆਂ ਨੂੰ ਭਰੋਸੇ ਯੋਗ ਨਹੀਂ ਕਿਹਾ ਜਾ ਸਕਦਾ। ਪੰਜ ਸੌ ਰਿਸ਼ਮੀ ਵਰ੍ਹਿਆਂ ਤੋਂ ਲੰਮੇ ਫ਼ਾਸਲੇ ਮਾਪਣ ਲਈ ਕੋਈ ਹੋਰ ਢੰਗ ਹੋਣਾ, ਲੋੜੀਏ ਜਿਸ ਦੀ ਗਿਣਤੀ ਮਿਣਤੀ ਇਉਂ ਸਿੱਧੇ ਢੰਗ ਨਾਲ ਨਾ ਹੋਵੇ, ਸਾਇੰਸਦਾਨਾਂ ਨੇ ਅਜਿਹਾ ਢੰਗ ਵੀ ਲੱਭ ਲਿਆ ਹੈ। ਪਿਛਲੀ

ਅੱਧੀ ਸਦੀ, ਸਰਵ ਵਿਸ਼ਵ ਦੇ ਆਕਾਰ ਦੀ ਜੋ ਰੂਪ ਰੇਖਾ ਨਿਸ਼ਚਿਤ ਕੀਤੀ ਗਈ ਹੈ, ਉਹ ਇਸ ਨਵੇਂ ਢੰਗ ਨੂੰ ਵਰਤਣ ਨਾਲ ਹੀ ਕੀਤੀ ਗਈ ਹੈ। ਇਸ ਢੰਗ ਦਾ ਆਧਾਰ ਇਸ ਗਿਆਨ ਉੱਤੇ ਨਿਰਭਰ ਹੈ ਜੋ ਅਸਮਾਨਾਂ ਵਿਚ ਤਾਰਿਆਂ ਦੀਆਂ ਵੱਖ-ਵੱਖਰੀਆਂ ਸ਼੍ਰੇਣੀਆਂ ਹਨ ਅਤੇ ਹਰ ਇਕ ਸ਼੍ਰੇਣੀ ਦੇ ਤਾਰਿਆਂ ਦਾ ਪ੍ਰਕਾਸ਼, ਕਦੇ ਇਕ ਸਾਰ ਨਹੀਂ ਰਹਿੰਦਾ, ਸਗੋਂ ਨਿਯਮ-ਬੱਧ ਘਟਦਾ ਵਧਦਾ ਰਹਿੰਦਾ ਹੈ। ਅਨੇਕਾਂ ਤਾਰਿਆਂ ਦੀ ਲੰਮੀ ਦੇਖ-ਭਾਲ ਤੋਂ ਇਹ ਸਿੱਧ ਹੋ ਗਿਆ ਹੈ ਕਿ ਉਹਨਾਂ ਦੇ ਪ੍ਰਕਾਸ਼ ਦੀ ਕਲਾ ਇਉਂ ਘਟਦੀ ਤੇ ਵਧਦੀ ਹੈ ਜਿਵੇਂ ਕਿ ਮਨੁੱਖ ਦੇ ਸਰੀਰ ਵਿਚ ਦਿਲ ਧੜਕਦਾ ਹੈ, ਇਹ ਤਾਰਿਆਂ ਦੇ ਪ੍ਰਕਾਸ਼ ਦੀ ਕਲਾ ਦੀ ਧੜਕਨ, ਉਤਾਰ, ਚੜ੍ਹਾ, ਵੱਖ-ਵੱਖਰੇ ਤਾਰਿਆਂ ਦੀਆਂ ਸ਼੍ਰੇਣੀਆਂ ਦੇ, ਵੱਖ-ਵੱਖਰੇ ਹਨ। ਕਈ ਸ਼੍ਰੇਣੀਆਂ ਵਿਚ ਤਾਂ ਇਹ ਧੜਕਨ ਕੁਛ ਘੰਟਿਆਂ ਦਾ ਸਮਾਂ ਹੀ ਲੈਂਦੀ ਹੈ ਤੇ ਕਈਆਂ ਵਿਚ ਤੀਹ ਦਿਨ ਵੀ ਲੈ ਲੈਂਦੀ ਹੈ। ਇਹ ਵੀ ਸਹੀ ਕਰ ਲਿਆ ਗਿਆ ਕਿ ਕਿਸੇ ਤਾਰੇ ਦੇ ਇਸ ਧੜਕਨ-ਕਾਲ ਦਾ ਨਿਯਮ-ਬੱਧ ਸੰਬੰਧ ਉਸ ਤਾਰੇ ਦੀ ਪ੍ਰਕਾਸ਼ ਸੱਤਾ ਨਾਲ ਹੈ। ਇਉਂ ਜੇ ਕਿਸੇ ਤਾਰੇ ਦਾ ਧੜਕਣ-ਕਾਲ ਨਿਸ਼ਚਿਤ ਕਰ ਲਈਏ ਤਾਂ ਉਸ ਦੀ ਪ੍ਰਕਾਸ਼ ਸੱਤਾ, ਜਿਸ ਦਾ ਪੈਮਾਨਾ ਇਕ ਮੋਮਬਤੀ ਪ੍ਰਕਾਸ਼ (Candle Power) ਨੂੰ ਇਕਾਈ ਮੰਨ ਕੇ ਗਿਣਦੇ ਹਨ, ਸਹਿਜੇ ਹੀ ਪਤਾ ਲਗ ਸਕਦਾ ਹੈ। ਆਕਾਸ਼ਾਂ ਵਿਚ ਕਿਸੇ ਵੀ ਤਾਰੇ ਦਾ ਧੜਕਨ-ਕਾਲ ਤਾਂ ਬਿਨਾਂ ਕਿਸੇ ਕਠਨਤਾ ਦੇ ਹੀ ਨਿਸ਼ਚੇ ਕੀਤਾ ਜਾ ਸਕਦਾ ਹੈ, ਜਿਵੇਂ ਕਿ ਘੜੀ ਹੱਥ ਵਿਚ ਫੜ ਕੇ ਨਬਜ਼ ਦੀ ਧੜਕਨ ਸਹਿਜੇ ਹੀ ਗਿਣ ਲਈਦੀ ਹੈ। ਫੇਰ ਧਕੜਨ-ਕਲਾ ਦੀ ਸਹਾਇਤਾ ਨਾਲ ਉਸ ਤਾਰੇ ਦੀ ਪ੍ਰਕਾਸ਼-ਸੱਤਾ ਨਿਸ਼ਚਿਤ ਹੋ ਸਕਦੀ ਹੈ। ਇਹ ਵਾਸਤਵਕ ਜਾਂ ਅਸਲੀ ਪ੍ਰਕਾਸ਼ ਸੱਤਾ ਉਸ ਤਾਰੇ ਦੀ ਹੈ। ਹੁਣ ਨੰਗੀ ਅੱਖ ਨਾਲ, ਬਿਨਾਂ ਦੂਰਬੀਨਾਂ ਆਦਿਕ ਦੀ ਸਹਾਇਤਾ ਦੇ, ਦੇਖੀਦਾ ਹੈ ਕਿ ਉਹ ਤਾਰਾ ਦੇਖਣ ਨੂੰ ਕਿਸ ਪ੍ਰਕਾਸ਼-ਸੱਤਾ ਦਾ ਦਿਸ ਆਉਂਦਾ ਹੈ। ਇਸ ਨੂੰ ਪ੍ਰਗਟ ਪ੍ਰਕਾਸ਼ ਸੱਤਾ ਕਹਿ ਲਓ। ਸਪੱਸ਼ਟ ਹੈ ਜੁ ਕਿਸੇ ਪ੍ਰਕਾਸ਼ਮਯ ਵਸਤੂ ਨੂੰ ਜਿਤਨਾ ਦੂਰੋਂ ਦੇਖੀਏ, ਉਤਨਾ ਹੀ ਉਸ ਦਾ ਪ੍ਰਕਾਸ਼ ਘਟ ਦਿਸਦਾ ਹੈ। ਇਕ ਪੰਜਾਹ ਮੋਮਬਤੀ ਪ੍ਰਕਾਸ਼ ਦੇ ਬਿਜਲੀ ਦੇ ਲੈਂਪ ਨੂੰ ਜੇ ਮੀਲ ਤੋਂ ਦੇਖੀ ਤਾਂ ਉਹ ਮਸਾਂ ਦੱਸ ਕੁ ਮੋਮਬਤੀ ਦਾ ਪ੍ਰਕਾਸ਼ ਨੰਗੀ ਅੱਖ ਨੂੰ ਦਿਸ ਆਉਂਦਾ ਹੈ। ਜਿਉਂ-ਜਿਉਂ ਨੇੜੇ ਹੋ ਕੇ ਦੇਖੀਏ ਤਾਂ ਇਹ ਮੋਮਬਤੀ ਪ੍ਰਕਾਸ਼ ਵੱਧਦਾ ਜਾਂਦਾ ਹੈ ਅਤੇ ਜਿਉਂ-ਜਿਉਂ ਦੂਰੋਂ ਦੇਖੀਏ ਤਾਂ ਇਹ ਮੋਮਬਤੀ ਪ੍ਰਕਾਸ਼ ਘੱਟਦਾ ਜਾਂਦਾ ਹੈ। ਬੱਸ ਏਹੋ ਗੁਰ ਹੈ ਜਿਸ ਨਾਲ ਉਨ੍ਹਾਂ ਤਾਰਿਆਂ ਦੇ ਫ਼ਾਸਲੇ, ਜਿਹੜੇ ਕਿ ਪੰਜ ਸੌ ਰਿਸ਼ਮੀ ਵਰਸ਼ਾਂ ਤੋਂ ਦੂਰ ਫ਼ਾਸਲੇ ਉੱਤੇ ਹੋਣ, ਮਾਪੇ ਜਾ ਸਕਦੇ ਹਨ। ਕਿਸੇ ਤਾਰੇ ਦੀ ਵਾਸਤਵਿਕ ਪ੍ਰਕਾਸ਼-ਸੱਤਾ ਤਾਂ ਉਸ ਦੇ ਧੜਕਨ-ਕਾਲ ਨੂੰ ਸਹੀ ਕਰਕੇ ਨਿਸ਼ਚਿਤ ਕਰ ਲਈਦੀ ਹੈ। ਫੇਰ ਉਸ ਦੀ ਪ੍ਰਗਟ ਪ੍ਰਕਾਸ਼-ਸੱਤਾ ਦੇਖ ਲਈਦੀ ਹੈ। ਜਿਸ

ਨਿਯਮ ਅਨੁਸਾਰ, ਫ਼ਾਸਲਾ ਵੱਧਣ ਨਾਲ ਪ੍ਰਗਟ ਪ੍ਰਕਾਸ਼-ਸੱਤਾ, ਵਾਸਤਵਿਕ ਪ੍ਰਕਾਸ਼-ਸੱਤਾ ਦੇ ਮੁਕਾਬਲੇ 'ਤੇ ਘਟਦੀ ਜਾਂਦੀ ਹੈ, ਉਹ ਨਿਯਮ ਸਾਇੰਸਦਾਨਾਂ ਨੇ ਸਹੀ ਕਰ ਲਿਆ ਹੈ। ਇਸ ਨਿਯਮ ਅਨੁਸਾਰ ਕਿਸੇ ਤਾਰੇ ਦਾ ਫ਼ਾਸਲਾ ਵੀ, ਭਾਵੇਂ ਉਹ ਗਗਨਾਂ ਵਿਚ ਪੰਜ ਸੌ ਰਿਸ਼ਮੀ-ਵਰਸ਼ਾਂ ਤੋਂ ਦੂਰ ਹੀ ਕਿਉਂ ਨਾ ਹੋਵੇ, ਸੁਖੈਨਤਾ ਅਤੇ ਭਰੋਸੇਯੋਗ ਸਪੱਸ਼ਟਤਾ ਨਾਲ ਕੱਢਿਆ ਜਾ ਸਕਦਾ ਹੈ। ਆਕਾਸ਼ਾਂ ਦੇ ਸਾਰੇ ਤਾਰੇ ਇਸ ਅਚੂਤਯ ਤੇ ਅਹਿੱਲ ਨਿਯਮ ਵਿੱਚ ਬੱਧੇ ਹੋਏ ਹਨ। ਜੇ ਕਿਸੇ ਤਾਰੇ ਦਾ ਧੜਕਨ ਕਾਲ ਦੋਂਹ ਦਿਨਾਂ ਦਾ ਹੋਵੇ ਤਾਂ ਉਸ ਦੀ ਪ੍ਰਕਾਸ਼-ਸੱਤਾ ਜਾਂ ਇਉਂ ਕਹੋ ਕਿ ਉਸ ਦਾ ਮੋਮਬੱਤੀ ਪ੍ਰਕਾਸ਼, ਸੂਰਜ ਨਾਲੋਂ ਦੋ ਸੌ ਸੱਠ ਗੁਣਾ ਹੋਵੇਗਾ। ਜੇ ਇਹ ਧੜਕਨ-ਕਾਲ ਤੀਹਾਂ ਦਿਨਾਂ ਦਾ ਹੋਵੇ ਤਾਂ ਉਸ ਤਾਰੇ ਦਾ ਮੋਮਬੱਤੀ ਪ੍ਰਕਾਸ਼ ਸੂਰਜ ਨਾਲੋਂ ਛਿਆਨਵੇਂ ਸੌ ਗੁਣਾ ਹੋਵੇਗਾ। ਅਜਿਹੇ ਤਾਰੇ ਜਿਹੜੇ ਸੂਰਜ ਨਾਲੋਂ ਕਈ ਗੁਣਾ ਵੱਧ ਪ੍ਰਕਾਸ਼ਮਯ ਹਨ, ਬੜੀ ਭਾਰੀ ਗਿਣਤੀ ਵਿਚ ਆਕਾਸ਼ਾਂ ਵਿੱਚ ਮੌਜੂਦ ਹਨ। ਇਹੋ ਕਾਰਣ ਹੈ ਕਿ ਉਹ ਸਾਨੂੰ ਧਰਤੀ ਉੱਤੇ ਦਿਸ ਆਉਂਦੇ ਹਨ, ਭਾਵੇਂ ਉਨ੍ਹਾਂ ਦੇ ਫ਼ਾਸਲੇ ਧਰਤੀ ਉਤੋਂ ਕਈ ਕਈ ਲੱਖ ਰਿਸ਼ਮੀ-ਵਰਸ਼ ਹਨ। ਇਤਨੇ ਮਹਾਨ ਫ਼ਾਸਲਿਆਂ ਉੱਤੇ ਅਸਾਡੇ ਸੂਰਜ ਵਰਗੇ ਤਾਰੇ ਤਾਂ ਆਕਾਸ਼ਾਂ ਦੇ ਅੰਧ ਘੋਰ ਵਿੱਚ ਅਲੋਪ ਹੀ ਹੋ ਜਾਣ ਤੇ ਉਨ੍ਹਾਂ ਦਾ ਪ੍ਰਕਾਸ਼ ਵੱਡੀ ਤੋਂ ਵੱਡੀ ਦੂਰਬੀਨ ਦੀ ਸਹਾਇਤਾ ਨਾਲ ਵੀ ਟਟਹਿਣੇ ਵਾਂਗਰ ਨਾ ਦਿਸ ਆਵੇ। ਅਜਿਹੇ ਤਾਰਿਆਂ ਦੀ ਹੋਂਦ ਹੀ, ਜਿਨ੍ਹਾਂ ਦਾ ਕਿ ਵਾਸਤਵਿਕ ਪ੍ਰਕਾਸ਼ ਅਸਾਡੇ ਸੂਰਜ ਨਾਲੋਂ ਕਈ ਕਰੋੜਾਂ ਗੁਣਾ ਵਧੀਕ ਹੈ, ਅਸਾਨੂੰ ਆਕਾਸ਼ਾਂ ਦਾ ਆਕਾਰ ਤੇ ਰੂਪ ਨਿਸ਼ਚੇ ਕਰਨ ਵਿਚ ਸਹਾਈ ਹੁੰਦੀ ਹੈ, ਨਹੀਂ ਤਾਂ ਨਿਰੇ ਅੰਧ-ਘੋਰ ਵਿੱਚ ਜਿਸ ਦੇਸ਼ ਵਿਚ ਕਿ ਕੁਝ ਦਿਸ ਹੀ ਨਹੀਂ ਆਉਂਦਾ, ਉਸ ਬਾਬਤ ਕੋਈ ਅਨੁਮਾਨ ਲਾਉਣਾ ਵੀ ਕਠਨ ਹੋ ਜਾਣਾ ਸੀ।

ਪਿਛਲੇ ਕੁਝ ਸਾਲਾਂ ਵਿਚ ਹੋਰ ਢੰਗ ਵੀ ਆਕਾਸ਼ਾਂ ਵਿਚ ਵਜੂਦਾਂ ਦੀ ਹੋਂਦ ਸਹੀ ਕਰਨ ਦਾ ਲੱਭ ਪਿਆ ਹੈ, ਜਿਸ ਨਾਲ ਕਿ ਅਜਿਹੇ ਤਾਰੇ ਜਾਂ ਵਜੂਦ ਵੀ ਸਹੀ ਕੀਤੇ ਜਾ ਸਕਦੇ ਹਨ ਜੋ ਆਕਾਸ਼ਾਂ ਵਿਚ ਇਤਨੇ ਦੂਰ ਹਨ ਕਿ ਉਹਨਾਂ ਦੀਆਂ ਰਿਸ਼ਮਾਂ ਉਨ੍ਹਾਂ ਵਜੂਦਾਂ ਦੀ ਪ੍ਰਕਾਸ਼-ਸੱਤਾ ਦੀ ਨਿਊਨਤਾ ਦੇ ਕਾਰਨ ਅਸਾਡੇ ਤਕ ਪੁੱਜ ਹੀ ਨਹੀਂ ਸਕਦੀਆਂ ਅਤੇ ਨਾ ਹੀ ਦੂਰਬੀਨ ਦੀ ਸਹਾਇਤਾ ਨਾਲ ਅਤੇ ਨਾ ਹੀ ਨੰਗੀ ਅੱਖ ਨਾਲ ਉਨ੍ਹਾਂ ਦਾ ਵਜੂਦ ਸਹੀ ਕੀਤਾ ਜਾ ਸਕਦਾ ਹੈ। ਇਹ ਢੰਗ ਰਿਸ਼ਮੀ ਯੰਤ੍ਰ (Radar) ਹੈ। ਇਸ ਯੰਤ੍ਰ ਦੁਆਰਾ ਅਕਾਸ਼-ਤੱਤ (Ether) ਵਿੱਚ ਲਹਿਰਾਂ ਪੈਦਾ ਕਰ ਦਈਦੀਆਂ ਹਨ ਅਤੇ ਉਹ ਅੱਗਿਓਂ ਕਿਸੇ ਠੋਸ ਵਜੂਦ ਨਾਲ ਟਕਰਾ ਕੇ ਮੁੜ ਆਉਂਦੀਆਂ ਹਨ ਤੇ ਇਹ ਰਿਸ਼ਮੀ-ਯੰਤ੍ਰ ਉਨ੍ਹਾਂ ਲਹਿਰਾਂ ਦਾ ਮੁੜ ਆਉਣਾ ਵੀ ਸਹੀ ਕਰ ਲੈਂਦਾ ਹੈ। ਇਉਂ ਪਤਾ ਲਾ ਲਈਦਾ ਹੈ

ਕਿ ਉਹ ਠੋਸ ਵਜੂਦ ਜਿਸ ਨਾਲ ਪਹਿਲੇ ਭੇਜੀਆਂ ਲਹਿਰਾਂ ਟੱਕਰਾ ਕੇ ਮੁੜੀਆਂ ਹਨ, ਆਕਾਸ਼ਾਂ ਵਿਚ ਕਿਸੇ ਪਾਸੇ ਅਤੇ ਕਿਤਨੇ ਕੁ ਫ਼ਾਸਲੇ ਉੱਤੇ ਹੈ। ਇਉਂ ਆਕਾਸ਼ਾਂ ਵਿਚ ਕਈ ਅਜਿਹੇ ਠੋਸ ਵਜੂਦਾਂ ਦੀ ਹੋਂਦ ਤੇ ਸਥਾਨ ਦਾ ਪਤਾ ਲੱਗ ਗਿਆ ਹੈ ਜਿਹੜੇ ਜਾਂ ਤਾਂ ਉੱਕਾ ਪ੍ਰਕਾਸ਼-ਹੀਨ ਹਨ ਜਾਂ ਅਤੀ ਨਿਯੂਨ ਪ੍ਰਕਾਸ਼-ਮਯ ਹਨ। ਇਸ ਰਿਸ਼ਮੀ ਯੰਤ੍ਰ ਦੁਆਰਾ ਹੀ ਅਸਮਾਨਾਂ ਵਿਚ ਉੱਡਦੇ, ਪਰ ਦਿਸ ਨਾ ਆਉਂਦੇ ਹਵਾਈ ਜਹਾਜ਼ਾਂ ਦੀ ਹੋਂਦ ਅਤੇ ਸਥਾਨ ਦਾ ਪਤਾ ਲਗਾ ਲਈਦਾ ਹੈ।

ਇਹ ਢੰਗ ਹਨ ਜੋ ਅੱਜ ਕੱਲ੍ਹ ਦੇ ਸਾਇੰਸਦਾਨ ਆਕਾਸ਼ਾਂ ਅਤੇ ਸਰਵ ਵਿਸ਼ਵ ਦੇ ਰੂਪਕਾਰ ਨੂੰ ਸਹੀ ਅਤੇ ਨਿਸ਼ਚਿਤ ਕਰਨ ਲਈ ਵਰਤਦੇ ਅਤੇ ਵਰਤ ਰਹੇ ਹਨ। ਇਉਂ ਜੋ ਸਰਵ ਵਿਸ਼ਵ ਦਾ ਰੂਪਕਾਰ ਨਿਸ਼ਚਿਤ ਹੋਇਆ ਹੈ, ਉਹ ਹਰਸ਼ਲ ਦੇ ਅਨਮਾਨੇ ਹੋਏ ਰੂਪਕਾਰ ਨਾਲੋਂ ਕੋਈ ਬਹੁਤਾ ਭਿੰਨ ਨਹੀਂ। ਹਰਸ਼ਲ ਦਾ ਇਹ ਅਨੁਮਾਨ ਕਿ ਸਰਵ-ਵਿਸ਼ਵ ਦਾ ਆਕਾਰ ਤੇ ਰੂਪ ਤੇ ਚੱਕੀ ਉਪਰਲੇ ਪੜ੍ਹਏ ਜਾਂ ਜੇਬੀ ਘੜੀ ਵਾਂਗਰ ਹੈ, ਸਹੀ ਅਤੇ ਠੀਕ ਸਿੱਧ ਹੋ ਗਿਆ ਹੈ। ਪਰ ਹੁਣ ਇਸ ਸਰਵ ਵਿਸ਼ਵ ਦੀ ਰੂਪ ਰੇਖ ਹਰਸ਼ਲ ਦੇ ਅਨੁਮਾਨਾਂ ਨਾਲੋਂ ਕਿਤੇ ਵਧੇਰੇ ਵਿਸਥਾਰ ਪਰੂਵਕ ਉੱਘੜ ਆਈ ਹੈ।

ਹਰਸ਼ਲ ਦਾ ਵਿਸ਼ਵਾਸ ਸੀ ਕਿ ਆਸਾਡਾ ਸੂਰਜ ਇਸ ਸਰਵ ਵਿਸ਼ਵ ਦੇ ਕੇਂਦਰ ਦੇ ਨੇੜੇ ਤੇੜੇ ਹੈ। ਹੁਣ ਸਿੱਧ ਹੋ ਗਿਆ ਹੈ ਕਿ ਹਰਸ਼ਲ ਦਾ ਇਹ ਖ਼ਿਆਲ ਗ਼ਲਤ ਸੀ। ਅਸਾਡਾ ਸੂਰਜ ਇਸ ਸਰਵ ਵਿਸ਼ਵ ਦੇ ਕੇਂਦਰ ਕੋਲੋਂ ਕਿਤੇ ਪਰ੍ਹੇ ਹਟਕੇ, ਦੂਰ-ਦੁਰਾਡੇ ਹੈ। ਜਿਵੇਂ ਕਿ ਉੱਤੇ ਦੱਸਿਆ ਜਾ ਚੁੱਕਾ ਹੈ, ਪ੍ਰਕਾਸ਼ਮਯ ਤਾਰਿਆਂ ਤੋਂ ਇਲਾਵਾ, ਪ੍ਰਕਾਸ਼ ਰਹਿਤ ਜਾਂ ਪ੍ਰਕਾਸ਼ ਨਿਯੂਨ ਤਾਰੇ ਵੀ ਆਕਾਸ਼ਾਂ ਵਿਚ ਹਨ। ਤਾਰਿਆ ਤੋਂ ਬਿਨਾਂ ਧੂਮ੍ਰ ਚਮੂੰ ਵੀ ਆਕਾਸ਼ਾਂ ਵਿਚ ਹਨ, ਜੋ ਕਿ ਠੋਸ ਵਜੂਦ ਨਹੀਂ, ਵਾਯੂ ਰੂਪ ਹਨ, ਪਰ ਪ੍ਰਕਾਸ਼ਮਯ ਹਨ। ਇਹ ਧੂਮ੍ਰ-ਚਮੂੰ ਸ੍ਵੈਮ ਪ੍ਰਕਾਸ਼ਮਯ ਨਹੀਂ ਹਨ। ਇਹ ਕੇਵਲ ਪ੍ਰਕਾਸ਼ਮਾਨ ਦਿੱਸ ਆਉਂਦੇ ਹਨ, ਕਿਉਂ ਜੋ ਇਹਨਾਂ ਧੂਮ੍ਰ ਚਮੂੰਆਂ ਵਿਚ ਸ੍ਵੈਮ ਪ੍ਰਕਾਸ਼ਮਯ ਤਾਰੇ ਮਾਨੋਂ ਜੜੇ ਹੋਏ ਹਨ। ਉਹਨਾਂ ਤਾਰਿਆਂ ਦੇ ਪ੍ਰਕਾਸ਼ ਨਾਲ ਇਹ ਧੂਮ੍ਰ ਚੂਮ ਆਕਾਸ਼ਾਂ ਵਿਚ ਪ੍ਰਕਾਸ਼ਮਯ ਦਿਸ ਆਉਂਦੇ ਹਨ।

ਇਹ ਪ੍ਰਕਾਸ਼ਮਯ ਧੂਮ੍ਰ-ਚਮੂੰ ਜੋ ਇਉਂ ਦਿਸ ਆਉਂਦੇ ਹਨ, ਇਹਨਾਂ ਦੇ ਵਿਚਕਾਰ ਜਾਂ ਆਲੇ ਦੁਆਲੇ ਕਈ ਥਾਂ ਬਿਲਕੁਲ ਅੰਧ ਘੋਰ ਪਏ ਦਿਸਦੇ ਹਨ, ਅਸੰਖਾਂ ਯੋਜਨਾਂ ਦੀ ਲੰਬਾਣ ਚੌੜਾਨ ਵਿਚ। ਇਹ ਅੰਧ ਘੋਰ ਆਕਾਸ਼ ਕੀ ਹਨ? ਬੜੀ ਮਹੀਨ ਤੇ ਬਰੀਕ ਪ੍ਰਕ੍ਰਿਤੀ ਦੇ ਪ੍ਰਮਾਣੂ, ਸੂਰਜ ਦੀਆਂ ਰਿਸ਼ਮਾਂ ਨਾਲੋਂ ਵੀ ਮਹੀਨ ਮਿੱਟੀ ਦੇ ਜ਼ੱਰਿਆਂ ਦੇ ਬਦਲ ਦਰ ਅਸਲ ਇਹ ਅੰਧ ਘੋਰ ਦਿੱਸ ਆਉਂਦੇ ਆਕਾਸ਼ ਹਨ। ਇਹ ਅੰਧ ਘੋਰ ਧੂਮ੍ਰ ਚਮੂੰ ਅਤੇ ਪ੍ਰਕਾਸ਼ਮਯ ਦਿੱਸ ਆਉਂਦੇ ਧੂਮ੍ਰ-

ਚਮੂ, ਭਾਵੇਂ ਇਕ ਦੂਜੇ ਨਾਲੋਂ ਵੱਖਰੇ, ਬਿਲਕੁਲ ਵੱਖਰੇ ਵੀ ਕਈ ਥਾਵੀਂ ਹਨ, ਪਰ ਬਹੁਤ ਕਰਕੇ, ਇਹ ਦੋਨੋਂ ਪ੍ਰਕਾਸ਼ ਦੇ ਧੂਮ੍ਰ ਚੰਮੂ ਪਿੰਡ ਇਕ ਦੂਜੇ ਵਿਚ ਗਿਡਮਿੱਡ ਹੋਏ-ਹੋਏ ਹੀ ਦੇਖੇ ਜਾਂਦੇ ਹਨ। ਦੋਧੀ ਗ੍ਰਹਿ ਪੱਥ ਇਹਨਾਂ ਧੂਮ੍ਰ ਚਮੂਆਂ ਦੀ ਹੋਂਦ ਦੀ ਸਭ ਤੋਂ ਵਧੀਆ ਉਦਾਹਰਣ ਹੈ। ਗ੍ਰਹਿ ਪੱਥ ਵਿਚ ਜਿਥੇ-ਜਿਥੇ ਦੋਧੀ ਚਾਨਣ ਦਿਸ ਆਉਂਦਾ ਹੈ ਉਹ ਤਾਂ ਗੈਸਾਂ ਦਾ ਸਮੁਦਾਇ ਹੈ, ਜੋ ਇਹਨਾਂ ਗੈਸ ਦੇ ਧੂਮ੍ਰ ਚਮੂਆਂ ਵਿਚ ਜੜੇ ਹੋਏ ਤਾਰਿਆਂ ਦੇ ਪ੍ਰਕਾਸ਼ ਨਾਲ ਪ੍ਰਕਾਸ਼ਮਯ ਹਨ। ਇਹ ਪ੍ਰਕ੍ਰਿਤਿਕ ਮਿੱਟੀ ਦੇ ਬਰੀਕ ਪ੍ਰਮਾਣੂਆਂ ਦੇ ਅੰਧ ਘੋਰ ਬਦਲ ਹਨ, ਜਿਨ੍ਹਾਂ ਨੇ ਕਿ ਆਕਾਸ਼ਾਂ ਵਿਚ ਆਪਣੇ ਪਿੱਛੇ ਪ੍ਰਕਾਸ਼-ਮਯ ਤਾਰੇ ਲੁਕਾ ਛੱਡੇ ਹਨ। ਇਹੋ ਕਾਰਨ ਇਹ ਖ਼ਲਾਅ ਦਿਸ ਆਉਣ ਦਾ ਹੈ। ਇਉਂ ਸਾਰੇ ਆਕਾਸ਼, ਠੋਸ ਤਾਰਿਆਂ, ਗੈਸੀ ਧੂਮ੍ਰ ਚਮੂਆਂ ਤੇ ਮਿੱਟੀ ਦੇ ਪ੍ਰਮਾਣੂਆਂ ਦੇ ਅੰਧ ਘੋਰ ਧੂਮ੍ਰ ਚਮੂੰਆਂ ਨਾਲ ਭਰੇ ਪਏ ਹਨ। ਨਿਰਾ ਸ਼ੁੱਧ ਖ਼ਲਾਅ ਵਾਸਤਵ ਵਿਚ ਕਿਤੇ ਹੈ ਨਹੀਂ। ਗੁਰਬਾਣੀ ਵਿਚ ਜਦ ਆਉਂਦਾ ਹੈ, "ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ", ਤਾਂ ਇਹ ਐਵੇਂ ਕਾਵਿ ਸੰਕੇਤ ਨਹੀਂ, ਸਰਗੁਣ ਬ੍ਰਹਮ ਜਾਂ ਸਰਵ-ਵਿਸ਼ਵ ਦੇ ਰੂਪ ਦਾ ਇੰਨ-ਬਿੰਨ ਵਰਨਣ ਹੀ ਗੁਰੂਆਂ ਨੇ ਕੀਤਾ ਹੈ, ਬਿਨਾਂ ਕਾਵਿ ਸੰਕੇਤ ਤੇ ਸ਼ਾਇਰਾਨਾ ਮੁਬਾਲਗੇ ਦੇ। ਅਸੰਖਾਂ ਤਾਰੇ ਅਤੇ ਕਈ ਗ੍ਰਹਿ ਜੋ ਅਕਾਸ਼ਾਂ ਵਿਚ ਹਨ, ਇਹਨਾਂ ਦੀ ਸਦੀਵ ਭ੍ਰਮਣ ਗਤੀ ਤਾਂ ਹੈ ਹੀ ਤੇ ਇਉਂ ਇਹਨਾਂ ਵਿਚ ਆਕ੍ਰਖਸ਼ਨ ਸ਼ਕਤੀ ਯਾ ਕਸ਼ਸ਼ ਹੈ, ਜੋ ਕਿ ਸਭ ਠੋਸ ਮਾਦੇ ਦਾ ਧਰਮ ਹੈ। ਇਹ ਤਾਰੇ ਤੇ ਗ੍ਰਹਿ, ਸਦਾ ਇਹਨਾਂ ਗੈਸੀ ਅਤੇ ਪ੍ਰਮਾਣੂਆਂ ਦੇ ਧੂਮ੍ਰ ਚਮੂਆਂ ਨੂੰ ਆਪਣੀ ਕਸ਼ਸ਼ ਨਾਲ ਆਪਣੇ ਆਲੇ ਦੁਆਲੇ ਸਮੇਟਦੇ ਰਹਿੰਦੇ ਹਨ, ਜਾਂ ਇਉਂ ਕਹੋ ਕਿ ਇਹ ਤਾਰੇ ਅਤੇ ਗ੍ਰਹਿ ਆਕਾਸ਼ਾਂ ਦੀ ਧੂੜ ਨੂੰ ਸੁੰਬਰਦੇ ਰਹਿੰਦੇ ਹਨ ਅਤੇ ਸੁੰਬਰ ਰਹੇ ਹਨ, ਸ੍ਰਿਸ਼ਟ ਦੇ ਆਦ ਤੋਂ। ਪਰ ਇਹ ਸੁੰਬਰਨ ਵਾਲੇ ਥੋੜ੍ਹੇ ਹਨ ਤੇ ਸੁੰਬਰੀਨ ਵਾਲਾ ਵਿਹੜਾ ਬਹੁਤ ਵੱਡਾ ਹੈ ਤੇ ਮਿੱਟੀ ਧੂੰਆਂ ਸੁੰਬਰੀਨ ਵਾਲਾ ਬਹੁਤ ਹੈ, ਇਸ ਲਈ ਅਜੇ ਤਕ ਇਹ ਸੁੰਬਰਨ ਦਾ ਕੰਮ ਐਵੇਂ ਨਾਮ ਮਾਤ੍ਰ ਵੀ ਨਹੀਂ ਨਿਬੜਿਆ। ਕਿਆਸ ਇਉਂ ਲਾਇਆ ਗਿਆ ਹੈ ਕਿ ਜਿਤਨੇ ਧੂੰਏਂ ਤੇ ਮਿੱਟੀ ਦੇ ਸਿਮਟ ਕੇ ਗ੍ਰਹਿ ਅਤੇ ਤਾਰੇ ਬਣ ਚੁੱਕੇ ਹਨ, ਅਜੇ ਉਤਨਾ ਹੀ ਮਿੱਟੀ ਤੇ ਧੂੰਆਂ ਆਕਾਸ਼ਾਂ ਵਿਚ ਧਮ੍ਰ ਚਮੂਆਂ ਅਤੇ ਪ੍ਰਮਾਣੂ ਬਦਲਾਂ ਦੇ ਰੂਪ ਵਿੱਚ ਖਿੰਡਿਆ ਪਿਆ ਹੈ।

ਉੱਤੇ ਦੱਸਿਆ ਜਾ ਚੁੱਕਾ ਹੈ ਕਿ ਕਿਵੇਂ ਆਕਾਸ਼ਾਂ ਵਿਚ ਫ਼ਾਸਲੇ ਅਤੇ ਸਰਵ ਵਿਸ਼ਵ ਦਾ ਲੰਬਾ ਚੁੜਾ ਮਿਣੀਦਾ ਹੈ। ਇਉਂ ਸਰਵ ਵਿਸ਼ਵ ਦੇ ਆਕਾਰ ਬਾਰੇ ਲਗਭਗ ਨਿਸ਼ਚਿਤ ਅਨੁਮਾਨ ਸਾਇੰਸਦਾਨਾਂ ਨੇ ਲਾ ਲਏ ਹਨ। ਇਹ ਸਰਵ ਵਿਸ਼ਵ ਜੋ ਕਿ ਚੱਕੀ ਦੇ ਪੜੁਏ ਦੇ ਰੂਪ ਦਾ ਸਹੀ ਹੋਇਆ ਹੈ, ਇਸ ਦੀ ਕੇਂਦਰ ਲੀਕ (Diameter) ਕੋਈ ਇਕ ਲੱਖ (100,000) ਰਿਸ਼ਮੀ-ਵਰਸ਼ ਹੈ। ਇਸ

ਸਰਵ ਵਿਸ਼ਵ ਦਾ ਕੇਂਦਰ, ਅਸਾਡੇ ਸੂਰਜ ਕੋਲੋਂ ਕੋਈ ਤੀਹ ਹਜ਼ਾਰ ਰਿਸ਼ਮੀ-ਵਰਸ਼ ਦੂਰ ਹੈ। ਅਸਾਡਾ ਸੂਰਜ ਇਕ ਮਹਾਨ ਤਾਰਕਾ ਮੰਡਲ ਦਾ ਕੇਂਦਰ ਹੈ, ਜੋ ਕਿ ਸਰਵ ਵਿਸ਼ਵ ਦੇ ਪੜੂਏ ਦੇ ਦੱਖਣੀ ਜਾਂ ਹੇਠਲੇ ਅੱਧ ਵਿਚ ਇਸਥਿੱਤ ਹੈ। ਆਕਾਸ਼ਾਂ ਵਿਚ ਤਾਰਿਆਂ ਦੀ ਤੋਰ ਤੋਂ ਅੰਦਾਜ਼ਾ ਲਾਇਆ ਗਿਆ ਹੈ ਕਿ ਇਹ ਸਰਵ ਵਿਸ਼ਵ ਹੌਲੀ-ਹੌਲੀ ਆਪਣੇ ਧੁਰਵੇ ਉੱਤੇ ਚੱਕੀ ਦੇ ਪੜੂਏ ਵਾਂਗਰ ਹੀ ਘੁੰਮ ਰਿਹਾ ਹੈ। ਪਰ ਇਹ ਸਰਵ ਵਿਸ਼ਵ ਦਾ ਪੜੂਆ, ਜਿਵੇਂ ਕਿ ਉਤੇ ਬਿਆਨਿਆਂ ਜਾ ਚੁਕਾ ਹੈ, ਠੋਸ ਨਹੀਂ। ਇਸ ਵਿਚ ਢਿਲਮ ਢਿੱਲੇ ਗੈਸੀ ਧੂਮ੍ਰ ਚੰਮੂ ਅਤੇ ਮਿੱਟੀ ਦੇ ਪ੍ਰਮਾਣੂਆਂ ਦੇ ਧੂਮ੍ਰ ਚੰਮੂ ਹਨ। ਜਦੋਂ ਠੋਸ ਚੱਕੀ ਦਾ ਪੜੂਆ ਘੁੰਮਦਾ ਹੈ ਤਾਂ ਪੜੂਏ ਦਾ ਜਿਹੜਾ ਨੁਕਤਾ ਚੱਕੀ ਦੀ ਕੀਲੀ ਤੋਂ ਜਿਤਨਾ ਦੂਰ ਹੋਵੇ, ਉਹ ਉਤਨੀ ਹੀ ਵੱਧ ਤੇਜ਼ ਰਫ਼ਤਾਰ ਨਾਲ ਘੁੰਮਦਾ ਹੈ। ਪੜੂਏ ਦੇ ਬਾਹਰਲੇ ਕੰਢੇ ਗੱਲਾ ਪਾਉਣ ਵਾਲੀ ਮੋਰੀ ਦੇ ਕੰਢਿਆਂ 'ਚੋਂ ਕਿਤੇ ਵੱਧ ਤੇਜ਼ੀ ਨਾਲ ਘੁੰਮਦੇ ਹਨ। ਪਰ ਸਰਵ ਵਿਸ਼ਵ ਦੀ ਚੱਕਰ-ਗਤੀ ਵਿਚ ਦਸ਼ਾ ਇਸ ਦੇ ਬਿਲਕੁਲ ਉਲਟ ਹੈ। ਸਰਵ ਵਿਸ਼ਵ ਦਾ ਕੇਂਦਰ ਬਾਕੀ ਸਾਰੇ ਭਾਗਾਂ ਨਾਲੋਂ ਵੱਧ ਤੇਜ਼ ਰਫ਼ਤਾਰ ਨਾਲ ਘੁੰਮਦਾ ਹੈ ਅਤੇ ਬਾਹਰਲੇ ਭਾਗ ਕੇਂਦਰ ਨਾਲੋਂ ਬਹੁਤ ਹੌਲੀ-ਹੌਲੀ ਅਤੇ ਘਟ ਰਫ਼ਤਾਰ ਨਾਲ ਘੁੰਮਦੇ ਹਨ। ਇਹ ਨੁਕਤਾ ਇਉਂ ਵਧੇਰੇ ਸਪੱਸ਼ਟ ਅਰਥਾਇਆ ਜਾ ਸਕਦਾ ਹੈ ਜੇ ਅਸੀਂ ਆਪਣੇ ਵਿਸ਼ਵ ਦੀ ਆਪਣੇ ਸੂਰਜ ਦੁਆਲੇ ਗ੍ਰਹਿਆਂ ਦੀਆਂ ਭੁਆਟੀਆਂ ਨੂੰ ਵੇਖੀਏ। ਬੁੱਧ ਗ੍ਰਹਿ ਸਾਰੇ ਗ੍ਰਹਿਆਂ ਨਾਲੋਂ ਨੇੜੇ ਹੈ। ਇਹ ਤੀਹ ਮੀਲ ਫੀ ਸਕਿੰਟ ਦੀ ਰਫ਼ਤਾਰ ਨਾਲ ਸੂਰਜ ਦੇ ਦੁਆਲੇ ਘੁੰਮ ਰਿਹਾ ਹੈ। ਅਸਾਡੀ ਧਰਤੀ ਜੋ ਬੁੱਧ ਨਾਲੋਂ ਸੂਰਜ ਕੋਲੋਂ ਦੁਰੇਡੇ ਹੈ, ਇਹ ਅਠਾਰਾਂ ਮੀਲ ਫੀ ਸਕਿੰਟ ਦੀ ਰਫ਼ਤਾਰ ਨਾਲ ਸੂਰਜ ਦੇ ਦੁਆਲੇ ਘੁੰਮ ਰਹੀ ਹੈ। ਨੈਪਚੂਨ ਨਾਮੀ ਗ੍ਰਹਿ ਜੋ ਕਿ ਇਨ੍ਹਾਂ ਗ੍ਰਹਿਆਂ ਨਾਲੋਂ ਸੂਰਜ ਕੋਲੋਂ ਕਿਤੇ ਦੂਰ ਹੈ। ਉਹ ਤਿੰਨ ਮੀਲ ਫ਼ੀ ਸਕਿੰਟ ਦੀ ਰਫ਼ਤਾਰ ਨਾਲ ਸੂਰਜ ਦੇ ਇਰਦ-ਗਿਰਦ ਘੁੰਮ ਰਿਹਾ ਹੈ।

ਆਕਾਸ਼ਾਂ ਵਿਚ ਤਾਰਿਆਂ ਦੇ ਭ੍ਰਮਣ ਦੀ ਗੌਹ ਨਾਲ ਕੀਤੀ ਹੋਈ ਗਿਣਤੀ ਤੋਂ ਸਹੀ ਹੁੰਦਾ ਹੈ ਕਿ ਇਸ ਸਰਵ ਵਿਸ਼ਵ ਦੇ ਕੇਂਦਰ ਵੱਲ ਤਾਰਿਆਂ ਦਾ ਭ੍ਰਮਣ ਸਭ ਤੋਂ ਵੱਧ ਤੀਖਸ਼ਨ ਗਤੀ ਵਿੱਚ ਹੈ ਅਤੇ ਕੇਂਦਰ ਤੋਂ ਪਰੇ ਵਲ ਦਾ ਭ੍ਰਮਣ ਸਭ ਤੋਂ ਵੱਧ ਧੀਮੀ ਗਤੀ ਵਿੱਚ ਹੈ। ਇਹ ਗਿਣਤੀ ਅਕੱਟ ਸਬੂਤ ਇਸ ਗੱਲ ਦਾ ਹੈ ਕਿ ਸਰਵ ਵਿਸ਼ਵ ਆਪਣੇ ਮਹਿਵਰ ਉੱਤੇ ਘੁੰਮ ਰਿਹਾ ਹੈ, ਪਰ ਤਾਰਿਆਂ ਦੀ ਭ੍ਰਮਣ ਗਤੀ ਦੀ ਇਸ ਗਿਣਤੀ ਵਿਚੋਂ ਇਕ ਹੋਰ ਗਿਆਨ ਵੀ ਪ੍ਰਾਪਤ ਹੁੰਦਾ ਹੈ। ਇਹ ਸਰਵ ਵਿਸ਼ਵ ਜੋ ਆਪਣੇ ਮਹਿਵਰ ਉੱਤੇ ਘੁੰਮ ਰਿਹਾ ਹੈ, ਇਸ ਭ੍ਰਮਣ ਦਾ ਸਿੱਧਾ ਨਿਰਭਰ, ਇਸ ਸਰਵ ਵਿਸ਼ਵ ਵਿਚ ਸਾਰੀ ਪ੍ਰਕ੍ਰਿਤੀ ਦਾ ਜਿਤਨਾ ਭਾਰ (Mass) ਹੈ, ਉਸ ਉੱਤੇ ਹੈ। ਇਉਂ ਸਰਵ ਵਿਸ਼ਵ ਦੇ ਸਮੁੱਚੇ ਭਾਰ ਦਾ ਅੰਦਾਜ਼ਾ

ਸਾਇੰਸਦਾਨਾਂ ਨੇ ਲਗਾਇਆ ਹੈ। ਇਸ ਸਰਵ-ਵਿਸ਼ਵ ਦਾ ਭਾਰ, ਅਸਾਡੇ ਸੂਰਜ ਦੇ ਭਾਰ ਨਾਲੋਂ ਲਗਭਗ ਸੋਲ੍ਹਾਂ ਲੱਖ ਗੁਣਾਂ ਹੈ। ਇਸ ਵਿਚ ਆਕਾਸ਼ਾਂ ਦੇ ਸਾਰੇ ਤਾਰਿਆਂ, ਸਾਰੇ ਧੂਮ੍ਰ ਚੱਮ੍ਹਆਂ ਅਤੇ ਪ੍ਰਮਾਣੂ ਚੱਮ੍ਹਆਂ ਦਾ ਭਾਰ ਸ਼ਾਮਲ ਹੈ। ਆਕਾਸ਼ਾਂ ਵਿਚ ਤਾਰਿਆਂ ਦੀ ਸਹੀ ਗਿਣਤੀ ਤਾਂ ਨਹੀਂ ਹੋ ਸਕਦੀ, ਪਰ ਲਗਭਗ ਦਸ ਹਜ਼ਾਰ ਕਰੋੜ (10,000,000,000,00) ਤਾਰੇ ਗਗਨਾਂ ਵਿਚ ਹਨ। ਅਸਾਡਾ ਸੂਰਜ ਇਸ ਸਰਵ-ਵਿਸ਼ਵ ਦੇ ਕੇਂਦਰ ਦੇ ਦੁਆਲੇ ਇਕ ਪ੍ਰਕਰਮਾਂ ਕੋਈ ਦੋ ਹਜ਼ਾਰ ਦੋ ਸੌ ਪੰਜਾਹ ਲੱਖ (2250,000000) ਸਾਲ ਵਿਚ ਕਰਦਾ ਹੈ। ਅਸਾਡੇ ਸੂਰਜ ਦੇ ਨੇੜੇ-ਤੇੜੇ ਦੇ ਤਾਰੇ, ਅਟਾ ਸਟਾ, ਇਕ ਸੌ ਸੱਤਰ ਮੀਲ ਫ਼ੀ ਸਕਿੰਟ ਦੀ ਰਫ਼ਤਾਰ ਨਾਲ ਭ੍ਰਮਣ ਕਰ ਰਹੇ ਹਨ ਅਤੇ ਕਰ ਰਹੇ ਹਨ ਸਰਵ-ਵਿਸ਼ਵ ਉਤੇ ਹਾਵੀ ਧਰਮ-ਡੰਡ ਦੇ ਭੈਅ ਵਿੱਚ। ਗੁਰੂ ਨਾਨਕ ਨੇ ਜੋ ਕਿਹਾ ਹੈ : "ਭੈ ਵਿਚਿ ਸੂਰਜੁ, ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨਾ ਅੰਤੁ।" ਇਸ ਵਿੱਚ ਕੋਈ ਮੁਬਾਲਗਾ ਮੂਲੋਂ ਨਹੀਂ ਹੈ।[1]

ਦੋਧੀ ਗ੍ਰਹਿ ਪੱਥ ਦਾ ਜੇ ਫੋਟੋ ਲਾਹੀਏ, ਤਾਂ ਇਉਂ ਦਿਸਦਾ ਹੈ, ਜਿਵੇਂ ਕਿ ਤਾਰੇ ਇਕ ਦੂਜੇ ਦੇ ਬਹੁਤ ਨੇੜੇ-ਨੇੜੇ ਹਨ ਅਤੇ ਸੰਭਾਵਨਾ ਇਉਂ ਹੁੰਦੀ ਹੈ ਕਿ ਇਹ ਤਾਰੇ ਆਪੋ ਵਿੱਚੀ ਕਈ ਵਾਰ ਟਕਰਾਉਂਦੇ ਹੋਣਗੇ, ਪਰ ਇਹ ਐਵੇਂ ਭੁਲੇਖਾ ਹੈ। ਆਕਾਸ਼ਾਂ ਵਿੱਚ ਤੇ ਦੋਧੀ ਗ੍ਰਹਿ ਪੱਥ ਵਿੱਚ ਤਾਰੇ ਇਕ ਦੂਜੇ ਕੋਲੋਂ ਇਤਨੇ ਦੂਰ-ਦੂਰ ਹਨ ਕਿ ਕੋਈ ਤਾਰਾ ਇਕ ਦੂਜੇ ਦਾ ਗਵਾਂਢੀ ਨਹੀਂ ਅਤੇ ਆਕਾਸ਼ਾਂ ਵਿਚ ਸੁੰਨਮਸਾਨ ਹੈ। ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਅਸਾਡੀ ਧਰਤੀ ਤੋਂ ਸਭ ਨਾਲੋਂ ਨੇੜੇ ਦਾ ਤਾਰਾ ਅਸਾਥੋਂ ਲਗਭਗ 25,000,00,000,0000 ਮੀਲ ਦੀ ਵਿੱਥ ਉੱਤੇ ਹੈ। ਸਰਵ ਵਿਸ਼ਵ ਵਿੱਚ ਤਾਰਿਆਂ ਦੇ ਇਕ-ਦੂਜੇ ਨਾਲੋਂ ਫ਼ਾਸਲਿਆਂ ਦਾ ਲਗਭਗ ਇਹ ਹੀ ਹਾਲ ਸਮਝੋ। ਜੇਮਜ਼ ਜੀਨਜ਼ (James Jeans), ਜੋ ਕਿ ਜਿਓਤਿਸ਼ ਸਾਇੰਸ ਦਾ ਮਹਾਨ ਵਿਦਵਾਨ ਹੈ, ਨੇ ਹਿਸਾਬ ਕੀਤਾ ਹੈ ਕਿ ਸਰਵ ਵਿਸ਼ਵ ਵਿੱਚ ਕਿਸੇ ਇਕ ਤਾਰੇ ਦਾ ਆਪਣੇ ਗਵਾਂਢੀ ਤਾਰੇ ਨਾਲ ਟਕਰਾ ਜਾਣ ਦੀ ਸੰਭਾਵਨਾ ਕਿਸੇ ਸੱਠ ਹਜ਼ਾਰ ਕਰੋੜ (60,000,0000000) ਵਰ੍ਹਿਆਂ ਵਿੱਚ, ਇਕ ਵਾਰ ਜਾ ਕੇ ਹੋ ਸਕਦੀ ਹੈ। ਤਾਰੇ ਦੀ ਧੂਮ੍ਰ ਚੰਮ੍ਹ ਦੀ ਦਸ਼ਾ ਤੋਂ ਠੋਸ ਗਤੀ ਵਿੱਚ ਆ ਕੇ, ਮੁੜ ਪ੍ਰਲੈ ਹੋਣ ਤਕ ਜੋ ਆਯੂ ਨੀਯਤ ਕੀਤੀ ਗਈ ਹੈ, ਉਹ ਏਨੀ ਨਹੀਂ ਬਣਦੀ। ਇਉਂ ਦੋਹਾਂ ਤਾਰਿਆਂ ਦਾ ਆਪੋ ਵਿੱਚੀ ਟੱਕਰ ਜਾਣਾ ਮਾਨੋਂ ਅਸੰਭਵ ਹੀ ਸਮਝਣਾ ਚਾਹੀਦਾ ਹੈ।

---

1. भयादस्याग्निस्तपति भयातपति सूर्यः
भयादिन्द्रश्च वायुश्च मृत्यच विति पंचम्॥ —ਕਠੋਪਨਿਸ਼ਿਦ ॥2,33॥

ਇਹ ਰੂਪਾਕਾਰ ਅਸਾਡੇ ਸਰਵ ਵਿਸ਼ਵ ਦਾ ਹੈ, ਜਿਸ ਦੇ ਇਕ ਖੂੰਜੇ ਵਿਚ ਅਸਾਡਾ ਸੂਰਜ ਅਤੇ ਉਸ ਦੁਆਲੇ ਘੁੰਮ ਰਹੇ ਗ੍ਰਹਿ ਅਤੇ ਅਸਾਡੀ ਧਰਤੀ ਸਥਿਤ ਹਨ ਅਤੇ ਜੋ ਇਸ ਸਰਵ-ਵਿਸ਼ਵ ਦਾ ਐਵੇਂ ਇਕ ਛੋਟਾ ਜਿਹਾ ਭਾਗ ਹਨ। ਇਸ ਸਰਵ ਵਿਸ਼ਵ ਦੀਆਂ ਬਾਹਰਲੀਆਂ ਸੀਮਾਵਾਂ ਤੋਂ ਪਰੇ ਜੋ ਦੇਸ਼ ਹੈ, ਉਸ ਵਿੱਚ ਕੀ ਹੈ ਅਤੇ ਕੀ ਸਾਇੰਸਦਾਨਾਂ ਨੇ ਉਸ ਦੇਸ਼ ਵਿੱਚ ਵੀ ਆਪਣੇ ਅਦਭੁੱਤ ਯੰਤ੍ਰਾਂ ਦੀ ਸਹਾਇਤਾ ਨਾਲ ਗ਼ਾਤ ਪਾਉਣ ਦਾ ਯਤਨ ਕੀਤਾ ਹੈ ? ਜੇ ਕੀਤਾ ਹੈ ਤਾਂ ਉਥੇ ਕੀ ਲੱਭਾ ਹੈ ? ਉਹ ਦੇਸ਼ ਅਤੇ ਉਹ ਆਕਾਸ਼ ਜੋ ਅਸਾਡੇ ਸਰਵ ਵਿਸ਼ਵ ਦੀ ਸੀਮਾ ਤੋਂ ਪਰ੍ਹੇ ਹਨ, ਬਾਹਰਵਾਰ ਉਹਨਾਂ ਦਾ ਰੂਪਾਕਾਰ ਕੀ ਹੈ ?

ਅਸਾਡਾ ਸਰਵ-ਵਿਸ਼ਵ ਅਤੇ ਹੋਰ ਜੋ ਕੁਛ ਅਸਾਡੇ ਸਰਵ-ਵਿਸ਼ਵ ਦੇ ਬਾਹਰਵਾਰ ਦੇ ਅਨੰਤ ਦੇਸ਼ਾਂ ਅਤੇ ਆਕਾਸ਼ਾਂ ਵਿੱਚ ਹੈ, ਉਹ ਅਮਿਤ-ਵਿਸ਼ਵ ਹੈ। ਉਸ ਅਮਿਤ-ਵਿਸ਼ਵ ਬਾਰੇ ਜੋ ਕੁਝ ਜਿਯੋਤਿਸ਼ ਵਿਗਿਆਨ ਦੇ ਸਾਇੰਸਦਾਨਾਂ ਨੇ ਹੁਣ ਤਕ ਸਹੀ ਕੀਤਾ ਹੈ, ਉਸ ਦੀ ਰੂਪ ਰੇਖਾ ਇਉਂ ਹੈ।

ਜੇ ਅਸੀਂ ਆਪਣੇ ਸਰਵ-ਵਿਸ਼ਵ ਦੇ ਕੇਂਦਰ ਵਿਚੋਂ ਕਿਸੇ ਪਾਸੇ ਨੂੰ ਸੂਰਜ ਦੀ ਰਿਸ਼ਮ ਦੇ ਵੇਗ ਨਾਲ ਉਡਣਾ ਆਰੰਭੀਏ, ਇਕ ਲੱਖ ਛਿਆਸੀ ਹਜ਼ਾਰ ਮੀਲ, ਇਕ ਸਕਿੰਟ ਦੀ ਰਫ਼ਤਾਰ ਨਾਲ, ਅਤੇ ਕਈ ਹਜ਼ਾਰ ਵਰ੍ਹੇ ਇਉਂ ਉਡਦੇ ਰਹੀਏ, ਕੋਈ ਵੀਹ ਪੰਝੀ ਹਜ਼ਾਰ ਵਰ੍ਹੇ, ਤਾਂ ਅਸੀਂ ਅਜਿਹੇ ਅਕਾਸ਼ਾਂ ਵਿਚ ਪਹੁੰਚ ਜਾਵਾਂਗੇ, ਜਿੱਥੇ ਕਿ ਤਾਰੇ ਅਤੇ ਧੂਮ੍ਰ ਚੰਮੂ ਕੁਝ ਵਿਰਲੇ ਅਤੇ ਸਰਵ ਵਿਸ਼ਵ ਦੇ ਕੇਂਦਰੀ ਭਾਗਾਂ ਨਾਲੋਂ, ਇਕ ਦੂਜੇ ਨਾਲੋਂ ਕੁਝ ਵਧੇਰੇ ਦੂਰ-ਦੁਰਾਡੇ ਦਿਸਣ ਲੱਗ ਪੈਣਗੇ। ਹੁਣ ਅਸੀਂ ਆਪਣੇ ਸਰਵ ਵਿਸ਼ਵ ਦੇ ਸੀਮਾਂਤਕ ਭਾਗਾਂ ਵਿੱਚ ਵਿਚਰ ਰਹੇ ਹੋਵਾਂਗੇ। ਕੁਝ ਸੈਂਕੜੇ ਵਰ੍ਹੇ ਪਿੱਛੋਂ ਅਸੀਂ ਆਪਣੇ ਸਰਵ ਵਿਸ਼ਵ ਦੀ ਸੀਮਾ ਦੇ ਨੇੜੇ-ਤੇੜੇ ਪੁੱਜ ਜਾਵਾਂਗੇ ਅਤੇ ਦੇਖਾਂਗੇ ਕਿ ਤਾਰੇ ਅਤੇ ਧੂਮ੍ਰ ਚੰਮੂ ਹੁਣ ਕਿਤੇ ਵਿਰਲੇ-ਵਿਰਲੇ ਹੀ ਦਿਸ ਆਉਂਦੇ ਹਨ। ਕੁਝ ਸੌ ਸਾਲ ਹੋਰ ਇਉਂ ਹੀ ਜੇ ਉੱਡਦੇ ਜਾਈਏ ਤਾਂ ਅਸੀਂ ਆਪਣੇ ਸਰਵ ਵਿਸ਼ਵ ਦੀ ਸੀਮਾ ਲੰਘ ਜਾਵਾਂਗੇ ਅਤੇ ਅਜਿਹੇ ਦੇਸ਼ ਵਿੱਚ ਜਾ ਪਹੁੰਚਾਂਗੇ ਜਿਥੇ ਕੋਈ ਤਾਰਾ, ਕੋਈ ਪ੍ਰਕਾਸ਼ਮਯ ਧੂਮ੍ਰ ਚੰਮੂ ਜਾਂ ਜਿਯੋਤਿ-ਹੀਨ ਪ੍ਰਮਾਣੂ ਧੂਮ੍ਰ-ਚੰਮੂ ਨਹੀਂ ਹਨ। ਇਹ ਮਹਾਨ ਸ਼ੂਨ ਦੇ ਦੇਸ਼ ਹਨ, ਅਮਿਤ ਅਤੇ ਅਨੰਤ ਜਿਨ੍ਹਾਂ ਦਾ ਕੋਈ ਪਾਰਾਵਾਰ ਤਕਿਆ ਜਾਂ ਕਿਆਸਿਆ ਨਹੀਂ ਜਾ ਸਕਦਾ। ਕੀ ਅਸਾਡਾ ਸਰਵ ਵਿਸ਼ਵ ਹੀ ਅਨੰਤ ਆਕਾਸ਼ਾਂ ਵਿੱਚ ਉਪਸਥਿਤ ਵਿਸ਼ਵ ਹੈ ਅਤੇ ਹੋਰ ਕੋਈ ਵਿਸ਼ਵ ਨਹੀਂ ? ਹਰਸ਼ਲ ਨੇ ਸਹੀ ਕੀਤਾ ਸੀ ਕਿ ਆਪਣੀ ਦੂਰਬੀਨ ਰਾਹੀਂ ਉਸ ਨੇ ਕੁਝ ਅਜਿਹੇ ਪ੍ਰਕਾਸ਼ਮਯ ਧੂਮ੍ਰ ਚੰਮੂ ਦੇਖੇ ਹਨ; ਜੋ ਕਿ ਇਤਨੇ ਦੂਰ ਹਨ ਕਿ ਵੱਡੀ ਤੋਂ ਵੱਡੀ ਦੂਰਬੀਨ ਨਾਲ ਵੀ ਉਹਨਾਂ ਦੀ ਰੂਪ-ਰੇਖਾ, ਦੋਧੀ ਜਿਹੀ ਧੁੰਦ ਤੋਂ ਵਿਤ੍ਰੇਕ ਪ੍ਰਤੱਖ ਨਹੀਂ ਹੁੰਦੀ। ਹਰਸ਼ਲ ਦਾ ਕਿਆਸ ਸੀ ਕਿ ਇਹ ਧੂਮ੍ਰ ਚੰਮੂ

ਅਸਾਡੇ ਸਰਵ ਵਿਸ਼ਵ ਦੀ ਸੀਮਾ ਤੋਂ ਬਾਹਰ ਕੋਈ ਹੋਰ ਸਰਵ-ਵਿਸ਼ਵ ਹਨ।

ਹਰਸ਼ਲ ਦੀ ਮ੍ਰਿਤੂ ਤੋਂ ਕੋਈ ਇਕ ਸ਼ਤਾਬਦੀ ਪਿੱਛੋਂ ਤਕ ਹਰਸ਼ਲ ਦੇ ਇਸ ਕਿਆਸ ਬਾਰੇ ਜਿਓਤਿਸ਼ ਵਿਗਿਆਨ ਦੇ ਸਾਇੰਸਦਾਨਾਂ ਵਿੱਚ ਮਤਭੇਦ ਰਿਹਾ। ਇਸ ਸਾਰੀ ਸਮੱਸਿਆ ਦੀ ਕੁੰਜੀ ਇਸ ਗੱਲ ਵਿੱਚ ਸੀ ਕਿ ਕਿਵੇਂ ਇਹਨਾਂ ਪ੍ਰਕਾਸ਼ਮਯ ਧੂਮ੍-ਚਮੂਆਂ ਦੇ ਫ਼ਾਸਲੇ ਨਿਸ਼ਚਿਤ ਹੋ ਸਕਣ। ਜੇ ਇਹ ਫ਼ਾਸਲੇ ਕਿਵੇਂ ਨਿਸ਼ਚਿਤ ਹੋ ਜਾਣ ਤਾਂ ਪਤਾ ਲੱਗ ਜਾਵੇ ਜੇ ਇਹ ਖ਼ਾਸ ਧੂਮ੍ ਚੰਮੂ ਅਸਾਡੇ ਸਰਵ-ਵਿਸ਼ਵ ਦੀ ਸੀਮਾ ਦੇ ਅੰਦਰ ਹਨ ਕਿ ਬਾਹਰ। ਥੋੜ੍ਹੇ ਹੀ ਸਾਲ ਹੋਏ ਹਨ ਕਿ ਇਸ ਸਮੱਸਿਆ ਦੀ ਕੁੰਜੀ ਹੱਥ ਆ ਗਈ ਹੈ। ਸਹੀ ਹੋ ਗਿਆ ਹੈ ਕਿ ਇਹਨਾਂ ਧੂਮ੍ ਚਮੂਆਂ ਵਿੱਚ ਵੀ ਜਿਯੋਤਮਯ ਤਾਰੇ, ਜਾਂ ਜਿਓਤਿਸ਼ ਮੌਜੂਦ ਹਨ ਅਤੇ ਉਨ੍ਹਾਂ ਦੇ ਪ੍ਰਕਾਸ਼ ਦਾ ਉਤਾਰ ਚੜ੍ਹਾ ਅਥਵਾ ਉਨ੍ਹਾਂ ਦੀ ਜਿਯੋਤੀ ਦੀ ਧੜਕਨ ਵੀ, ਨਵੀਨ ਅਤੇ ਵੱਡੀਆਂ ਦੂਰਬੀਨਾਂ ਰਾਹੀਂ ਸਹੀ ਹੋ ਆਈ ਹੈ। ਇਉਂ ਉਹਨਾਂ ਧੂਮ੍ ਚਮੂਆਂ ਦੇ ਫ਼ਾਸਲੇ ਨਿਸ਼ਚਿਤ ਹੋ ਗਏ ਹਨ। ਇਹ ਫ਼ਾਸਲੇ ਦਸ ਲੱਖ ਰਿਸ਼ਮੀ ਵਰਸ਼ਾਂ ਤੋਂ ਲੈ ਕੇ, ਇਕ ਕਰੋੜ ਰਿਸ਼ਮੀ-ਵਰਸ਼ਾਂ ਤਕ ਨਿਸ਼ਚਿਤ ਹੋਏ ਹਨ। ਇਹ ਉਹਨਾਂ ਧੂਮ੍ ਚਮੂਆਂ ਦੇ ਫ਼ਾਸਲੇ ਹਨ ਜੋ ਅਸਾਡੇ ਸਰਵ ਵਿਸ਼ਵ ਦੀ ਸੀਮਾ ਤੋਂ ਬਾਹਰ ਹਨ, ਪਰ ਅਸਾਡੇ ਸਰਵ ਵਿਸ਼ਵ ਦੇ ਨੇੜੇ-ਨੇੜੇ ਹੀ ਹਨ ਅਤੇ ਇਸ ਕਾਰਣ ਇਹਨਾਂ ਦੀ ਹੋਂਦ ਵੱਡੀਆਂ-ਵੱਡੀਆਂ ਨਵੀਨ ਦੂਰਬੀਨਾਂ ਦੀ ਸਹਾਇਤਾ ਨਾਲ ਸਹੀ ਕੀਤੀ ਜਾ ਸਕਦੀ ਹੈ। ਇਹਨਾਂ ਤੋਂ ਪਰ੍ਹੇ ਜੋ ਕੁਝ ਹੈ, ਉਸ ਦੀ ਹੋਂਦ ਸਹੀ ਕਰਨ ਤੋਂ ਮਨੁੱਖ ਅਜੇ ਤਕ ਅਸਮਰਥ ਹੈ।

"ਅਗੰਮ ਅਗੰਮ ਅਸੰਖ ਲੋਅ, ਅਸੰਖ ਕਹਹਿ ਸਿਰਿ ਭਾਰੁ ਹੋਇ।"

ਇਹਨਾਂ ਧੂਮ੍-ਚਮੂਆਂ ਬਾਬਤ ਜੋ ਕੁਝ ਜਾਣਿਆ ਜਾ ਸਕਿਆ ਹੈ। ਉਸ ਤੋਂ ਇਹ ਸਿੱਧ ਹੈ ਕਿ ਇਹ ਵੀ ਅਸਾਡੇ ਆਪਣੇ ਸਰਵ-ਵਿਸ਼ਵ ਵਾਂਗਰ ਹੀ, ਅਸਾਡੇ ਸਰਵ-ਵਿਸ਼ਵ ਦੀ ਸੀਮਾ ਤੋਂ ਪਰੇ ਅਤੇ ਬਾਹਰਵਾਰ ਸਰਵ-ਵਿਸ਼ਵ ਹਨ। ਇਹਨਾਂ ਦਾ ਰੂਪਾਕਾਰ ਵੀ ਅਟਾ-ਸਟਾ ਅਸਾਡੇ ਸਰਵ-ਵਿਸ਼ਵ ਵਾਂਗਰ ਹੀ ਹੈ ਅਤੇ ਇਹ ਭੀ ਅਸਾਡੇ ਸਰਵ-ਵਿਸ਼ਵ ਵਾਂਗਰ ਆਪਣੇ ਮਹਿਵਰਾਂ ਉੱਤੇ ਮੱਧਮ ਗਤੀ ਨਾਲ ਘੁੰਮ ਰਹੇ ਹਨ। ਉਹਨਾਂ ਦਾ, ਹਰ ਇਕ ਦਾ ਭਾਰ (Mass) ਵੀ ਅਟਾ ਸਟਾ ਅਸਾਡੇ ਵਿਸ਼ਵ ਜਿਨਾ ਹੀ ਹੈ। ਇਹਨਾਂ ਬਾਹਰਲੇ ਸਰਵ-ਵਿਸ਼ਵਾਂ ਵਿੱਚੋਂ ਜੋ ਸਰਵ-ਵਿਸ਼ਵ ਅਸਾਡੇ ਸਭ ਨਾਲੋਂ ਨੇੜੇ ਹੈ, ਉਸ ਨੂੰ ਅੱਜ-ਕੱਲ੍ਹ ਦੀਆਂ ਮਹਾਨ ਦੂਰਬੀਨਾਂ ਦੀ ਸਹਾਇਤਾ ਨਾਲ ਰਤਾ ਵਧੇਰੇ ਗੌਹ ਨਾਲ ਦੇਖਿਆ ਜਾ ਸਕਦਾ ਹੈ। ਉਸ ਦੀ ਰੂਪ-ਰੇਖਾ ਤੇ ਆਕਾਰ ਭਾਰ ਸਾਡੇ ਸਰਵ ਵਿਸ਼ਵ ਨਾਲੋਂ ਕਿਸੇ ਬੁਨਿਆਦੀ ਗੱਲ ਵਿੱਚ ਭਿੰਨ ਨਹੀਂ, ਉਹੋ ਚੱਕੀ ਦੇ ਪੜੁਏ ਵਰਗਾ ਆਕਾਰ, ਉਹੋ ਤਾਰੇ ਅਤੇ ਪ੍ਰਕਾਸ਼ਹੀਨ

ਪ੍ਰਮਾਣੂ-ਚੰਮੂ, ਉਹੋ ਦੋਧੀ ਗ੍ਰੈਹ-ਪੱਥ ਅਤੇ ਉਹੋ ਸਰਵ-ਵਿਸ਼ਵ ਦੀ ਅਤੇ ਵਿਸ਼ਵ ਦੇ ਵੱਖ-ਵੱਖਰੇ ਭਾਗਾਂ ਦੀ ਭ੍ਰਮ ਗਤੀ।

ਇਕ ਹੋਰ ਅਦਭੁੱਤ ਗੱਲ ਇਹਨਾਂ ਬਾਹਰਲੇ ਸਰਵ-ਵਿਸ਼ਵਾਂ ਬਾਰੇ ਸਾਇੰਸਦਾਨਾਂ ਨੇ ਸਹੀ ਕੀਤੀ ਹੈ। ਜਿਹੜੀਆਂ ਜਿਯੋਤੀ-ਰਿਸ਼ਮਾਂ ਇਹਨਾਂ ਸਰਵ-ਵਿਸ਼ਵ ਤੋਂ ਅਸਾਡੇ ਤਕ ਪ੍ਰੁੱਜਦੀਆਂ ਹਨ, ਉਨ੍ਹਾਂ ਦੇ ਗੁਣਾਂ ਦੀ ਗੌਹ ਲਾਲ ਪ੍ਰੀਖਿਆ ਕੀਤੀ ਗਈ ਹੈ। ਜਿਯੋਤੀ-ਰਿਸ਼ਮਾਂ ਤੁਰੰਗ-ਰੂਪ ਵਿੱਚ ਗਮਨ ਕਰਦੀਆਂ ਹਨ, ਜਿਵੇਂ ਪਾਣੀ ਦੀਆਂ ਲਹਿਰਾਂ ਅਤੇ ਇਹਨਾਂ ਵਾਂਗਰ ਹੀ ਰਿਸ਼ਮੀ ਤੁਰੰਗਾਂ ਦੀ ਲੰਬਾਈ ਹੈ, ਕਿਸੇ ਦੀ ਵੱਡੀ, ਕਿਸੇ ਦੀ ਛੋਟੀ। ਇਹਨੂੰ ਤੁਰੰਗ ਲੰਮਾ (Wave Length) ਆਖਦੇ ਹਨ। ਇਹ ਸਪੱਸ਼ਟ ਹੈ ਕਿ ਜੇ ਇਹ ਬੈਰੂਨੀ ਸਰਵ-ਵਿਸ਼ਵ ਆਕਾਸ਼ਾਂ ਵਿੱਚ ਸਥਿਰ ਹੋਣ ਤਾਂ ਇਹ ਤੁਰੰਗ ਲੰਮਾ ਭੀ ਸਥਿਰ ਰਹਿਣਗੇ। ਜੇ ਇਹ ਸਰਵ-ਵਿਸ਼ਵ ਅਸਾਡੇ ਸਰਵ-ਵਿਸ਼ਵ ਦੇ ਨੇੜੇ ਵੱਲ ਨੂੰ ਆ ਰਹੇ ਹੋਣ ਤਾਂ ਇਹ ਤੁਰੰਗ-ਲੰਮਾ ਇਕ ਦੂਜੇ ਉਤੇ ਚੜ੍ਹਦੇ-ਚੜ੍ਹਦੇ ਅਤੇ ਭਿਚਦੇ-ਭਿਚਦੇ ਦਿਸਣਗੇ। ਜੇ ਇਹ ਸਰਵ-ਵਿਸ਼ਵ ਤੋਂ ਦੂਰ-ਦੂਰ ਹਟ ਰਹੇ ਹੋਣ ਤਾਂ ਇਹ ਤੁਰੰਗ-ਲੰਮਾ ਖੁਲ੍ਹਦੇ-ਖੁਲ੍ਹਦੇ ਦਿਸਣਗੇ। ਇਉਂ ਜਾਂਚਣ ਤੋਂ ਸਿੱਧ ਹੋ ਗਿਆ ਹੈ ਕਿ ਇਹ ਬੈਰੂਨੀ ਸਰਵ-ਵਿਸ਼ਵ ਅਸਾਡੇ ਸਰਵ ਵਿਸ਼ਵ ਤੋਂ ਬਾਹਰਵਾਰ, ਪਰੇ-ਪਰੇ, ਦੂਰ-ਦੂਰ ਹਟ ਰਹੇ ਹਨ। ਅਮਿੱਤ ਵਿਸ਼ਵ ਦਾ ਪਾਸਰਾ ਪਸਾਰ ਰਿਹਾ ਹੈ, ਸਿਮਟ ਨਹੀਂ ਰਿਹਾ। ਗਿਣਤੀਆਂ ਅਤੇ ਅਨੁਮਾਨਾਂ ਦੇ ਆਧਾਰ ਉੱਤੇ ਇਹ ਸਿੱਧ ਹੋ ਗਿਆ ਹੈ ਕਿ ਜਿਤਨਾ ਬਾਹਰਵਾਰ ਅਤੇ ਦੂਰ ਕੋਈ ਸਰਵ-ਵਿਸ਼ਵ ਅਸਾਡੇ ਸਰਵ-ਵਿਸ਼ਵ ਤੋਂ ਹੈ, ਉਤਨੀ ਹੀ ਵੱਧ ਅਤੇ ਤੇਜ਼ ਰਫ਼ਤਾਰ ਨਾਲ ਉਹ ਅਸਾਡੇ ਸਰਵ-ਵਿਸ਼ਵ ਤੋਂ ਪਰੇ-ਪਰੇ ਜਾ ਰਿਹਾ ਹੈ। ਕੀ ਆਦਿ ਵਿੱਚ ਇਹ ਅਮਿਤ ਵਿਸ਼ਵ ਇਕੋ ਵਿਸ਼ਵ ਸੀ ਅਤੇ ਪਿਛੋਂ ਇਸ ਵਿਸ਼ਵ ਦੇ ਟੁਕੜੇ-ਟੁਕੜੇ ਹੋ ਗਏ ਜੋ ਕਿ ਅਜੇ ਤਕ ਅਨੰਤ ਆਕਾਸ਼ਾਂ ਵਿੱਚ ਉਡੇ ਜਾ ਰਹੇ ਹਨ ? ਸਾਇੰਸ, ਜਿਹੜੀ ਕਿ ਸਰੀਰਕ ਗਿਆਨ-ਇੰਦ੍ਰਿਆਂ ਰਾਹੀਂ ਗਿਆਨ ਪ੍ਰਾਪਤ ਕਰਦੀ ਹੈ, ਉਹ ਤਾਂ ਅਜਿਹੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਅਸਮਰਥ ਹੈ। ਅਜਿਹੇ ਪ੍ਰਸ਼ਨਾਂ ਦੇ ਉੱਤਰ ਤਾਂ ਦਿੱਬਯ ਦ੍ਰਿਸ਼ਟੀ ਵਾਲੇ ਗੁਰੂ ਰਿਸ਼ੀ ਹੀ ਦੇ ਸਕਦੇ ਹਨ। ਇਸ ਪ੍ਰਸ਼ਨ ਦੇ ਉਠਦਿਆਂ ਹੀ ਭਾਗਵਦ ਗੀਤਾ ਦਾ ਸਲੋਕ ਸਮ੍ਰਿਤੀ ਵਿੱਚ ਆ ਜਾਂਦਾ ਹੈ :

"ਅਵੱਯਕਤਾਤ ਵਿਯੱਕਤਹ ਸਰਵਹ
ਪ੍ਰਭਾਵੰਤਿ ਅਹਰਾਗਮਿ॥"

ਸ੍ਰਿਸ਼ਟੀ ਦੇ ਆਦਿ ਵਿੱਚ ਸਭ ਵਿਯੱਕਤ ਕਹੀਏ ਅਮਿੱਤ ਵਿਸ਼ਵ ਦੇ ਕੁੱਲ ਸਰਵ-ਵਿਸ਼ਵ ਅਵੱਯਕਤ ਅਰਥਾਤ ਮਹਾਂ ਸ਼ੂਨ ਵਿੱਚੋਂ ਪ੍ਰਗਟ ਹੋ ਆਉਂਦੇ ਹਨ।

ਗਿਣਤੀ ਕਰਨ ਤੋਂ ਸਿੱਧ ਹੋਇਆ ਹੈ ਕਿ ਇਕ ਅਜਿਹੇ ਅਸਾਡੇ ਸਰਵ-

ਵਿਸ਼ਵ ਦੇ ਨੇੜੇ ਦਾ ਬੈਰੂਨੀ ਸਰਵ-ਵਿਸ਼ਵ, ਚੱਵੀ ਹਜ਼ਾਰ ਤਿੰਨ ਸੌ ਮੀਲ ਫ਼ੀ ਸਕਿੰਟ ਦੀ ਰਫ਼ਤਾਰ ਨਾਲ ਪਰੇ-ਪਰੇ ਬਾਹਰਵਾਰ ਆਕਾਸ਼ਾਂ ਵੱਲ ਨੂੰ ਜਾ ਰਿਹਾ ਹੈ। ਜਿਯੋਤਿ-ਰਿਸ਼ਮਾਂ ਦੇ ਤੁਰੰਗ-ਲੰਮਾ ਆਦਿ ਦੇ ਜੋ ਗੁਣ ਹਨ, ਉਹਨਾਂ ਉਤੇ ਹਾਵੀ ਜੋ ਫ਼ਾਰਮੂਲੇ ਜਾਂ ਗੁਰ ਸਾਇੰਸਦਾਨਾਂ ਨੇ ਸਿੱਧ ਕੀਤੇ ਹਨ, ਉਨ੍ਹਾਂ ਸਰਵ-ਵਿਸ਼ਵ ਦੀ ਗਮਨ-ਰਫ਼ਤਾਰ ਉੱਤੇ ਲਾਗੂ ਕਰਕੇ ਇਹ ਸਹੀ ਹੋ ਸਕਦਾ ਹੈ ਜੋ ਇਹ ਬੈਰੂਨੀ ਸਰਵ-ਵਿਸ਼ਵ ਅਸਾਡੇ ਸਰਵ-ਵਿਸ਼ਵ ਤੋਂ ਕਿਤਨੇ ਦੂਰ ਹਨ। ਇਕ ਅਜਿਹਾ ਸਰਵ-ਵਿਸ਼ਵ ਜੋ ਕਿ ਅਸਾਡੇ ਸਰਵ-ਵਿਸ਼ਵ ਦੀ ਸੀਮਾ ਦੇ ਨੇੜੇ ਹੈ, ਬਾਬਤ ਹਿਸਾਬ ਲਗਾਇਆ ਗਿਆ ਹੈ, ਕਿ ਉਹ ਅਸਾਡੇ ਸਰਵ-ਵਿਸ਼ਵ ਕੋਲੋਂ ਕੋਈ ਦੋ ਸੌ ਤੀਹ ਕਰੋੜ (230,00,000,0000) ਰਿਸ਼ਮੀ-ਵਰਸ਼ਾਂ ਦੀ ਦੂਰੀ ਉੱਤੇ ਹੈ। ਇੰਨਾ ਮਹਾਨ ਫ਼ਾਸਲਾ ਤਾਂ ਧਿਆਨ ਵਿੱਚ ਲਿਆਉਣਾ ਹੀ ਅਸੰਭਵ ਜਾਪਦਾ ਹੈ। "ਜੇ ਕੋ ਕਹੈ ਪਿਛੈ ਪਛੁਤਾਇ।" ਸੌ ਇੰਚੀ ਚੌੜੇ ਗੋਲਾਈਦਾਰ ਦੂਰਬੀਨ ਦੇ ਸ਼ੀਸ਼ੇ ਰਾਹੀਂ, ਚਿਰਕਾਲ (Long Exposure) ਫੋਟੋਗ੍ਰਾਫ਼ੀ ਦੁਆਰਾ ਜਿਸ ਦੂਰ ਤੋਂ ਦੂਰ ਬੈਰੂਨੀ ਸਰਵ-ਵਿਸ਼ਵ ਦੀ ਬਾਬਤ ਅੱਜ ਤਕ ਸਹੀ ਕੀਤਾ ਜਾ ਸਕਿਆ ਹੈ, ਉਹ ਅਸਾਡੇ ਸਰਵ-ਵਿਸ਼ਵ ਕੋਲੋਂ ਕੋਈ ਪੰਜ ਸੌ ਕਰੋੜ (500,00,00,00,00) ਰਿਸ਼ਮੀ ਵਰਸ਼ ਦੂਰ ਹੈ। ਅਸਾਡੇ ਸਰਵ-ਵਿਸ਼ਵ ਨੂੰ ਧਰੁਵਾ ਮਿਥ ਕੇ, ਚੌਗਿਰਦੇ ਆਕਾਸ਼ਾਂ ਵਿਚ, ਪੰਜ ਸੌ ਕਰੋੜ ਰਿਸ਼ਮੀ-ਵਰਸ਼ਾਂ ਦੇ ਫ਼ਾਸਲੇ ਦੇ ਦਾਇਰੇ ਵਿਚ ਦੂਰਬੀਨਾਂ ਰਾਹੀਂ ਗਿਆਤ ਪਾਈ ਗਈ ਹੈ ਅਤੇ ਇਸ ਚੱਕਰ ਵਿੱਚ ਲਗਭਗ ਇਕ ਸੌ ਕਰੋੜ (100,00,00,00,000) ਸਰਵ ਵਿਸ਼ਵ ਅਸਾਡੇ ਸਰਵ ਵਿਸ਼ਵ ਦੀ ਸੀਮਾ ਤੋਂ ਬਾਹਰਵਾਰ ਆਕਾਸ਼ਾਂ ਵਿੱਚ ਉਪਸਥਿਤ ਸਹੀ ਹੋਏ ਹਨ। ਇਸ ਤੋਂ ਅੱਗੇ ਮਨੁੱਖ ਦੇ ਗਿਆਨ-ਇੰਦ੍ਰਿਆਂ ਦੀ ਮਹਾਨ ਤੋਂ ਮਹਾਨ ਸਾਇੰਸੀ ਯੰਤਰਾਂ ਦੀ ਸਾਹਾਇਤਾ ਨਾਲ ਵੀ ਪਹੁੰਚ ਨਹੀਂ ਜਾਪਦੀ।

ਇਹ ਹੈ ਅੱਜ ਤੱਕ ਸਹੀ ਕੀਤੇ ਜਾ ਚੁੱਕੇ ਅਮਿਤ ਵਿਸ਼ਵ ਦਾ ਰੂਪਾਕਾਰ। ਗੁਰੂ ਨਾਨਕ ਦੇਵ ਜੀ ਨੇ ਸੱਚ ਹੀ ਤਾਂ ਕਿਹਾ ਸੀ :

> ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ॥
> ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤੁ॥
> ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
> ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
> ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥

ਪੰਜਾਬ : ਸਿੱਖਾਂ ਦਾ ਹਿੰਦੁਸਤਾਨ ਨੂੰ ਤੁਹਫ਼ਾ

1

ਵਿਸਾਖੀ ਦਾ ਅਵਸਰ ਨਾ ਸਿਰਫ਼ ਸਿੱਖਾਂ, ਸਗੋਂ ਸਾਰੇ ਹਿੰਦੁਸਤਾਨ ਲਈ ਬੜੀ ਵੱਡੀ ਮਹੱਤਤਾ ਰੱਖਦਾ ਹੈ। 29 ਮਾਰਚ 1748 ਵਾਲੇ ਦਿਨ ਸਿੱਖਾਂ ਨੇ ਦ੍ਰਿੜ੍ਹ ਗੁਰਮਤਾ ਕੀਤਾ ਸੀ ਕਿ ਉਹ ਕਿਸੇ ਕੀਮਤ ਉੱਤੇ ਵੀ ਪੰਜਾਬ ਨੂੰ ਹਿੰਦੁਸਤਾਨ ਤੋਂ ਵੱਖ ਨਾ ਹੋਣ ਦੇਣਗੇ; ਸਗੋਂ ਇਸ ਦੀ ਰਖਿਆ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਕੇ ਇਸ ਨੂੰ ਹਿੰਦੁਸਤਾਨ ਲਈ ਇਕ ਤੁਹਫ਼ੇ ਦੇ ਤੌਰ 'ਤੇ ਛੱਡ ਜਾਣਗੇ, ਪਰ ਬੜੇ ਸ਼ੋਕ ਦੀ ਗੱਲ ਹੈ ਕਿ ਅੱਜ* ਜਦ ਕਿ ਹਿੰਦੁਸਤਾਨ ਦੇ ਭਵਿਸ਼ ਬਾਰੇ ਬੜੇ ਜ਼ਰੂਰੀ ਫ਼ੈਸਲੇ ਹੋਣ ਵਾਲੇ ਹਨ, ਆਮ ਜਨਤਾ, ਅਖ਼ਬਾਰਾਂ ਦੇ ਸਾਧਾਰਣ ਪਾਠਕ ਤੇ ਇੱਜੜਾਂ ਵਾਂਗ ਇਕੱਠੇ ਹੋ ਕੇ ਵੋਟਾਂ ਦੇਣ ਵਾਲੇ ਤਾਂ ਇਕ ਪਾਸੇ ਰਹੇ, ਬੜੇ-ਬੜੇ ਸਿਆਣੇ ਨੀਤੀਵੇਤਾ ਤੇ ਆਪਣੇ ਸਮਿਆਂ ਤੋਂ ਕਿਤੇ ਅਗਾਂਹ ਭਵਿਸ਼ ਵਿਚ ਦੇਖ ਸਕਣ ਵਾਲਿਆਂ ਨੂੰ ਵੀ ਇਸ ਦਾ ਸਹੀ ਪਤਾ ਨਹੀਂ।

2

ਅੱਜ ਸਾਰੇ ਹਿੰਦੁਸਤਾਨ ਦੀ ਕਿਸਮਤ ਪੰਜਾਬ ਦੀ ਕਿਸਮਤ ਨਾਲ ਬੱਝੀ ਪਈ ਹੈ। ਸਗੋਂ ਇਤਿਹਾਸ ਦੇ ਤੜਕੇ ਤੋਂ ਹੀ ਇਹ ਗੱਲ ਇਸੇ ਤਰ੍ਹਾਂ ਰਹੀ ਹੈ, ਭਾਵੇਂ ਇਤਿਹਾਸ ਦੇ ਕੁਝ ਵਿਦਿਆਰਥੀਆਂ ਦੇ ਸਿਵਾ ਬਹੁਤ ਘੱਟ ਲੋਕ ਇਸ ਗੱਲ ਤੇ ਇਸ ਦੇ ਇਤਿਹਾਸਕ ਪਛੋਕੜ ਤੋਂ ਜਾਣੂੰ ਹਨ। ਭੂਗੋਲਿਕ ਨੁਕਤੇ ਤੋਂ ਪੰਜਾਬ ਹਿੰਦੁਸਤਾਨ ਦਾ ਹਿੱਸਾ ਹੈ, ਪਰ ਨਸਲੀ ਨੁਕਤੇ ਤੋਂ ਇਹ ਸਦਾ ਤੋਂ ਹੀ ਮੱਧ-ਏਸ਼ੀਆ ਦੇ ਵਧੇਰੇ ਨੇੜੇ ਰਿਹਾ ਹੈ। ਇਸੇ ਲਈ ਪੰਜਾਬ ਦਾ ਸਾਰਾ ਪਿਛਲਾ ਤੇ ਅਜੋਕਾ ਇਤਿਹਾਸ ਇਨ੍ਹਾਂ ਦੋ ਵਿਰੋਧੀ ਪ੍ਰਭਾਵਾਂ ਦਾ ਪ੍ਰਤਿਕ੍ਰਮ ਰਿਹਾ ਹੈ ਅਤੇ ਇਹ ਸਿੱਖਾਂ ਦੀ ਦੂਰ-ਦਰਸ਼ਤਾ ਦਾ ਸਦਕਾ ਹੀ ਹੈ ਕਿ ਉਨ੍ਹਾਂ ਨੇ 1748 ਈ. ਵਿਚ ਵਿਸਾਖੀ ਦੇ ਸ਼ੁਭ ਅਵਸਰ ਤੇ ਮਹਾਨ ਪ੍ਰਤੱਗਿਆ ਕਰ ਕੇ ਪੰਜਾਬ ਨੂੰ ਸਭਿਆਚਾਰਕ ਤੇ ਰਾਜਸੀ ਦ੍ਰਿਸ਼ਟੀਕੋਣ ਤੋਂ ਹਿੰਦੁਸਤਾਨ ਦਾ ਅਖੰਡ ਤੇ ਅਨਿਖੜਵਾਂ ਅੰਗ ਬਣਾ ਦਿੱਤਾ ਹੈ।

---

* ਇਹ ਲੇਖ ਸੰਨ 1946 ਵਿੱਚ ਲਿਖਿਆ ਗਿਆ ਸੀ।

3

ਇਹ ਗੱਲ ਹੁਣ ਹਰ ਤਰ੍ਹਾਂ ਨਾਲ ਸਿੱਧ ਹੋ ਚੁੱਕੀ ਹੈ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲੋਂ, ਪੰਜਾਬ ਤੇ ਉਸ ਦੇ ਗਵਾਂਢੀ ਇਲਾਕਿਆਂ ਵਿੱਚ ਬੜੇ ਵਚਿੱਤਰ ਤੇ ਸਭਯ ਲੋਕ ਰਹਿੰਦੇ ਸਨ। ਮੁਹਿੰਜੋਦਾਰੋ ਦੇ ਵਸਨੀਕ, ਜੋ ਇਕ ਬਹੁਤ ਉੱਚੀ ਤੇ ਜਟਿਲ ਸੱਭਿਅਤਾ ਦੇ ਮਾਲਕ ਸਨ, ਪਰ ਜਿਨ੍ਹਾਂ ਦੀਆਂ ਰਾਜਸੀ ਤੇ ਸਮਾਜਿਕ ਸੰਸਥਾਵਾਂ ਦਾ ਉਨ੍ਹਾਂ ਆਰੀਆ ਹਿੰਦੂਆਂ ਦੀਆਂ ਸੰਸਥਾਵਾਂ ਨਾਲ ਕੋਈ ਮੇਲ ਨਹੀਂ ਸੀ, ਜੋ ਪਿਛੋਂ ਜਾ ਕੇ ਗੰਗਾ ਦੇ ਮੈਦਾਨਾਂ ਵਿਚ ਵਧੇਰੇ ਜ਼ੋਰ ਪਕੜ ਗਈਆਂ ਸਨ। ਇਸ ਸਮੇਂ ਬਾਰੇ ਇਤਨੀ ਗੱਲ ਜ਼ਰੂਰ ਹੈ ਕਿ ਉਨ੍ਹਾਂ ਦਿਨਾਂ ਵਿੱਚ ਪੰਜਾਬ ਉਨ੍ਹਾਂ ਪੱਛਮੀ ਇਲਾਕਿਆਂ ਦਾ ਇਕ ਅੰਗ ਸੀ, ਜਿਨ੍ਹਾਂ ਨੂੰ ਸਰਸਵਤੀ ਦਰਿਆ ਬਾਕੀ ਦੇ ਹਿੰਦੁਸਤਾਨ ਤੋਂ ਨਿਖੇੜਦਾ ਸੀ ਅਤੇ ਹਜ਼ਾਰਾਂ ਸਾਲਾਂ ਤੀਕ ਇਸੇ ਤਰ੍ਹਾਂ ਹੀ ਰਿਹਾ।

4

ਈਸਾ ਤੋਂ ਤਕਰੀਬਨ ਪੰਜ ਸੌ ਸਾਲ ਪਹਿਲੇ, ਪੰਜਾਬ ਈਰਾਨ ਦਾ ਕਿਆਨੀ ਸਾਮਰਾਜ ਦਾ ਹਿੱਸਾ ਸੀ, ਸ਼ਹਿਨਸ਼ਾਹ ਦਾਰਾ ਨੇ ਫ਼ਾਰਸ ਤੇ ਨਕਸ਼ੀਰੁਸਤਮ ਦੀਆਂ ਚੱਟਾਨਾਂ 'ਤੇ ਜੋ ਸ਼ਿਲਾਲੇਖ ਉਕਰਾਏ ਹੋਏ ਹਨ, ਉਨ੍ਹਾਂ ਵਿਚ ਗੰਧਾਰ-ਵਾਦੀ ਤੋਂ ਪਰ੍ਹੇ ਦੇ ਇਕ ਐਸੇ ਇਲਾਕੇ ਦਾ ਜ਼ਿਕਰ ਆਉਂਦਾ ਹੈ ਜੋ ਸਭ ਤੋਂ ਵਧੇਰੇ ਆਬਾਦ ਤੇ ਜ਼ਰਖ਼ੇਜ਼ ਸੀ। ਵੀਹ ਵਿਸਵੇ, ਇਸ ਤੋਂ ਮੁਰਾਦ ਸਿੰਧ ਤੇ ਪੰਜਾਬ ਦੇ ਕੁਝ ਹਿੱਸੇ ਹੀ ਹਨ। ਅਜੇ ਹੁਣੇ ਜਹੇ, ਟੈਕਸਲਾ ਦੀ ਖੁਦਾਈ ਵਿੱਚ, ਈਰਾਨੀ ਪ੍ਰਭਾਵਾਂ ਵਾਲਾ ਇਕ ਸ਼ਿਲਾਲੇਖ ਨਿਕਲਿਆ ਹੈ, ਜਿਸ ਨੂੰ ਕਿਸੇ ਈਰਾਨੀ ਸਰਦਾਰ ਨੇ ਉਕਰਾਇਆ ਸੀ। ਇਸ ਦੀ ਤਾਰੀਖ਼ ਮਸੀਹ ਤੋਂ ਤਿੰਨ ਸੌ ਸਾਲ ਪਹਿਲਾਂ ਦੀ ਹੈ ਅਤੇ ਇਹ ਆਰਮੀਨੀ ਲਿਪੀ ਵਿੱਚ ਲਿਖਿਆ ਹੋਇਆ ਹੈ। ਇਹ ਆਰਮੀਨੀ ਲੇਖ ਖਰੋਸ਼ਟੀ ਲਿਪੀ ਦੇ ਜਨਮ ਨਾਲ ਸੰਬੰਧ ਰੱਖਣ ਕਰਕੇ ਸਾਡੇ ਲਈ ਉਚੇਚੀ ਮਹੱਤਤਾ ਰੱਖਦਾ ਹੈ। ਇਹ ਲੇਖ ਸਿੱਧ ਕਰਦਾ ਹੈ ਕਿ ਖਰੋਸ਼ਟੀ ਲਿਪੀ ਦਾ ਜਨਮ ਤੇ ਵਿਕਾਸ ਪੰਜਾਬ ਵਿੱਚ ਹੀ ਹੋਇਆ, ਕਿਉਂਕਿ ਖਰੋਸ਼ਟੀ ਈਰਾਨੀ ਰਾਜ ਦੇ ਪੰਜਾਬ ਦੇ ਇਕ ਪ੍ਰਾਂਤ ਦਾ ਨਾਂ ਸੀ। ਇਸ ਦੇ ਇਲਾਵਾ ਅਸ਼ੋਕ ਦੇ ਬਹੁਤ ਸਾਰੇ ਸ਼ਿਲਾਲੇਖ ਜੋ ਇਨ੍ਹਾਂ ਇਲਾਕਿਆਂ ਵਿੱਚ ਮਿਲਦੇ ਹਨ, ਖਰੋਸ਼ਟੀ ਲਿਪੀ ਵਿੱਚ ਲਿਖੇ ਗਏ ਹਨ। ਖਰੋਸ਼ਟੀ ਵਿੱਚੋਂ ਹੀ ਲੰਡੇ ਨਿਕਲੇ ਹਨ, ਜਿਨ੍ਹਾਂ ਵਿੱਚ ਉੱਤਰੀ ਹਿੰਦੁਸਤਾਨ ਦੇ ਬਾਣੀਏ ਮਹਾਜਨ ਆਪਣਾ ਬਿਉਪਾਰ ਚਲਾਂਦੇ ਹਨ। ਕਈ ਲੋਕਾਂ ਦਾ ਖ਼ਿਆਲ ਹੈ ਕਿ ਇਨ੍ਹਾਂ ਲੰਡਿਆ ਵਿੱਚੋਂ ਹੀ ਉਨ੍ਹਾਂ ਸਿੱਖਾਂ ਦੀ ਪਵਿੱਤਰ ਲਿਪੀ ਗੁਰਮੁਖੀ ਨਿਕਲੀ ਹੈ, ਜਿਨ੍ਹਾਂ ਨੇ ਪੰਜਾਬ ਨੂੰ ਬਚਾਅ ਕੇ ਹਿੰਦੁਸਤਾਨ ਨੂੰ ਇਕ ਤੁਹਫ਼ੇ ਦੇ ਤੌਰ 'ਤੇ ਦਿੱਤਾ ਹੈ।

5

ਈਸਾ ਤੋਂ 326 ਵਰ੍ਹੇ ਪਹਿਲੇ ਪ੍ਰਸਿੱਧ ਯੂਨਾਨੀ ਸਿਕੰਦਰ ਨੇ ਈਰਾਨ ਦੇ ਪੁਰਾਣੇ ਸਾਮਰਾਜ ਨੂੰ ਖੇਰੂੰ-ਖੇਰੂੰ ਕਰ ਕੇ ਪੰਜਾਬ ਵੱਲ ਵਾਗਾਂ ਚੁੱਕੀਆਂ ਸਨ। ਉੱਤਰ-ਪੱਛਮੀ ਹਿੰਦੁਸਤਾਨ ਦੀ ਏਸ ਜਿੱਤ ਦੀ ਕਹਾਣੀ ਇਤਨੀ ਪ੍ਰਸਿੱਧ ਹੈ ਕਿ ਇਸ ਨੂੰ ਦੁਹਰਾਉਣ ਦੀ ਲੋੜ ਨਹੀਂ। ਇਹ ਗੱਲ ਵੀ ਸਾਰੇ ਜਾਣਦੇ ਹਨ ਕਿ ਉੱਤਰ-ਪੱਛਮੀ ਹਿੰਦੁਸਤਾਨ ਦੀ ਯੂਨਾਨੀ ਸਾਮਰਾਜ ਦੇ ਨਾਲ ਪੱਕੀ ਤਰ੍ਹਾਂ ਜੋੜਨ ਲਈ ਸਿਕੰਦਰ ਆਪਣੇ ਪਿੱਛੇ ਯੂਨਾਨੀ ਬਸਤੀਆਂ ਤੇ ਫੌਜ ਛੱਡ ਗਿਆ ਸੀ। ਇਉਂ ਕੁਝ ਦੇਰ ਪੰਜਾਬ ਨੂੰ ਯੂਨਾਨੀਆਂ ਦੇ ਕਬਜ਼ੇ ਵਿੱਚ ਰਹਿਣਾ ਪਿਆ।

6

ਚੰਦਰ ਗੁਪਤ ਮੌਰੀਆ ਦੇ ਜ਼ਮਾਨੇ ਵਿਚ ਯੂਨਾਨੀ ਫੌਜਾਂ ਨੂੰ ਸਿੰਧੂ ਨਦੀ ਦੇ ਪਾਰ ਖਿਧਕੇ ਟੈਕਸਲਾ ਤੇ ਪੰਜਾਬ ਦੀਆਂ ਹੋਰ ਕਈ ਰਿਆਸਤਾਂ ਨੂੰ ਮਗਧ ਸਾਮਰਾਜ ਵਿੱਚ ਰਲਾ ਗਿਆ ਸੀ। ਈਸਾ ਦੇ ਜਨਮ ਤੋਂ 305 ਸਾਲ ਪਹਿਲੇ ਯੂਨਾਨੀ ਸਰਦਾਰ ਸਲਿਊਕਸ ਨੇ ਪੰਜਾਬ ਨੂੰ ਜਿੱਤ ਕੇ ਮੁੜ ਯੂਨਾਨੀ ਸਾਮਰਾਜ ਦਾ ਹਿੱਸਾ ਬਨਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਚੰਦਰ ਗੁਪਤ ਦੇ ਹੱਥੋਂ ਹਾਰ ਹੋਈ ਤੇ ਉਸ ਨੂੰ ਇਕ ਹੇਠੀ ਵਾਲਾ ਅਹਿਦਨਾਮਾ ਕਰਨਾ ਪਿਆ, ਜਿਸ ਅਨੁਸਾਰ ਹਿੰਦੂਕੁਸ਼ ਪਰਬਤ ਦੇ ਪੈਰਾਂ ਤੀਕ ਸਭ ਇਲਾਕੇ ਚੰਦਰ ਗੁਪਤ ਨੂੰ ਮਿਲ ਗਏ। ਇਹ ਗੱਲ ਸਭ ਤੋਂ ਪਹਿਲੇ ਚੰਦਰ ਗੁਪਤ ਨੂੰ ਹੀ ਸੁਝੀ ਕਿ ਪੰਜਾਬ ਉਤੇ ਕਬਜ਼ਾ ਕਾਇਮ ਰੱਖਣ ਲਈ ਪੰਜਾਬ ਦੀਆਂ ਕੁਦਰਤੀ ਸਰਹੱਦਾਂ ਭਾਵ ਹਿੰਦੂਕੁਸ਼ ਉੱਤੇ ਕਬਜ਼ਾ ਰੱਖਣ ਜ਼ਰੂਰੀ ਹੈ ਤੇ ਇਸ ਗੱਲ ਵਿੱਚ ਕਿਸਮਤ ਨੇ ਉਸ ਦੀ ਮਦਦ ਵੀ ਕੀਤੀ। ਪੂਰੇ ਦੋ ਹਜ਼ਾਰ ਸਾਲ ਪਿਛੋਂ ਸਿੱਖਾਂ ਨੇ ਇਕ ਵਾਰ ਫੇਰ ਇਹੋ ਗੱਲ ਮਹਿਸੂਸ ਕੀਤੀ ਕਿ ਜਦ ਤਕ ਹਿੰਦੂਕੁਸ਼ ਸਰਹੱਦੀ ਪਹਾੜਾਂ ਉੱਤੇ ਕਬਜ਼ਾ ਨਹੀਂ ਕੀਤਾ ਜਾਂਦਾ ਤਦ ਤਕ ਪੰਜਾਬ ਨੂੰ ਸੁਰੱਖਿਅਤ ਰੱਖਣਾ ਸੰਭਵ ਨਹੀਂ ਅਤੇ ਭਾਰਤੀ ਇਤਿਹਾਸ ਦੇ ਵਿਦਵਾਨ ਜਾਣਦੇ ਹਨ ਕਿ ਸਰਹੱਦੀ ਦਰਿਆ ਦੇ ਹੱਥੋਂ ਨਿਕਲ ਜਾਣ ਕਰਕੇ ਕਿਵੇਂ ਮੱਧ-ਏਸ਼ੀਆ ਵਿਚੋਂ ਹਮਲਾਅਵਰਾਂ ਦੀਆਂ ਵਹੀਰਾਂ ਹਿੰਦੁਸਤਾਨ ਵਿਚ ਆਉਂਦੀਆਂ ਰਹੀਆਂ ਹਨ। ਮੁੱਢ ਤੋਂ ਹੀ ਪੰਜਾਬੀ ਹਿੰਦੁਸਤਾਨ ਨਾਲੋਂ ਕਿਤੇ ਵੱਧ ਕੇ ਮੱਧ-ਏਸ਼ੀਆ ਦੇ ਵਸਨੀਕਾਂ ਦੇ ਪ੍ਰਭਾਵਾਂ ਹੇਠ ਰਹੇ ਹਨ।

7

ਈਸਾ ਤੋਂ 231 ਸਾਲ ਪਹਿਲੇ, ਅਸ਼ੋਕ ਦੀ ਮੌਤ ਦੇ ਮਗਰੋਂ ਮਗਧ ਸਾਮਾਰਾਜ ਟੁੱਟਣਾ ਸ਼ੁਰੂ ਹੋ ਗਿਆ ਅਤੇ ਨਵੇਂ ਸਿਰਿਉਂ ਬਾਖ਼ਤਰ ਦੇਸ਼ ਦੇ ਵਸਨੀਕਾਂ ਨੇ ਪੰਜਾਬ ਉਤੇ ਹੱਲੇ ਸ਼ੁਰੂ ਕਰ ਦਿੱਤੇ। ਇਹ ਹਮਲਾਆਵਰ ਉਹਨਾਂ ਯੂਨਾਨੀਆਂ ਦੀ ਔਲਾਦ ਸਨ, ਜਿਨ੍ਹਾਂ ਨੂੰ ਸਿਕੰਦਰ ਬਾਖ਼ਤਰ ਵਿੱਚ ਆਬਾਦ ਕਰ ਗਿਆ ਸੀ ਅਤੇ ਪੰਜਾਬ

ਦੇ ਯੂਨਾਨੀ ਨੌ-ਆਬਾਦਾਂ ਦੇ ਉਲਟ, ਜਿਨ੍ਹਾਂ ਨੇ ਬਾਖ਼ਤਰ ਵਿਚ ਆਪਣੀਆਂ ਜੜ੍ਹਾਂ ਪੱਕੀਆਂ ਕਰ ਲਈਆਂ ਸਨ। ਭਾਵੇਂ ਸਿਕੰਦਰ ਦੀ ਜਿੱਤ ਨੇ ਪੰਜਾਬ ਉਤੇ ਕੋਈ ਪੱਕਾ ਪ੍ਰਭਾਵ ਨਹੀਂ ਸੀ ਛੱਡਿਆ, ਫਿਰ ਵੀ ਪੰਜਾਬ ਦੇ ਗਵਾਂਢ ਵਿੱਚ ਉਹ ਕੁਝ ਅਜਿਹੀਆਂ ਯੂਨਾਨੀ ਬਸਤੀਆਂ ਆਬਾਦ ਕਰ ਗਿਆ ਸੀ ਜੋ ਪੰਜਾਬ ਨੂੰ ਸਦਾ ਯੂਨਾਨੀ ਸੱਭਿਅਤਾ ਤੇ ਕਲਾ ਦੇ ਪ੍ਰਭਾਵ ਵਿੱਚ ਬੰਨ੍ਹਣ ਦੇ ਯਤਨ ਵਿੱਚ ਰਹੀਆਂ।

8

ਹਿੰਦੁਸਤਾਨ ਦੇ ਉੱਤਰੀ-ਪੱਛਮੀ ਇਲਾਕੇ ਵਿਚ ਯੂਨਾਨੀਆਂ ਦਾ ਰਾਜ ਤੇ ਪ੍ਰਭਾਵ ਇਕ ਸਦੀ ਦੇ ਕਰੀਬ ਰਿਹਾ। ਇਸ ਦੇ ਪਿੱਛੋਂ ਉਹਨਾਂ ਨੂੰ 'ਸ਼ੱਕ' ਜਾਤੀ ਦੇ ਲੋਕਾਂ ਦਾ ਹੜ੍ਹ ਰੋੜ੍ਹ ਕੇ ਲੈ ਗਿਆ। ਇਹ 'ਸ਼ੱਕ' ਲੋਕ ਈਰਾਨ ਦੇ ਸੂਬੇ, ਸੀਸਤਾਨ ਵਿਚ ਬੜੇ ਚਿਰ ਤੋਂ ਆਬਾਦ ਸਨ ਅਤੇ ਉਹਨਾਂ ਦਾ ਖ਼ੂਨ ਈਰਾਨੀ ਖ਼ੂਨ ਨਾਲ ਰਲ ਚੁੱਕਿਆ ਹੋਇਆ ਸੀ। ਸੀਸਤਾਨ ਤੋਂ ਉਠ ਕੇ ਇਹ ਲੋਕ ਪੰਜਾਬ 'ਤੇ ਉਸ ਦੇ ਗਵਾਂਢੀ ਮੁਲਕਾਂ ਉੱਤੇ ਛਾ ਗਏ। ਹੁਣ ਸਾਬਤ ਹੋ ਚੁੱਕਾ ਹੈ ਕਿ ਸ਼ੱਕਾਂ ਦਾ ਰਾਜ ਬਹੁਤ ਚਿਰ ਉੱਤਰ-ਪੱਛਮੀ ਹਿੰਦੁਸਤਾਨ ਉੱਤੇ, ਜਮਨਾ ਦੇ ਕੰਢਿਆਂ ਤੀਕ ਰਿਹਾ ਹੈ।

9

ਏਸੇ ਅਰਸੇ ਵਿਚ ਇਕ ਚੀਨੀ ਕੌਮ ਕਾਬਲ ਦੀ ਵਾਦੀ ਵਿੱਚ ਆ ਕੇ ਆਬਾਦ ਹੋ ਗਈ ਸੀ। ਇਹ ਲੋਕ, ਜਿਨ੍ਹਾਂ ਨੂੰ ਚੀਨੀ, 'ਯੂਹ-ਚਿਹ' ਆਖਦੇ ਹਨ, ਉੱਤਰ-ਪੱਛਮੀ ਚੀਨ ਵਿੱਚੋਂ, ਈਸਾ ਤੋਂ 170 ਸਾਲ ਪਹਿਲੇ, ਧਿੱਕ ਕੇ ਕੱਢ ਦਿੱਤੇ ਗਏ ਸਨ। ਪਹਿਲੇ ਇਨ੍ਹਾਂ ਨੇ ਬਾਖ਼ਤਰ ਨੂੰ ਮਾਰਿਆ, ਫਿਰ ਕਾਬਲ ਦੀ ਵਾਦੀ ਉਤੇ ਕਬਜ਼ਾ ਕਰਕੇ ਉੱਤਰੀ ਹਿੰਦੁਸਤਾਨ ਦੇ ਮੈਦਾਨਾਂ ਉਤੇ ਛਾ ਗਏ। ਇਹ ਗੱਲ ਸੱਠ ਯਾ ਸੱਤਰ ਸੰਨ ਈਸਵੀ ਦੀ ਹੈ, ਜਦ ਕਿ ਕੁਸ਼ਨਾਂ ਦਾ ਮਸ਼ਹੂਰ ਬਾਦਸ਼ਾਹ ਕਜ਼ੂਲ ਟੈਕਸਲਾ ਦੀ ਰਾਜ ਗੱਦੀ 'ਤੇ ਬੈਠਾ ਸੀ। ਇਨ੍ਹਾਂ ਕੁਸ਼ਾਨਾਂ ਵਿਚੋਂ ਸਭ ਤੋਂ ਮਸ਼ਹੂਰ ਤੇ ਤਗੜਾ ਬਾਦਸ਼ਾਹ ਕਨਿਸ਼ਕ ਹੋਇਆ ਹੈ ਅਤੇ ਉਸ ਦੇ ਮਗਰੋਂ ਵਾਸੁਦੇਵ। ਕਨਿਸ਼ਕ ਨੇ ਪਰਸ਼ੁਪੁਰ, ਅੱਜ ਕੱਲ੍ਹ ਦੇ ਪੇਸ਼ਾਵਰ ਨੂੰ ਆਪਣੀ ਰਾਜਧਾਨੀ ਬਣਾਇਆ ਸੀ ਅਤੇ ਮੱਧ ਏਸ਼ੀਆਂ ਤੋਂ ਲੈ ਕੇ ਬੰਗਾਲ ਦੀਆਂ ਸਰਹੱਦਾਂ ਤਕ ਆਪਣਾ ਰਾਜ ਕਾਇਮ ਕਰ ਲਿਆ ਸੀ। ਉਸ ਦੇ ਬਾਅਦ ਸਿੱਖਾਂ ਨੇ ਪਰਸ਼ੁਪੁਰ ਨੂੰ ਪਸ਼ੌਰ ਦਾ ਨਾਂ ਦੇ ਕੇ ਆਪਣੀ ਉੱਪ-ਰਾਜਧਾਨੀ ਬਣਾਇਆ।

10

ਵਾਸੁਦੇਵ ਦੀ ਮ੍ਰਿਤੂ ਤੀਜੀ ਸਦੀ ਈਸਵੀ ਵਿਚ ਹੋਈ, ਜਿਸ ਦੇ ਮਗਰੋਂ ਕੁਸ਼ਨਾਂ ਦੀ ਤਾਕਤ ਝੜ ਗਈ, ਭਾਵੇਂ ਪੰਜਾਬ ਵਿਚ ਇਹ ਲੋਕ 'ਹੂਣ' ਜਾਤੀ ਦੇ ਹਮਲੇ ਤੀਕ ਅੜੇ ਰਹੇ। ਹੂਣਾਂ ਦੇ ਹਮਲਿਆਂ ਨੇ ਨਾ ਸਿਰਫ਼ ਕੁਸ਼ਾਨਾਂ ਦੀ ਤਾਕਤ ਨੂੰ ਹੀ ਖ਼ਤਮ ਕੀਤਾ, ਸਗੋਂ ਉੱਤਰ-ਪੱਛਮੀ ਹਿੰਦੁਸਤਾਨ ਵਿਚ ਬੁੱਧ ਧਰਮ ਨੂੰ ਵੀ

ਮਾਰ ਕੇ ਰੱਖ ਦਿੱਤਾ। ਇਹਨਾਂ ਹੂਣਾਂ ਦਾ ਕੇਂਦਰ ਦਰਿਆ ਜੇਹੂੰ ਦੇ ਕੰਢੇ ਉੱਤੇ ਸੀ। ਇਹਨਾਂ ਦੇ ਮੋਢੇ ਚੌੜੇ, ਨੱਕ ਚਪਟੀ ਤੇ ਅੱਖਾਂ ਨਿੱਕੀਆਂ-ਨਿੱਕੀਆਂ ਤੇ ਡੂੰਘੀਆਂ ਸਨ। ਖੋਦੇ ਹੋਣ ਕਰਕੇ ਇਹ ਮਰਦਊਪੁਣੇ ਯਾ ਬੁਢਾਪੇ ਦੀ ਸ਼ਾਨ ਤੋਂ ਵੰਚਿਤ ਅਥਵਾ ਸੱਖਣੇ ਹੀ ਸਨ। ਇਹਨਾਂ ਦਾ ਜਨਮ ਵੀ ਬੜਾ ਰਹੱਸਮਈ ਦੱਸਿਆ ਜਾਂਦਾ ਹੈ। ਕਹਿੰਦੇ ਹਨ ਕਿ ਸੀਰੀਆ ਦੇਸ਼ ਵਿਚੋਂ ਕੁਝ ਚੁੜੇਲਾਂ ਨੂੰ ਉਨ੍ਹਾਂ ਦੇ ਭੈੜੇ ਕਰਤੱਬਾਂ ਕਰਕੇ ਕੱਢ ਦਿੱਤਾ ਗਿਆ ਸੀ ਅਤੇ ਉਹ ਰੇਗਿਸਤਾਨ ਵਿੱਚ ਆ ਵਸੀਆਂ ਸਨ, ਜਿੱਥੇ ਉਨ੍ਹਾਂ ਨੇ ਭੂਤਾਂ-ਪ੍ਰੇਤਾਂ ਨਾਲ ਭੋਗ-ਸੰਜੋਗ ਕੀਤੇ ਅਤੇ ਇਹ 'ਹੂਣ' ਉਸੇ ਸੰਜੋਗ ਦੀ ਉਪਜ ਹਨ। ਮੇਹਰਗੁਲ ਨਾਮੀ ਹੂਣਾਂ ਦਾ ਸਭ ਤੋਂ ਪ੍ਰਸਿੱਧ ਲੀਡਰ ਸੀ। ਪਹਾੜਾਂ ਦੀ ਟੀਸੀ ਉੱਤੋਂ ਵੱਡੇ-ਵੱਡੇ ਹਾਥੀਆਂ ਨੂੰ ਰੇੜ੍ਹ ਕੇ ਉਨ੍ਹਾਂ ਦੀਆਂ ਚੰਘਾੜਾਂ ਤੇ ਚੀਕਾਂ ਨੂੰ ਸੁਣ ਕੇ ਖ਼ੁਸ਼ ਹੋਣਾ, ਇਸ ਦਾ ਸਭ ਤੋਂ ਵੱਡਾ ਮਨਪਸੰਦ ਸ਼ੁਗਲ ਸੀ। ਸ਼ਾਇਦ ਇਸੇ ਕਰਕੇ 528 ਈਸਵੀ ਵਿਚ, ਹਿੰਦੁਸਤਾਨੀ ਰਾਜਿਆਂ ਨੇ ਬਗ਼ਾਵਤ ਕਰਕੇ ਉਸ ਨੂੰ ਤਖ਼ਤ ਤੋਂ ਲਾਹ ਦਿੱਤਾ ਸੀ, ਪਰ ਇਹ ਹੂਣ ਸ਼ਾਇਦ ਪੰਜਾਬੀਆਂ ਦੀ ਹਿੰਮਤ ਨਾਲ ਇਤਨੀ ਛੇਤੀ ਖ਼ਤਮ ਨਾ ਹੋ ਜਾਂਦੇ ਜੇ ਮੱਧ-ਏਸ਼ੀਆ ਵਿਚ ਤੁਰਕਸ਼ ਜਾਤੀਆਂ ਦੀ ਵਧਦੀ ਤਾਕਤ ਇਹਨਾਂ ਦੇ ਕੇਂਦਰਾਂ ਨੂੰ ਉਜਾੜ ਨਾ ਦੇਂਦੀ।

11

ਇਸ ਦੇ ਬਾਅਦ ਕੋਈ ਚਾਰ ਸਦੀਆਂ ਦਾ ਘਾਪਾ ਆ ਜਾਂਦਾ ਹੈ, ਜਦ ਸਰਹੱਦੋਂ ਪਾਰ ਦੀਆਂ ਕੌਮਾਂ ਤੇ ਛੋਟੇ-ਮੋਟੇ ਸਰਦਾਰ ਪੰਜਾਬ ਨੂੰ ਲੁੱਟਦੇ ਲਤਾੜਦੇ ਰਹੇ ਹਨ। ਇਸ ਸਮੇਂ ਮੱਧ-ਏਸ਼ੀਆ ਵਿੱਚ ਤੁਰਕਾਂ ਦੀ ਤਾਕਤ ਬਹੁਤ ਵੱਧ ਗਈ ਸੀ ਅਤੇ ਇਸਾਲਮ ਦੇ ਵਧਦੇ ਪ੍ਰਚਾਰ ਨੇ ਇਹਨਾਂ ਨੂੰ ਮੁਸਲਮਾਨ ਬਣਾ ਲਿਆ ਸੀ। ਇਹਨਾਂ ਵਿਚੋਂ ਮਹਿਮੂਦ ਗ਼ਜ਼ਨਵੀ ਨੇ ਪੰਜਾਬ ਉਤੇ ਅਨੇਕ ਹੱਲੇ ਕੀਤੇ ਅਤੇ ਦੇਸ਼ ਨੂੰ ਬੁਰੀ ਤਰ੍ਹਾਂ ਉਜਾੜਿਆ। ਉਸ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਕਾਂਗੜੇ ਤੇ ਥਾਨੇਸਰ ਦੇ ਮੰਦਰਾਂ ਨੂੰ ਢਾਹ ਕੇ ਲੁੱਟ ਲਿਆ ਅਤੇ ਪੰਜਾਬ ਨੂੰ ਆਪਣੀ ਸਲਤਨਤ ਦਾ ਹਿੱਸਾ ਬਣਾ ਲਿਆ। ਇਸ ਦੇ ਮਗਰੋਂ ਆਉਣ ਵਾਲੀ ਹਿੰਦੁਸਤਾਨ ਤੇ ਪੰਜਾਬ ਉੱਤੇ ਮੁਸਲਮਾਨੀ ਰਾਜ ਦੀ ਕਹਾਣੀ ਇਤਨੀ ਪ੍ਰਸਿੱਧ ਹੈ ਕਿ ਉਸ ਬਾਰੇ ਵੇਰਵੇ ਦੇਣ ਦੀ ਲੋੜ ਨਹੀਂ। ਜਦੋਂ ਮੁਹੰਮਦ ਗੌਰੀ ਨੇ ਪਾਨੀਪਤ ਦੇ ਮੈਦਾਨ ਵਿਚ ਆਖ਼ਰੀ ਹਿੰਦੂ ਬਾਦਸ਼ਾਹ ਨੂੰ ਭਾਂਜ ਦਿੱਤੀ, ਜਿਸ ਨਾਲ ਹਿੰਦੁਸਤਾਨ ਉਤੇ ਨਿੱਤ ਨਵੇਂ ਮੁਸਲਮਾਨੀ ਹੱਲਿਆਂ ਦਾ ਖ਼ਾਤਮਾ ਹੋ ਗਿਆ ਤਾਂ ਮੁਸਲਮਾਨਾਂ ਨੇ ਨਿੱਠ ਕੇ ਹਿੰਦੁਸਤਾਨ ਵਿੱਚ ਰਾਜ ਕਰਨਾ ਸ਼ੁਰੂ ਕੀਤਾ। ਇਸ ਦੇ ਮਗਰੋਂ ਲਗਾਤਾਰ ਸਾਜ਼ਸ਼ਾਂ, ਕਤਲਾਂ ਤੇ ਬਗ਼ਾਵਤ ਦਾ ਦੌਰ ਸ਼ੁਰੂ ਹੋਇਆ ਅਤੇ ਦਿੱਲੀ ਦੇ ਤਖ਼ਤ ਨੇ ਕਈ ਵਾਰ ਹੱਥ ਵਟਾਏ, ਪਰ ਅੰਤ ਮੁਗ਼ਲਾਂ ਨੇ ਦਿੱਲੀ ਦੇ ਤਖ਼ਤ ਤੇ ਪੱਕਾ ਕਬਜ਼ਾ ਕਰ ਲਿਆ। ਹੌਲੀ-ਹੌਲੀ ਉਨ੍ਹਾਂ ਦਾ ਰਾਜ ਵੱਧਣ ਲੱਗਾ ਤੇ ਔਰੰਗਜ਼ੇਬ ਦੇ ਮਰਨ ਸਮੇਂ

ਤੱਕ ਲੱਗਭਗ ਸਾਰੇ ਹਿੰਦੁਸਤਾਨ ਤੇ ਛਾ ਗਿਆ। ਇਸ ਸਾਰੇ ਮੁਸਲਮਾਨੀ ਸਮੇਂ ਵਿਚ ਪੰਜਾਬ ਸਦਾ ਹਿੰਦੁਸਤਾਨੀ ਸੱਭਿਅਤਾ ਤੋਂ ਵੱਖਰਾ ਤੇ ਦੂਰ-ਦੂਰ ਹੀ ਰਿਹਾ।

12

ਹੁਣ ਸਾਨੂੰ ਛਾਲ ਮਾਰ ਕੇ ਸੰਨ 1729 ਈਸਵੀ ਵਿਚ ਆ ਜਾਣਾ ਚਾਹੀਦਾ ਹੈ, ਜਦ ਮੁਗ਼ਲ ਸਾਮਰਾਜ ਖੁਰਨਾ ਸ਼ੁਰੂ ਹੋ ਗਿਆ ਸੀ ਅਤੇ ਮੁੜ ਖ਼ੈਬਰ ਦੇ ਪਰਿਉਂ ਬਦੇਸ਼ੀ ਹੱਲੇ ਹੋਣ ਲੱਗ ਪਏ ਸਨ। ਇਹਨਾਂ ਹਲਿਆਂ ਨੇ ਇਕ ਵਾਰੀ ਫੇਰ ਫ਼ੈਸਲਾ ਕਰਨਾ ਸੀ ਕਿ ਪੰਜਾਬ ਨੇ ਹਿੰਦੁਸੱਤਾਨ ਦਾ ਅਨਿਖੜਵਾਂ ਅੰਗ ਰਹਿਣਾ ਹੈ ਯਾ ਫੇਰ ਮੱਧ ਏਸ਼ੀਆ ਦੇ ਰਾਜਸੀ ਭੁਚਾਲਾਂ ਦੀ ਲਪੇਟ ਵਿਚ ਆਉਣਾ ਹੈ। ਇਹ ਉਹੀ ਸਾਲ ਹੈ ਜਦ ਨਾਦਰ ਸ਼ਾਹ ਝੱਖੜ ਵਾਂਗ ਪੰਜਾਬ, ਸਰਹਿੰਦ ਤੇ ਦਿੱਲੀ ਦੇ ਪ੍ਰਾਂਤਾਂ ਉਤੇ ਝੁਲ ਗਿਆ ਸੀ ਅਤੇ ਜਦ ਉਸ ਨੇ ਪੰਜਾਬ ਨੂੰ ਹਿੰਦੁਸਤਾਨ ਨਾਲੋਂ ਕੱਟ ਕੇ ਆਪਣੇ ਮੱਧ ਏਸ਼ੀਆਈ ਸਾਮਰਾਜ ਨਾਲ ਗੰਢਣ ਦਾ ਫ਼ੈਸਲਾ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਮਗਰੋਂ ਸਿੱਖਾਂ ਦੇ ਪਹਿਲੇ ਲੀਡਰ ਬੰਦਾ ਸਿੰਘ ਬਹਾਦਰ ਨੂੰ ਮਰਿਆਂ ਅਜੇ ਪੰਝੀ ਸਾਲ ਹੀ ਹੋਏ ਸਨ ਅਤੇ ਸਿੱਖਾਂ ਦੀ ਖੁਸ਼-ਕਿਸਮਤੀ ਨਾਲ ਉਨ੍ਹਾਂ ਨੂੰ ਫੇਰ ਨਵਾਬ ਕਪੂਰ ਸਿੰਘ, ਸਰਦਾਰ ਬਾਘ ਸਿੰਘ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਵਰਗੇ ਯੋਧੇ ਤੇ ਸਿਆਣੇ ਲੀਡਰ ਮਿਲ ਗਏ ਸਨ। ਇਨ੍ਹਾਂ ਨੇ ਝਟ ਹੀ ਨਾਦਰ ਸ਼ਾਹ ਦੇ ਹੱਲੇ ਦੀ ਮਹੱਤਤਾ ਨੂੰ ਭਾਂਪ ਲਿਆ ਅਤੇ ਖ਼ਾਲਸੇ ਨੂੰ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਵੰਗਾਰਿਆ ਤਾਂ ਜੁ ਜਰਵਾਣੇ ਦੇ ਦਿੱਲੀ ਵਿਚ ਪੈਰ ਨਾ ਲੱਗ ਸਕਣ ਅਤੇ ਨਾ ਹੀ ਉਹ ਪੰਜਾਬ ਨੂੰ ਬਾਕੀ ਦੇ ਹਿੰਦੁਸਤਾਨ ਨਾਲੋਂ ਕੱਟ ਕੇ ਵੱਖਰਿਆਂ ਕਰ ਸਕੇ। ਇਹ ਮਿੱਥ ਕੇ ਸਿੱਖਾਂ ਨੇ ਅਟਕ ਦਰਿਆ ਦੇ ਕੰਢੇ ਤਕ ਨਾਦਰ ਸ਼ਾਹ ਦੀਆਂ ਪਰਤ ਰਹੀਆਂ ਫ਼ੌਜਾਂ ਦਾ ਪਿੱਛਾ ਕੀਤਾ ਅਤੇ ਹਿੰਦੁਸਤਾਨ ਦੇ ਹਜ਼ਾਰਾਂ ਮਾਸੂਮ ਮੁੰਡਿਆਂ ਤੇ ਕੁੜੀਆਂ ਨੂੰ ਜਰਵਾਣਿਆਂ ਦੇ ਪੰਜੇ ਵਿੱਚੋਂ ਆਜ਼ਾਦ ਕਰਾਇਆ, ਜਿਨ੍ਹਾਂ ਨੂੰ ਉਹ ਕਾਬਲ ਤੇ ਕੰਧਾਰ ਦੇ ਬਜ਼ਾਰਾਂ ਵਿੱਚੋਂ ਗ਼ੁਲਾਮ ਬਣਾ ਕੇ ਵੇਚਣ ਦੇ ਖ਼ਿਆਲ ਨਾਲ ਲਿਜਾ ਰਹੇ ਸਨ। ਇਸ ਦੇ ਚਾਲੀ ਸਾਲ ਪਿੱਛੋਂ ਮਿਸਟਰ ਫਾਰਸਟਰ ਨੇ ਆਪਣੇ 'ਸਫ਼ਰਨਾਮੇ' ਵਿਚ ਇਸ ਸਾਕੇ ਵੱਲ ਇਸ਼ਾਰਾ ਕਰਦਿਆਂ ਹੋਇਆਂ ਲਿਖਿਆ ਹੈ : "ਜਦ ਨਾਦਰਸ਼ਾਹ ਦੀਆਂ ਫ਼ੌਜਾਂ ਗਨੀਮਤ ਦੇ ਮਾਲ ਨਾਲ ਲੱਦੀਆਂ ਹੋਈਆਂ ਦਿੱਲੀ ਤੋਂ ਵਾਪਸ ਪਰਤ ਰਹੀਆਂ ਸਨ ਤਾਂ ਸਿੱਖ ਘੋੜ-ਚੜ੍ਹਿਆਂ ਨੇ ਉਨ੍ਹਾਂ ਉੱਤੇ ਹੱਲਾ ਬੋਲ ਦਿੱਤਾ।" ਅਹਿਮਦ ਸ਼ਾਹ ਬਟਾਲਵੀ, ਜਿਸ ਨੇ ਆਪਣਾ ਇਤਿਹਾਸ ਉਨ੍ਹੀਵੀਂ ਸਦੀ ਦੇ ਮੁੱਢ ਵਿੱਚ ਲਿਖਿਆ ਹੈ, ਨਾਦਰ ਸ਼ਾਹ ਤੇ ਸ਼ਾਹੀ ਵਾਇਸਰਾਏ ਜ਼ਕਰੀਆ ਖ਼ਾਨ ਵਿਚਾਲੇ ਸਿੱਖਾਂ ਬਾਰੇ ਹੋਈ ਗੱਲਬਾਤ ਇਸ ਤਰ੍ਹਾਂ ਦੇਂਦਾ ਹੈ :

"ਨਾਦਰ—ਕੀ ਇਸ ਦੇਸ਼ ਵਿਚ ਕੁਝ ਹੋਰ ਫ਼ਸਾਦੀ ਲੋਕ ਵੀ ਹਨ ?

ਜ਼ਕਰੀਆ—ਨਹੀਂ, ਸਿਵਾਏ ਹਿੰਦੂ ਫ਼ਕੀਰਾਂ ਦੇ ਇਕ ਟੋਲੇ ਦੇ ਜਿਹੜੇ ਸਾਲ

ਵਿੱਚ ਦੋ ਵਾਰ ਅੰਮ੍ਰਿਤਸਰ ਦੇ ਪਵਿੱਤਰ ਤਲਾਅ ਵਿਚ ਇਸ਼ਨਾਨ ਕਰਨ ਲਈ ਜਮ੍ਹਾਂ ਹੁੰਦੇ ਹਨ।

"ਨਾਦਰ—ਉਹ ਰਹਿੰਦੇ ਕਿੱਥੇ ਹਨ ?

ਜ਼ਕਰੀਆ—ਉਹ ਆਪਣਿਆਂ ਘੋੜਿਆਂ ਦੀਆਂ ਕਾਠੀਆਂ ਉੱਤੇ ਰਹਿੰਦੇ ਹਨ।

ਨਾਦਰ—ਪੁੱਤਰ, ਹੁਸ਼ਿਆਰ ਰਹਿ। ਬਹੁਤ ਸੰਭਵ ਹੈ ਕਿ ਕਿਸੇ ਦਿਨ ਇਹ ਲੋਕ ਦੇਸ਼ ਦੇ ਰਾਜੇ ਬਣ ਜਾਣ।"

ਨਾਦਰ ਸ਼ਾਹ ਦੇ ਈਰਾਨ ਪਰਤਣ ਮਗਰੋਂ, ਲਾਹੌਰ ਦੇ ਗਵਰਨਰ ਖ਼ਾਸ ਕਰਕੇ ਜ਼ਕਰੀਆ ਖ਼ਾਨ ਤੇ ਉਸ ਦੇ ਜਾਨਸ਼ੀਨਾਂ ਨੇ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕੀਤਾ। ਇਸੇ ਅਰਸੇ ਵਿਚ 9 ਜੂਨ 1747 ਵਾਲੇ ਦਿਨ ਨਾਦਰ ਸ਼ਾਹ ਮਾਰਿਆ ਗਿਆ ਅਤੇ ਉਸ ਦੇ ਸਭ ਤੋਂ ਸਿਆਣੇ ਜਰਨੈਲ ਅਹਿਮਦ ਸ਼ਾਹ ਅਬਦਾਲੀ ਨੇ ਤਾਕਤ ਸੰਭਾਲੀ। ਉਸਨੇ ਕਾਬਲ ਦੇ ਮੁਗ਼ਲ ਗਵਰਨਰ ਨੂੰ ਮਾਰ ਭਜਾਇਆ ਤੇ ਖਿਧਦਾ-ਖਿਧਦਾ ਪਸ਼ੌਰ ਤਕ ਲੈ ਗਿਆ ਤੇ ਇਥੇ ਬਹਿ ਕੇ ਰਹਿੰਦੇ ਹਿੰਦੁਸਤਾਨ ਨੂੰ ਲੁੱਟਣ ਤੇ ਪੰਜਾਬ ਨੂੰ ਉਸ ਨਾਲੋਂ ਕੱਟ ਕੇ ਆਪਣੇ ਸਾਮਰਾਜ ਦਾ ਹਿੱਸਾ ਬਣਾਉਣ ਦੇ ਸੁਪਨੇ ਲੈਣ ਲੱਗਾ। ਸੰਨ 1747 ਦੇ ਦਸੰਬਰ ਵਿਚ ਉਸ ਨੇ ਪਹਿਲਾ ਹੱਲਾ ਕੀਤਾ ਅਤੇ 8 ਜਨਵਰੀ 1748 ਵਿਚ ਉਹ ਲਾਹੌਰ ਪਹੁੰਚ ਗਿਆ। ਅਬਦਾਲੀ ਨੇ ਸ਼ਹਿਰ ਦੇ ਬਾਹਰਲੇ ਹਿੱਸਿਆਂ, ਖ਼ਾਸ ਕਰ ਕੇ ਮੁਗਲਪੁਰੇ ਨੂੰ ਲੁੱਟ ਲਿਆ ਅਤੇ ਬਾਕੀ ਸ਼ਹਿਰ ਨੂੰ 30 ਲੱਖ ਰੁਪਏ ਦਾ ਨਜ਼ਰਾਨਾ ਲੈ ਕੇ ਛੱਡਿਆ। ਆਉਣ ਵਾਲੀਆਂ ਘਾਲਾਂ ਵਿਚ ਅਬਦਾਲੀ ਨੂੰ ਕਿਸਮਤ ਨੇ ਹਾਰ ਦੇਣੀ ਸ਼ੁਰੂ ਕੀਤੀ ਅਤੇ ਮਨੂੰਪੁਰ ਦੇ ਪਿੰਡ ਲਾਗੇ ਮੁਗ਼ਲ ਵਾਇਸਰਾਏ ਦੇ ਛੋਟੇ ਪੁੱਤਰ ਮੁਈਨਲ ਮੁਲਕ ਨੇ ਪਠਾਣ ਹਮਲਾਆਵਰ ਨੂੰ ਭਾਂਜ ਦੇ ਦਿੱਤੀ। ਇਸ ਤਰ੍ਹਾਂ ਨਾਲ ਝਟ ਦੇ ਝਟ ਲਈ ਪੰਜਾਬ ਮੁਗਲ ਸਾਮਰਾਜ ਲਈ ਬਚ ਗਿਆ, ਪਰ ਗ਼ਾਫ਼ਲ ਮੁਗ਼ਲਾਂ ਨੇ ਨਾ ਹੀ ਇਸ ਫ਼ਤਿਹ ਦਾ ਕੁਝ ਫ਼ਾਇਦਾ ਉਠਾਇਆ ਤੇ ਨਾ ਹੀ ਅਬਦਾਲੀ ਦੇ ਹਮਲੇ ਦੀ ਮਹੱਤਤਾ ਨੂੰ ਸਮਝਿਆ। ਅਬਦਾਲੀ ਵਾਪਸ ਪਰਤ ਗਿਆ ਤੇ ਮੁਗਲ ਸਤਲੁਜ ਦੇ ਕੰਢੇ ਜਸ਼ਨ ਮਨਾਉਂਦੇ ਰਹੇ, ਪਰ ਸਿੱਖਾਂ ਨੇ ਵਧੇਰੇ ਚੇਤੰਨਤਾ ਤੋਂ ਕੰਮ ਲਿਆ ਅਤੇ ਉਹਨਾਂ ਨੇ ਫ਼ੈਸਲਾ ਕੀਤਾ ਕਿ ਭਾਂਜ ਖਾ ਕੇ ਨੱਸੇ ਜਾਂਦੇ ਦੁਰਾਨੀ ਨੂੰ ਪੰਜਾਬ ਵਿੱਚੋਂ ਸੁੱਕਾ ਲੰਘ ਕੇ ਨਹੀਂ ਜਾਣ ਦੇਣਾ। ਸਿੱਖਾਂ ਨੇ ਝਨਾਂ ਤੱਕ ਉਸ ਦਾ ਪਿੱਛਾ ਕੀਤਾ ਤਾਂ ਜੁ ਉਸ ਨੂੰ ਆਪਣੇ ਬਾਹੂਬਲ ਦਾ ਥੋੜ੍ਹਾ ਜਿਹਾ ਚਮਤਕਾਰਾ ਦਿਖਾ ਦੇਣਾ, ਜਿਸ ਨਾਲ ਆਉਂਦੇ ਸਿਆਲ ਵਿੱਚ ਅਬਦਾਲੀ ਦਾ ਮੁੜ ਵਾਹ ਪੈਣਾ ਸੀ। ਸਿੱਖ ਜੱਥੇਦਾਰਾਂ ਦੀ ਦੂਰ-ਦਰਸ਼ਤਾ ਨੇ ਸਮਝਿਆ ਕਿ ਅਬਦਾਲੀ ਦਾ ਇਹ ਹੱਲਾ ਆਖ਼ਰੀ ਹੱਲਾ ਨਹੀਂ ਸੀ। ਨਾਲੇ ਉਹ ਇਹ ਵੀ ਜਾਣਦੇ ਸਨ ਕਿ ਉਸ ਵੇਲੇ

ਦੁਨੀਆਂ ਵਿੱਚ ਕੋਈ ਐਸੀ ਤਾਕਤ ਨਹੀਂ ਸੀ ਜੋ ਅਬਦਾਲੀ ਨੂੰ ਪੰਜਾਬ ਨੂੰ ਹਿੰਦੁਸਤਾਨ ਨਾਲੋਂ ਕੱਟ ਕੇ ਪਠਾਣੀ ਸਾਮਰਾਜ ਨਾਲ ਜੋੜਨ ਤੋਂ ਰੋਕ ਸਕੇ। ਉਸ ਵੇਲੇ ਸਿੱਖ 65 ਜੱਥਿਆਂ ਵਿੱਚ ਵੰਡੇ ਹੋਏ ਸਨ। ਹਰ ਇਕ ਦਾ ਵੱਖਰਾ ਸਰਦਾਰ ਸੀ ਅਤੇ ਹਰ ਇਕ ਸਾਂਝੇ ਕੰਮ ਲਈ ਕੁਰਬਾਨੀਆਂ ਕਰਨ ਨੂੰ ਤਿਆਰ ਸੀ। 29 ਮਾਰਚ, ਸੰਨ 1748 ਵਿਸਾਖੀ ਵਾਲੇ ਦਿਹਾੜੇ, ਜਦ ਵੀ ਸਿੱਖ ਸ੍ਰੀ ਅੰਮ੍ਰਿਤਸਰ ਸਾਹਿਬ ਇਕੱਠੇ ਹੋਏ ਤਾਂ ਉਨ੍ਹਾਂ ਨੇ ਇਕ ਗੁਰਮਤੇ ਰਾਹੀਂ ਸਿੰਘ ਸਾਹਿਬ, ਮਹਾਨ ਜੱਥੇਦਾਰ, ਸੁਲਤਾਨ-ਉਲ-ਕੌਮ ਨਵਾਬ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਇਕਮਿਕ ਹੋ ਜਾਣ ਦਾ ਫ਼ੈਸਲਾ ਕੀਤਾ। ਸਿੱਖਾਂ ਦੀ ਇਸ ਸਾਂਝੀ ਫ਼ੌਜੀ ਜੱਥੇਬੰਦੀ ਦਾ ਨਾਂ 'ਦਲ-ਖ਼ਾਲਸਾ' ਪਿਆ। ਇਸ ਜੱਥੇਬੰਦੀ ਦਾ ਮੁੱਖ ਮੰਤਵ ਇਹ ਸੀ ਕਿ ਕਿਸੇ ਬਦੇਸ਼ੀ ਜਰਵਾਣੇ ਨੂੰ ਉੱਤਰ-ਪੱਛਮੀ ਦਰਿਆ ਵਿਚੋਂ ਲੰਘ ਕੇ ਪੰਜਾਬ ਉਤੇ ਰਾਜਸੀ ਕਬਜ਼ਾ ਨਾ ਜਮਾਣ ਦਿੱਤਾ ਜਾਵੇ, ਕਿਉਂਕਿ ਪੰਜਾਬ ਦੇ ਹੱਥ ਆਉਣ ਨਾਲ ਉਸ ਲਈ ਹਿੰਦੁਸਤਾਨ ਉਤੇ ਕਾਬੂ ਕਰਨਾ ਸਹਿਲ ਹੋ ਜਾਵੇਗਾ ਅਤੇ ਉਹ ਨਿਘਰ ਰਹੇ ਮੁਸਲਮਾਨੀ ਸਾਮਰਾਜ ਨੂੰ ਬੂਹਣੀ ਦੇ ਕੇ ਮੁੜ ਖੜਾ ਕਰ ਸਕੇਗਾ। ਇਸ ਮੰਤਵ ਦੀ ਪੂਰਤੀ ਲਈ ਸਿੱਖਾਂ ਨੇ ਜੋ ਕੁਰਬਾਨੀਆਂ ਕੀਤੀਆਂ ਤੇ ਘਾਲਾਂ ਘਾਲੀਆਂ ਉਹ ਕਿਸੇ ਤੋਂ ਗੁੱਝੀਆਂ ਨਹੀਂ। ਇਹ ਵੀ ਸਪੱਸ਼ਟ ਹੈ ਕਿ ਕਿਵੇਂ ਇਨ੍ਹਾਂ ਥੋੜ੍ਹੇ ਜਿਹੇ ਬਹਾਦਰ ਲੋਕਾਂ ਨੇ ਆਪਣੀ ਸਿਆਣਪ ਤੇ ਦਲੇਰੀ ਨਾਲ ਦੋ ਪੀੜ੍ਹੀਆਂ ਘਾਲਾਂ ਘਾਲਣ ਮਗਰੋਂ ਉੱਤਰ-ਪੱਛਮੀ ਹਿੰਦੁਸਤਾਨ ਉਤੇ ਮੱਧ ਏਸ਼ੀਆ ਵੱਲੋਂ ਆਉਣ ਵਾਲੇ ਬਦੇਸ਼ੀ ਹੜ੍ਹਾਂ ਨੂੰ ਸਦਾ ਲਈ ਠੱਲ੍ਹ ਪਾ ਦਿੱਤੀ। 16 ਮਈ, 1765 ਵਾਲੇ ਦਿਨ, ਸਿੱਖਾਂ ਨੇ ਪਹਿਲਾ ਗੋਬਿੰਦ ਸ਼ਾਹੀ ਸਿੱਕਾ ਚਾਲੂ ਕੀਤਾ, ਜਿਸ ਉਤੇ ਇਹ ਲਿਖਿਆ ਸੀ :

ਦੇਗੋ ਤੇਗੋ ਫਤਹ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਪਿੱਛੋਂ ਜਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਵਿੱਚ ਇਸ ਸਿੱਕੇ ਦਾ ਨਾਂ 'ਨਾਨਕਸ਼ਾਹੀ' ਵਿਚ ਬਦਲ ਦਿੱਤਾ ਗਿਆ। ਕਿਵੇਂ ਜ਼ੁਲਮ ਤੇ ਸਿਤਮ ਦੀ ਅੱਗ ਵਿੱਚੋਂ ਨਿਕਲ ਕੇ ਸਿੱਖ ਸਵਰਾਜ ਦੀ ਉੱਚਿਆਈ ਨੂੰ ਪਹੁੰਚੇ, ਇਹ ਗੱਲ ਮਨੁੱਖੀ ਇਤਿਹਾਸ ਦੀਆਂ ਦਿਲ ਹਿਲਾਊ ਤੇ ਆਤਮਾ-ਜਗਾਊ ਕਹਾਣੀਆਂ ਵਿਚ ਖ਼ਾਸ ਥਾਂ ਰੱਖਦੀ ਹੈ। 1748 ਈਸਵੀ ਵਿਚ ਸਬਾਤੁੱਦੀਨ ਬੇਗ ਤੇ ਮੁਹੰਮਦ ਨਾਜ਼ਰ ਬੇਗ, ਦੋ ਤੁਰਕ ਸੈਲਾਨੀ ਲਾਹੌਰ ਪਹੁੰਚੇ ਸਨ। ਉਨ੍ਹਾਂ ਦਿਨਾਂ ਵਿੱਚ ਸਿੱਖਾਂ ਉਤੇ ਤੱਦੀ ਪੂਰੇ ਜ਼ੋਰਾਂ ਉਤੇ ਸੀ। ਇਹਨਾਂ ਤੁਰਕਾਂ ਨੇ ਲਾਹੌਰ ਦੇ ਗਵਰਨਰ ਨੂੰ 8 ਤੇ 9 ਸਾਲਾਂ ਦੀ ਉਮਰ ਦੇ ਦੋ ਤੁਰਕ ਬੱਚੇ ਪੇਸ਼ ਕੀਤੇ ਸਨ, ਉਸ ਜ਼ਮਾਨੇ ਦੇ ਤੁਰਕੀ ਤੇ ਮੁਗਲਈ ਰਸਮਾਂ ਦੇ ਜਾਣੂੰਆਂ ਨੂੰ ਪਤਾ ਹੈ ਕਿ ਕਿਉਂ ਇਹਨਾਂ ਦੋ ਤੁਰਕ ਬੱਚਿਆਂ

ਵਿੱਚੋਂ ਇਕ ਦਾ ਨਾਂ ਤਹਿਮਾਸਪ ਮਿਸਕੀਨ ਸੀ, ਜੋ ਪਿੱਛੋਂ ਜਾ ਕੇ ਬਹੁਤ ਤਰੱਕੀ ਕਰ ਗਿਆ। 1782 ਈਸਵੀ ਵਿਚ ਇਸ ਨੇ ਪੰਜਾਬ ਦੇ ਹਾਲਾਤ ਬਾਰੇ ਰੀਪੋਰਟ ਲਿਖੀ। ਇਹ ਹੱਥ ਲਿਖਤ ਅੱਜ ਕੱਲ੍ਹ ਵਲੈਤੀ ਅਜੈਬ-ਘਰ ਲੰਦਨ ਵਿਚ ਪਈ ਹੈ। ਇਸ ਦਾ ਨੰਬਰ 8807 ਹੈ। ਇਸ ਵਿਚ ਇਉਂ ਲਿਖਿਆ ਹੈ :

"ਲਾਹੌਰ ਦੇ ਗਵਰਨਰ ਨੇ ਆਪਣੇ ਬਹੁਤ ਸਾਰੇ ਤੋਪਚੀਆਂ ਨੂੰ ਸਿੱਖਾਂ ਨੂੰ ਮਾਰ ਮੁਕਾਉਣ ਲਈ ਨੀਯਤ ਕੀਤਾ। ਇਹ ਲੋਕ ਅਠਾਈ-ਅਠਾਈ ਕੋਹ ਤੱਕ ਸਿੱਖਾਂ ਦਾ ਪਿੱਛਾ ਕਰਕੇ ਸਨ ਅਤੇ ਜਿੱਥੇ ਵੀ ਸਿੱਖ ਪਰਤ ਕੇ ਮੁਕਾਬਲਾ ਕਰਦੇ, ਉਹਨਾਂ ਨੂੰ ਕਤਲ ਕਰ ਦਿੰਦੇ ਸਨ। ਜੋ ਕੋਈ ਸਿੱਖਾਂ ਦਾ ਸਿਰ ਵੱਢ ਕੇ ਲਿਆਉਂਦਾ ਸੀ, ਉਸ ਨੂੰ ਦਸ ਰੁਪਏ ਫ਼ੀ ਸਿਰ ਮਿਲਦਾ ਸੀ। ਜੋ ਕੋਈ ਕਿਸੇ ਸਿੱਖ ਦਾ ਘੋੜਾ ਖੋਹ ਲਿਆਉਂਦਾ ਸੀ ਤਾਂ ਉਸ ਨੂੰ ਉਹ ਘੋੜਾ ਇਨਾਮ ਵਿਚ ਦਿੱਤਾ ਜਾਂਦਾ ਸੀ। ਜੇ ਸਿੱਖ ਨਾਲ ਲੜਦਿਆਂ-ਲੜਦਿਆਂ ਕਿਸੇ ਦਾ ਘੋੜਾ ਗੁਆਚ ਯਾ ਮਰ ਜਾਂਦਾ ਸੀ, ਉਸ ਨੂੰ ਸਰਕਾਰੀ ਅਸਤਬਲ ਵਿਚੋਂ ਨਵਾਂ ਘੋੜਾ ਮਿਲ ਜਾਂਦਾ ਸੀ।

ਇਹ ਲਿਖਣਾ ਕੁਥਾਂ ਨਾ ਹੋਵੇਗਾ ਕਿ ਸਿੱਖਾਂ ਦੇ ਸਿਰਾਂ ਦਾ ਮੁੱਲ ਵੱਧਦਾ ਘੱਟਦਾ ਰਹਿੰਦਾ ਸੀ ਅਤੇ ਕਈ ਵਾਰ ਭਾਅ ਅੱਸੀ-ਅੱਸੀ ਰੁਪਏ ਤੱਕ ਚੜ੍ਹ ਜਾਂਦਾ ਸੀ। ਖ਼ਾਸ ਕਰ ਦਿੱਲੀ ਦੇ ਸ਼ਹਿਨਸ਼ਾਹ ਫ਼ਰੁਖ਼ਸੀਅਰ ਦੇ ਜ਼ਮਾਨੇ ਵਿਚ ਸਿੱਖਾਂ ਦੇ ਸਿਰ ਦੀ ਕੀਮਤ ਬਹੁਤ ਵੱਧ ਗਈ ਸੀ। ਸਿੱਖਾਂ ਨੂੰ ਇਹ ਸਭ ਮੁੱਲ ਪੰਜਾਬ ਨੂੰ ਮੱਧ ਏਸ਼ੀਆਈ ਗ਼ੁਲਾਮੀ ਦੇ ਪ੍ਰਭਾਵਾਂ ਤੋਂ ਬਚਾਉਣ ਅਤੇ ਹਿੰਦੁਸਤਾਨ ਦੇ ਨਾਲ ਜੋੜੀ ਰੱਖਣ ਲਈ ਤਾਰਨਾ ਪਿਆ। ਜੇ ਸਿੱਖ ਨਾ ਹੁੰਦੇ ਤਾਂ ਅੱਜ ਪੰਜਾਬ ਕਾਬਲ ਦਾ ਇਕ ਸੂਬਾ ਹੁੰਦਾ ਅਤੇ ਸਦੀਆਂ ਤੋਂ ਸਭਿਆਚਾਰਕ ਤੇ ਰਾਜਸੀ ਤੌਰ ਤੇ ਹਿੰਦੁਸਤਾਨ ਤੋਂ ਵੱਖਰਾ ਜਿਹਾ ਤੇ ਦੂਰ ਜਿਹਾ ਰਹਿੰਦਾ। ਜੇ ਸਿੱਖਾਂ ਦਾ ਸੁਪਨਾ ਪੂਰਾ ਹੋ ਜਾਂਦਾ ਤਾਂ ਤਿੱਬਤ ਦੇ ਪਰਬਤ ਤੇ ਹਿੰਦੂਕੁਸ਼ ਤੋਂ ਪਾਰ ਦੀ ਵਾਦੀ ਵੀ ਅੱਜ ਹਿੰਦੁਸਤਾਨ ਦਾ ਹਿੱਸਾ ਹੁੰਦੀ ਅਤੇ ਸੁਘੜ ਸਿਆਸਤਦਾਨ ਜਾਣਦੇ ਹਨ ਕਿ ਹਿੰਦੁਸਤਾਨ ਦੇ ਬਚਾਉ ਲਈ ਇਸ ਦਾ ਹਿੰਦ ਦੇ ਕਬਜ਼ੇ ਵਿਚ ਹੋਣਾ ਕਿਤਨਾ ਜ਼ਰੂਰੀ ਹੈ। ਲੇਖ ਨੂੰ ਮੁਕਾਉਣ ਤੋਂ ਪਹਿਲਾਂ ਮੈਂ ਆਪਣੇ ਸਮਕਾਲੀ ਇਤਿਹਾਸਕਾਰ ਪ੍ਰੋਫ਼ੈਸਰ ਹਰੀ ਰਾਮ ਗੁਪਤਾ ਦੀ ਲਿਖਤ ਵਿਚੋਂ ਇਕ ਟੋਟਾ ਦੇਂਦਾ ਹਾਂ। ਉਹ ਲਿਖਦੇ ਹਨ :

"ਸਿੱਖਾਂ ਨੇ ਪੰਜਾਬ ਲਈ 'ਯੋਧਿਆਂ ਦਾ ਦੇਸ਼' ਦਾ ਕਾਬਲੇ ਰਸ਼ਕ ਨਾਂ ਜਿੱਤਿਆ ਹੈ ਅਤੇ ਸਿੱਖਾਂ ਨੂੰ ਹੀ ਇਸ ਗੱਲ ਦਾ ਮਾਣ ਹੋ ਸਕਦਾ ਹੈ ਕਿ ਉਹਨਾਂ ਨੇ ਵਿਦੇਸ਼ੀ ਹਮਲਾਆਵਰਾਂ ਅੱਗੇ ਛਾਤੀ ਡਾਹ ਕੇ ਉਹਨਾਂ ਨੂੰ ਠੱਲ੍ਹ ਪਾਈ ਹੈ, ਉਹ ਹਮਲਾਆਵਰ ਜੋ ਪਿਛਲੇ ਹਜ਼ਾਰਾਂ ਸਾਲਾਂ ਤੋਂ ਹੜ੍ਹ ਵਾਂਗ ਉੱਤਰ-ਪੱਛਮੀ ਦਰਿਆ ਵਿੱਚੋਂ ਦਾਖ਼ਲ ਹੁੰਦੇ ਰਹੇ ਹਨ। ਇਸ ਲਈ ਉੱਤਰੀ ਹਿੰਦੁਸਤਾਨ ਦੇ ਲੋਕਾਂ; ਖ਼ਾਸ ਕਰਕੇ ਪੰਜਾਬੀਆਂ ਨੂੰ ਸਿੱਖਾਂ ਦਾ ਸ਼ੁਕਰ-ਗੁਜ਼ਾਰ ਹੋਣਾ ਚਾਹੀਦਾ ਹੈ।"

ਅਧਾ ਸਿੱਖ ਅਧਾ ਰੋਹੇਲਾ

1

ਅਠਾਰ੍ਹਵੀਂ ਸਦੀ ਭਾਰੀਆਂ ਤਬਦੀਲੀਆਂ ਤੇ ਤਰਥੱਲੀਆਂ ਦੀ ਸਦੀ ਸੀ। ਉੱਤਰੀ ਹਿੰਦੁਸਤਾਨ ਵਿਚ ਓਦੋਂ ਖ਼ਾਸ ਤੌਰ ਤੇ ਵੱਧ ਅਫੜਾ-ਤਫੜੀ ਪਈ ਹੋਈ ਸੀ। ਇਸ ਸਮੇਂ ਦਾ ਇਤਿਹਾਸ ਅਜੇ ਤੀਕ ਆਮ ਜਨਤਾ ਲਈ ਹਨ੍ਹੇਰੇ ਵਿਚ ਲਿਪਟਿਆ ਪਿਆ ਹੈ। ਪਾਠਕਾਂ ਨੂੰ ਡਾਕਟਰ ਇਕਬਾਲ ਦੀ, 'ਗ਼ੁਲਾਮ ਕਾਦਰ ਰੋਹੇਲਾ' ਨਾਂ ਦੀ ਕਵਿਤਾ ਯਾਦ ਹੋਵੇਗੀ। ਇਸ ਕਵਿਤਾ ਵਿਚ ਕਵੀ ਨੇ ਦੱਸਿਆ ਹੈ ਕਿ ਕਿਵੇਂ ਗ਼ੁਲਾਮ ਕਾਦਰ ਰੋਹੇਲੇ ਨੇ ਸੰਨ 1788 ਵਿੱਚ ਦਿੱਲੀ ਉਤੇ ਕਬਜ਼ਾ ਕਰਕੇ ਸ਼ਹਿਨਸ਼ਾਹ ਸ਼ਾਹ ਆਲਮ ਦੀਆਂ ਅੱਖਾਂ ਕੱਢ ਦਿੱਤੀਆਂ ਸਨ। ਇਸ ਦੇ ਬਾਅਦ ਉਸ ਨੇ ਲਾਲ ਕਿਲ੍ਹੇ ਵਿਚ ਇਕ ਜਸ਼ਨ ਮਨਾਇਆ ਸੀ, ਜਿਸ ਵਿਚ ਸ਼ਾਹੀ ਹਰਮ ਦੀਆਂ ਬੇਗ਼ਮਾਂ ਨੂੰ ਆਪਣੇ ਸਾਹਮਣੇ ਗਾਉਣ ਤੇ ਨੱਚਣ ਤੇ ਮਜਬੂਰ ਕੀਤਾ ਸੀ। ਕਈ ਲੋਕ ਇਹ ਸੁਣ ਕੇ ਹੈਰਾਨ ਹੋ ਜਾਣਗੇ ਕਿ ਇਹ ਗ਼ੁਲਾਮ ਕਾਦਰ ਰੋਹੇਲਾ ਤੇ ਇਸ ਦਾ ਪਿਉ ਜ਼ਾਬਤਾ ਖ਼ਾਨ ਵਾਲੀਏ ਰੋਹੇਲਖੰਡ, ਦੋਵੇਂ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਸਨ। ਇਹ ਰਸਮ 1877 ਵਿਚ ਜਮਨਾ ਦੇ ਪੱਛਮੀ ਕੰਢੇ ਉਤੇ ਥਾਨਾ ਭਵਨ ਨਾਮੀ ਪਿੰਡ ਦੇ ਸਾਹਮਣੇ ਕਰਕੇ ਵਿਸਾਖੀ ਵਾਲੇ ਦਿਨ ਸਿਰੇ ਚੜ੍ਹੀ ਸੀ। ਪਾਹੁਲ ਛੱਕਣ ਦੇ ਪਿਛੋਂ ਜ਼ਾਬਤਾ ਖ਼ਾਨ ਦਾ ਨਾਂ ਧਰਮ ਸਿੰਘ ਤੇ ਉਸ ਦੇ ਪੁੱਤਰ ਦਾ ਨਾਂ ਕਰਮ ਸਿੰਘ ਨਿਰਮਲੇ ਦੇ ਮਗਰ ਕਰਮ ਸਿੰਘ ਰਖਿਆ ਗਿਆ।

2

ਪਠਾਣੀ ਹੱਲਿਆਂ ਦਾ ਤਾਅ ਮੱਠਾ ਪੈ ਜਾਣ ਮਗਰੋਂ ਸਿੱਖਾਂ ਦੀਆਂ ਬਾਰਾਂ ਮਿਸਲਾਂ, ਦੋ ਟੋਲਿਆਂ ਵਿਚ ਵੰਡੀਆਂ ਗਈਆਂ ਸਨ—ਮਝੈਲ ਮਿਸਲਾਂ ਦਾ ਟੋਲਾ ਤੇ ਮਲਵਈ ਮਿਸਲਾਂ ਦਾ ਟੋਲਾ। ਮਝੈਲ ਮਿਸਲਾਂ ਨੇ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਥੱਲੇ ਪੰਜਾਬ ਵਿਚ ਆਪਣਾ ਰਾਜ ਸਥਾਪਤ ਕਰ ਲਿਆ ਤੇ ਮਲਵਈ ਮਿਸਲਾਂ ਨੇ ਗੰਗਾ ਜਮਨਾ ਦੇ ਵਿਚਕਾਰਲੇ ਇਲਾਕੇ ਵੱਲ ਵੱਧਣਾ ਸ਼ੁਰੂ ਕਰ ਦਿੱਤਾ। ਜੇ ਕਿਧਰੇ ਇਹ ਸਭ ਮਿਸਲਾਂ ਕਿਸੇ ਇਕ ਆਗੂ ਦੇ ਮਗਰ ਲੱਗ ਕੇ ਕਿਸੇ ਸਾਂਝੇ ਆਦਰਸ਼ ਦੀ ਪ੍ਰਾਪਤੀ ਲਈ ਉਪਰਾਲਾ ਕਰਦੀਆਂ ਤਾਂ ਹਿੰਦੁਸਤਾਨ

ਦਾ ਇਤਿਹਾਸ ਬਿਲਕੁਲ ਹੋਰ ਤਰ੍ਹਾਂ ਲਿਖਿਆ ਜਾਣਾ ਸੀ। ਜੇ ਸਿਰਫ਼ ਮਲਵਈ ਮਿਸਲਾਂ ਵੀ ਇਕ ਜੱਥੇ ਵਿਚ ਇਕੱਠੀਆਂ ਹੋ ਜਾਂਦੀਆਂ ਅਤੇ ਇਤਿਹਾਸ ਵਲੋਂ ਪੇਸ਼ ਕੀਤੇ ਗਏ ਅਨੇਕ ਮੌਕਿਆਂ ਵਿਚੋਂ ਕਿਸੇ ਇਕ ਨੂੰ ਵੀ ਸੰਭਾਲ ਲੈਂਦੀਆਂ ਤਾਂ ਵੀ ਉਹਨਾਂ ਉੱਤਰੀ ਹਿੰਦੁਸਤਾਨ ਵਿਚ ਇਕ ਜ਼ਬਰਦਸਤ ਤਾਕਤ ਬਣ ਜਾਣਾ ਸੀ ਅਤੇ ਉਹਨਾਂ ਵਿਚ ਸਾਰੇ ਹਿੰਦੁਸਤਾਨ ਦੀ ਕਿਸਮਤ ਨੂੰ ਘੜ ਸਕਣ ਦੀ ਸਮਰੱਥਾ ਪੈਦਾ ਹੋ ਜਾਣੀ ਸੀ, ਪਰ ਭਾਵੀ ਨੂੰ ਇਹ ਮਨਜ਼ੂਰ ਨਹੀਂ ਸੀ। ਮਲਵਈ ਮਿਸਲਾਂ ਦੇ ਸਰਦਾਰ ਕਦੀ ਵੀ ਆਪਸ ਵਿੱਚ ਨਾ ਜੁੜ ਸਕੇ ਅਤੇ ਕਦੀ ਵੀ ਕਿਸੇ ਸਾਂਝੇ ਆਦਰਸ਼ ਵੱਲ ਨਾ ਦੇਖ ਸਕੇ ਤੇ ਨਾ ਹੀ ਇਨ੍ਹਾਂ ਵਿਚ ਕਿਸੇ ਮੌਕੇ ਨੂੰ ਸੰਭਾਲਣ ਦੀ ਸਿਆਣਪ ਪੈਦਾ ਹੋਈ। 1769 ਤੋਂ ਲੈ ਕੇ 1799 ਤੱਕ ਇਨ੍ਹਾਂ ਦੇ ਹੱਥ ਕਈ ਇਹੋ ਜਿਹੇ ਮੌਕੇ ਆਏ। ਇਸ ਸਮੇਂ ਮੁਗ਼ਲ ਸਮਾਰਾਜ ਉਹਨਾਂ ਦੇ ਪੈਰਾਂ ਵਿਚ ਚੁਫਾਲੀ ਢੱਠਾ ਪਿਆ ਸੀ ਅਤੇ ਉਹ ਜਿਸ ਵੇਲੇ ਚਾਹੁੰਦੇ, ਉਸ ਨੂੰ ਕਾਬੂ ਕਰ ਸਕਦੇ ਸਨ। ਰਾਜਪੂਤ, ਜੱਟ, ਰੋਹੇਲੇ ਤੇ ਅਵਧ ਦਾ ਨਵਾਬ ਖ਼ਾਲਸੇ ਦੇ ਦਲਾਂ ਦਾ ਨਾਂ ਸੁਣ ਕੇ ਕੰਬਦੇ ਸਨ ਅਤੇ ਆਪਣੀ ਇਸ ਬੇਬਸੀ ਨੂੰ ਲੁਕਾਉਣ ਤਕ ਦਾ ਯਤਨ ਨਹੀਂ ਕਰਦੇ ਸਨ। ਦੋ ਹੋਰ ਤਾਕਤਾਂ ਹਿੰਦੁਸਤਾਨ ਵਿੱਚ ਸਨ, ਜਿਨ੍ਹਾਂ ਦੀ ਸਰਬ ਹਿੰਦ ਮਹੱਤਤਾ ਸੀ। ਮਰਹੱਟਿਆਂ ਦੀ ਸਲਤਨਤ ਇਕ ਚਲੀ ਹੋਈ ਆਤਸ਼ਬਾਜ਼ੀ ਵਾਂਗ ਸੀ, ਭਾਵੇਂ ਇਹ ਗੱਲ ਅਜੇ ਸਰਬ ਸਾਧਾਰਨ ਨੂੰ ਪ੍ਰਤੱਖ ਨਹੀਂ ਸੀ। ਜੇ ਉਸ ਵੇਲੇ ਸਿੱਖਾਂ ਵਿਚ ਕੋਈ ਸਿਆਣਾ ਤੇ ਦੀਰਘ-ਦ੍ਰਿਸ਼ਟੀ ਵਾਲਾ ਆਗੂ ਹੁੰਦਾ ਤਾਂ ਸਿੱਖ ਮਰਹੱਟਿਆਂ ਦੀ ਸਲਤਨਤ ਆਪਣੇ ਅਧੀਨ ਕਰ ਸਕਦੇ ਸਨ। ਮਰਹੱਟੇ ਖ਼ੁਦ-ਬਖ਼ੁਦ ਸਿੱਖਾਂ ਦੀ ਸਰਦਾਰੀ ਨੂੰ ਇਸ ਸ਼ਰਤ ਉਤੇ ਮੰਨਣ ਲਈ ਤਿਆਰ ਸਨ ਤਾਂ ਜੋ ਸਿੱਖ ਉਨ੍ਹਾਂ ਦੀ ਅੰਗ੍ਰੇਜ਼ਾਂ ਦੇ ਖ਼ਿਲਾਫ਼ ਸਹਾਇਤਾ ਕਰਨ। ਅੰਗਰੇਜ਼ ਉਸ ਵੇਲੇ ਅਜੇ ਨਵੇਂ-ਨਵੇਂ ਹੀ ਦੇਸ਼ ਦੇ ਰਾਜਸੀ ਮੈਦਾਨ ਵਿਚ ਉਤਰੇ ਸਨ, ਪਰੰਤੂ ਉਨ੍ਹਾਂ ਨੇ ਜੜ੍ਹਾਂ ਅਜੇ ਨਹੀਂ ਸਨ ਪਕੜੀਆਂ। ਚਾਰ ਸਾਲ ਪਹਿਲਾਂ ਕਲਾਈਵ ਨੂੰ ਬੰਗਾਲ ਦੀ ਦੀਵਾਨੀ ਮਿਲੀ ਸੀ ਅਤੇ ਜਾਨ ਕੰਪਨੀ ਦੇ ਸੁਦਾਗਰਾਂ ਦੀਆਂ ਇਹ ਦੇਖ ਕੇ ਕਿ ਉਨ੍ਹਾਂ ਦੇ ਹੱਥਾਂ ਵਿਚ ਕਿਤਨੀ ਅਪਾਰ ਤਾਕਤ ਆ ਗਈ ਹੈ, ਅੱਖਾਂ ਅਜੇ ਹੈਰਾਨੀ ਨਾਲ ਟੱਡੀਆਂ ਹੀ ਹੋਈਆਂ ਸਨ। ਮਾਲਵੇ ਦੀਆਂ ਸਿੱਖ ਮਿਸਲਾਂ ਨੇ ਇਸ ਸਮੇਂ ਤੋਂ ਕੋਈ ਲਾਭ ਨਾ ਉਠਾਇਆ ਅਤੇ ਜੋ ਅਥਾਹ ਸ਼ਕਤੀ ਗੁਰੂ ਗੋਬਿੰਦ ਸਿੰਘ ਦੀ ਕਰਾਮਾਤ ਨੇ ਉਨ੍ਹਾਂ ਦੇ ਹੱਥ ਦਿੱਤੀ ਸੀ, ਉਸ ਨੂੰ ਇਨ੍ਹਾਂ ਖਾਨਾ ਜੰਗੀ ਅਤੇ ਗੰਗ ਦੁਆਬ ਵਿੱਚ ਲੁੱਟ ਮਾਰ ਕਰਨ ਉਤੇ ਹੀ ਅਜਾਈਂ ਗੰਵਾ ਦਿੱਤਾ। ਗੰਗ ਦੁਆਬ ਵਿੱਚ ਸਿੱਖਾਂ ਦੇ ਇਨ੍ਹਾਂ ਹਮਲਿਆਂ ਦੇ ਕਾਰਨ ਹੀ ਜ਼ਾਬਤਾ ਖ਼ਾਨ ਦਾ ਸਿੱਖਾਂ ਨਾਲ ਸੰਬੰਧ ਹੋਇਆ ਤੇ ਉਸ ਨੂੰ ਸਿੱਖ ਧਰਮ ਦੀ ਸੂਝ ਪਈ, ਜਿਸ ਨਾਲ ਉਹ ਅੰਤ ਨੂੰ ਸਿੰਘ ਸਜ ਗਿਆ।

3

ਸੰਨ 1773 ਈਸਵੀ ਨੂੰ ਸਿੱਖਾਂ ਨੇ ਇਕ ਭਾਰੀ ਦਲ ਨਾਲ, ਕਰਮ ਸਿੰਘ ਸ਼ਹੀਦ ਦੀ ਜੱਥੇਦਾਰੀ ਹੇਠਾਂ, ਜ਼ਾਬਤਾ ਖ਼ਾਨ ਦੇ ਇਲਾਕੇ ਉਤੇ ਹਮਲਾ ਕੀਤਾ। ਜ਼ਾਬਤਾ ਖ਼ਾਨ ਉਤੇ ਸਿੰਘਾਂ ਦਾ ਇਤਨਾ ਭੈਅ ਛਾਇਆ ਹੋਇਆ ਸੀ ਕਿ ਉਹ ਗੋਸ ਗੜ੍ਹ ਦੇ ਕਿਲ੍ਹੇ ਵਿਚੋਂ ਬਾਹਰ ਹੀ ਨਾ ਨਿਕਲਿਆ। ਸਿੱਖਾਂ ਨੇ ਪੈਂਦਿਆ ਹੀ ਜਲਾਲਬਾਦ ਨੂੰ ਮਾਰ ਲਿਆ। ਇਸ ਜਲਾਲਬਾਦ ਦੇ ਨਵਾਬ ਸਯਦ ਹਸਨ ਖ਼ਾਨ ਨੇ ਇਕ ਬ੍ਰਾਹਮਣ ਦੀ ਵਿਵਹਾਤ ਕੰਨਿਆਂ ਨੂੰ ਧੱਕੇ-ਜੋਰੀ ਆਪਣੇ ਮਹਿਲਾਂ ਵਿਚ ਪਾ ਲਿਆ ਸੀ ਅਤੇ ਇਸ ਬ੍ਰਾਹਮਣ ਨੇ ਕਰਮ ਸਿੰਘ ਸ਼ਹੀਦ ਕੋਲ ਆ ਕੇ ਫ਼ਰਿਆਦ ਕੀਤੀ ਸੀ। ਸਿੱਖਾਂ ਨੇ ਸਯਦ ਹਸਨ ਖ਼ਾਨ ਨੂੰ ਉਸਦੇ ਪਾਪਾਂ ਦਾ ਦੰਡ ਦਿੱਤਾ ਅਤੇ ਉਸ ਦੇ ਕਰਮਚਾਰੀ ਹਿੰਦੂ ਦਲਾਲ ਨੂੰ ਵੀ ਦੰਡਿਆ ਜੋ ਕਿ ਨਵਾਬ ਨੂੰ ਉਸ ਇਲਾਕੇ ਦੀਆਂ ਰੂਪਵਤੀ ਕੁੜੀਆਂ ਦੀ ਸੂਹ ਦਿੰਦਾ ਹੁੰਦਾ ਸੀ। ਸਿੱਖਾਂ ਨੇ ਉਸ ਬ੍ਰਾਹਮਣ ਕੰਨਿਆ ਨੂੰ ਛੁਡਾ ਕੇ ਉਸ ਦੇ ਹੱਥ ਦਾ ਪੱਕਾ ਹੋਇਆ ਭੋਜਨ ਉਸਦੀ ਬ੍ਰਾਹਮਣ ਬ੍ਰਾਦਰੀ ਨੂੰ ਛਕਾਇਆ ਤਾਂ ਜੁ ਸਿੱਖਾਂ ਦੇ ਚਲੇ ਜਾਣ ਪਿੱਛੋਂ ਬਰਾਦਰੀ ਉਸ ਕੰਨਿਆ ਨੂੰ ਤ੍ਰਿਸਕਾਰ ਨਾ ਦੇਵੇ। ਇਸ ਕੰਨਿਆ ਦੇ ਪਤੀ ਨੂੰ ਵੀ ਸਿੱਖਾਂ ਨੇ ਬਹੁਤ ਕੁਝ ਧਨ ਲੜਕੀ ਦੇ ਦਾਜ ਵਜੋਂ ਦਿੱਤਾ ਤਾਂ ਜੁ ਉਹ ਇਸ ਅਬਲਾ ਨੂੰ ਸਤਿਕਾਰ ਨਾਲ ਰੱਖੇ। ਖ਼ਾਲਸੇ ਨੇ ਇਸ ਕੰਨਿਆ ਨੂੰ ਆਪਣੀ ਭੈਣਾ ਬਣਾ ਲਿਆ। ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਉਹ ਸਭ ਹਾਲ ਖੋਹਲ ਕੇ ਦਿੱਤੇ ਹੋਏ ਹਨ। ਇਸ ਸਮੇਂ ਹੀ ਜ਼ਾਬਤਾ ਖ਼ਾਨ ਨੇ ਕੁਝ ਸਤਿਕਾਰ ਭਰੇ ਪੈਗ਼ਾਮ ਕਰਮ ਸਿੰਘ ਸ਼ਹੀਦ ਨੂੰ ਭੇਜੇ ਅਤੇ ਇੱਛਾ ਪ੍ਰਗਟ ਕੀਤੀ ਕਿ ਉਸ ਨੂੰ ਸਿੱਖ ਧਰਮ ਦੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਜਾਏ। ਖ਼ਾਲਸੇ ਨੇ ਤੁਰੰਤ ਹੀ ਕਿ ਯੋਗ ਗ੍ਰੰਥੀ ਗਿਆਨੀ ਨੂੰ ਗ੍ਰੰਥ ਪੋਥੀਆਂ ਦੇ ਕੇ ਜ਼ਾਬਤਾ ਖ਼ਾਨ ਕੋਲ ਭੇਜ ਦਿੱਤਾ।

4

ਇਸ ਤੋਂ ਪਿਛੋਂ ਸੰਨ 1775 ਈਸਵੀ ਵਿਚ ਪਤਾ ਚੱਲਦਾ ਹੈ ਕਿ ਸਿੱਖਾਂ ਅਤੇ ਜ਼ਾਬਤਾ ਖ਼ਾਨ ਦਾ ਪੱਕਾ ਸਮਝੌਤਾ ਹੋ ਗਿਆ। ਇਸ ਸਾਲ ਸਿੱਖਾਂ ਨੇ ਗੰਗ ਦੁਆਬ ਦੇ ਇਲਾਕਿਆਂ ਉੱਤੇ ਇਕ ਵੱਡਾ ਹਮਲਾ ਕੀਤਾ। ਮਲਵਈ ਸਿੱਖਾਂ ਦੇ ਦਲ ਕਰਨਾਲ ਦੇ ਲਾਗੇ 'ਕੱਠੇ ਹੋਏ, ਜਿਥੇ ਉਨ੍ਹਾਂ ਨੇ ਆਪਣੇ ਆਪ ਨੂੰ ਤਿੰਨ ਜੱਥਿਆਂ ਵਿਚ ਵੰਡ ਲਿਆ। ਰਾਏ ਸਿੰਘ ਭੰਗੀ, ਤਾਰਾ ਸਿੰਘ ਘੇਬਾ ਅਤੇ ਬਘੇਲ ਸਿੰਘ ਕਰੋੜ-ਸਿੰਘੀਆ ਅੱਡ-ਅੱਡ ਜੱਥੇਦਾਰ ਥਾਪੇ ਗਏ। 22 ਅਪ੍ਰੈਲ 1775 ਨੂੰ ਇਹ ਤਿੰਨ ਜੱਥੇ ਕੁੰਜਪੁਰੇ ਤੋਂ ਕੁਝ ਉੱਤੇ ਬੇਗੀ ਘਾਟ ਦੇ ਰਾਹ ਜਮੁਨਾ ਤੋਂ ਪਾਰ ਹੋ ਗਏ। ਸਾਨੂੰ ਇਸ ਤਾਰੀਖ਼ ਦਾ ਇਸ ਕਰਕੇ ਪਤਾ ਹੈ ਕਿ ਜਾਨ ਕੰਪਨੀ ਦਾ ਇਕ ਖ਼ੁਫ਼ੀਆ ਅਖ਼ਬਾਰ ਨਵੀਸ ਉਨ੍ਹਾਂ ਦਿਨਾਂ ਵਿਚ ਸਿੱਖ ਦਲ ਦੀਆਂ ਖ਼ਬਰਾਂ ਅੰਗਰੇਜ਼ਾਂ ਨੂੰ ਭੇਜ

ਰਿਹਾ ਸੀ। ਜ਼ਾਬਤਾ ਖ਼ਾਨ ਨੇ ਸਿੱਖਾਂ ਦਾ ਮੁਕਾਬਲਾ ਕਰਨ ਲਈ ਕੋਈ ਕਦਮ ਨਾ ਉਠਾਇਆ ਅਤੇ ਸਿੱਖਾਂ ਨੇ ਉਸ ਦੇ ਇਲਾਕੇ ਵਿਚ ਕਈ ਕਿਲ੍ਹੇ ਤੋੜ ਸੁੱਟੇ। ਲਖਨੌਂਟੀ, ਜਾਮਗੜ੍ਹ, ਅਤੇ ਅੰਬੇਹਟਾ ਆਦਿ ਤੋਂ ਸਿੱਖਾਂ ਨੇ ਕਰ ਉਘਰਾਹਿਆ। ਇਸ ਦੇ ਉਪਰੰਤ, ਖ਼ਾਲਸੇ ਦੇ ਦਲਾਂ ਨੇ ਦਿਉਬੰਦ ਨੂੰ ਘੇਰ ਲਿਆ। ਇਹ ਉਹੋ ਦਿਉਬੰਦ ਹੈ ਜੋ ਵਰਤਮਾਨ ਸਮੇਂ ਵਿਚ ਮੁਸਲਮਾਨਾਂ ਦੀ ਦੀਨੀ ਵਿੱਦਿਆ ਦਾ ਬੜਾ ਭਾਰੀ ਕੇਂਦਰ ਹੋਣ ਕਰਕੇ ਪ੍ਰਸਿੱਧ ਹੈ। ਥੋੜ੍ਹੇ ਜਿਹੇ ਮੁਕਾਬਲੇ ਪਿਛੋਂ ਦਿਉਬੰਦ ਦਾ ਕਿਲ੍ਹਾ ਵੀ ਟੁੱਟ ਗਿਆ ਅਤੇ ਇਹ ਰਾਏ ਸਿੰਘ ਭੰਗੀ ਦੇ ਹਿੱਸੇ ਵਿਚ ਆਇਆ। ਇਥੋਂ ਸਿੱਖ ਦਲਾਂ ਨੇ ਗੌਸਗੜ੍ਹ ਦਾ ਰੁਖ ਕੀਤਾ ਜੋ ਰਹੇਲਖੰਡ ਦੀ ਰਾਜਧਾਨੀ ਸੀ। ਜ਼ਾਬਤਾ ਖ਼ਾਨ ਨੇ ਸਿੰਘਾਂ ਦੇ ਮੁਕਾਬਲੇ ਦੀ ਕੋਈ ਤਿਆਰੀ ਨਾ ਕੀਤੀ ਅਤੇ ਅੱਗੇ ਹੋ ਕੇ ਪੰਜਾਹ ਹਜ਼ਾਰ ਰੁਪਏ ਦੀ ਨਜ਼ਰ ਲੈ ਕੇ ਜਾ ਮਿਲਿਆ। ਇਥੇ ਜ਼ਾਬਤਾ ਖ਼ਾਨ ਅਤੇ ਸਿੱਖਾਂ ਦੇ ਦਰਮਿਆਨ ਇਕ ਸੰਧੀ ਹੋਈ ਜੋ ਕਿ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੇ ਬਰਖ਼ਿਲਾਫ਼ ਸੀ। ਇਸ ਤੋਂ ਪਿਛੋਂ ਜ਼ਾਬਤਾ ਖ਼ਾਨ ਮਰਦੇ ਦਮ ਤਕ ਆਪਣੇ ਕੌਲ ਕਰਾਰਾਂ ਤੇ ਪਰਪੱਕ ਰਿਹਾ। ਜਿਥੋਂ ਤਕ ਦਿੱਲੀ ਦੇ ਬਾਦਸ਼ਾਹ ਦੀ ਮੁਖ਼ਾਲਫ਼ਤ ਦਾ ਸੰਬੰਧ ਸੀ, ਸਿੱਖਾਂ ਅਤੇ ਜ਼ਾਬਤਾ ਖ਼ਾਨ ਦਾ ਪ੍ਰਸਪਰ ਸਮਝੌਤਾ ਅਹਿੱਲ ਰਿਹਾ। ਜ਼ਾਬਤਾ ਖ਼ਾਨ ਇਸ ਵੇਲੇ ਬੜੇ ਵਿਸ਼ਾਲ ਸੁਫ਼ਨੇ ਲੈ ਰਿਹਾ ਸੀ। ਉਸ ਦਾ ਮਨਸ਼ਾ ਇਹ ਸੀ ਕਿ ਉਹ ਨਾ ਕੇਵਲ ਦਿੱਲੀ ਦੇ ਬਾਦਸ਼ਾਹ ਨੂੰ ਹੀ ਕੋਈ ਹਾਲ੍ਹਾ ਭਰੇ ਸਗੋਂ ਆਪ ਸਿੰਘ ਸਜ ਕੇ ਅਤੇ ਖ਼ਾਲਸਾ ਦਲਾਂ ਦੀ ਸਹਾਇਤਾ ਨਾਲ ਉੱਤਰੀ ਤੇ ਪੂਰਬੀ ਹਿੰਦੁਸਤਾਨ ਵਿਚ ਇਕ ਮਹਾਨ ਸਲਤਨਤ ਦੀ ਬੁਨਿਆਦ ਰੱਖੇ ਅਤੇ ਇਸ ਤਰ੍ਹਾਂ ਆਪਣੇ ਖਾਨਦਾਨ ਅਤੇ ਖ਼ਾਲਸੇ ਨੂੰ ਸਾਰੇ ਹਿੰਦੁਸਤਾਨ ਵਿਚ ਇਕ ਸ਼ਰੋਮਣੀ ਤਾਕਤ ਬਣਾ ਦੇਵੇ। ਇਹ ਗੱਲ ਨਿਸਚੇ ਹੈ ਕਿ ਇਸ ਸਮੇਂ ਜ਼ਾਬਤਾ ਖ਼ਾਨ ਦਾ ਪਿਆਰ ਸਿੱਖ ਧਰਮ ਨਾਲ ਪ੍ਰਪੱਕ ਹੋ ਚੁੱਕਾ ਸੀ ਅਤੇ ਉਸ ਦਾ ਇਰਾਦਾ, ਇਕ ਸਿੱਖ ਸਰਦਾਰ ਦੀ ਸ਼ਕਲ ਵਿਚ ਸਾਰੇ ਹਿੰਦੁਸਤਾਨ ਉਤੇ ਛਾ ਜਾਣ ਦਾ ਸੀ।

5

ਸਿੱਖਾਂ ਨਾਲ ਸਮਝੌਤਾ ਕਰਨ ਤੋਂ ਪਿਛੋਂ, ਜ਼ਾਬਤਾ ਖ਼ਾਨ ਦਿੱਲੀ ਦੇ ਮੁਗ਼ਲ ਸ਼ਹਿਨਸ਼ਾਹ ਨਾਲ ਖੁਲ੍ਹਮ-ਖੁਲ੍ਹਾ ਵਿਗੜ ਗਿਆ। ਉਸ ਨਜ਼ੂਲ ਜ਼ਮੀਨਾਂ ਪਰਤਾਣ ਅਥਵਾ ਸ਼ਾਹੀ ਕਰ ਭਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਸ਼ਹਿਨਸ਼ਾਹ ਨੇ ਜਵਾਬ ਵਿਚ ਜ਼ਾਬਤਾ ਖ਼ਾਨ ਦੇ ਕੁਛ ਖ਼ਿਤਾਬ, ਮੀਰ ਬਖਸ਼ੀ, ਆਦਿ ਜ਼ਬਤ ਕਰ ਲਏ ਅਤੇ ਨਜ਼ਫ਼ ਖ਼ਾਨ ਨੂੰ ਹੁਕਮ ਦਿੱਤਾ ਕਿ ਉਹ ਰੋਹੇਲ ਖੰਡ ਤੇ ਚੜ੍ਹਾਈ ਕਰਕੇ ਜ਼ਾਬਤਾ ਖ਼ਾਨ ਨੂੰ ਦੰਡ ਦੇਵੇ। ਜਦੋਂ ਸ਼ਾਹੀ ਲਸ਼ਕਰ ਗੌਸਗੜ੍ਹ ਵੱਲ ਵੱਧਣ ਲੱਗਾ ਤਦ ਜ਼ਾਬਤਾ ਖ਼ਾਨ ਨੇ ਆਪਣੇ ਮੀਰ ਮੁਨਸ਼ੀ ਮਨਸੁਖ ਰਾਏ ਨੂੰ ਸਿੱਖਾਂ ਵੱਲ ਭੇਜਿਆ ਅਤੇ ਸਿੱਖਾਂ ਨੇ ਛੇ ਹਜ਼ਾਰ ਘੋੜ ਚੜ੍ਹੇ ਸ਼ਾਹੀ ਫ਼ੌਜਾਂ ਨਾਲ ਮੁਕਾਬਲੇ ਲਈ ਭੇਜੇ।

ਸਿੱਖਾਂ ਨੇ ਹਰਾਵਲੀ ਝੜਪਾਂ ਵਿਚ ਸ਼ਾਹੀ ਲਸ਼ਕਰ ਨੂੰ ਇਕ ਤੋਂ ਵੱਧ ਹਾਰ ਦਿੱਤੀ ਅਤੇ ਇਹ ਸੁਣ ਕੇ ਸ਼ਹਿਨਸ਼ਾਹ ਆਪ ਫ਼ੌਜਾਂ ਦੀ ਕਮਾਨ ਕਰਨ ਚੱਲ ਪਿਆ। ਸ਼ਹਿਨਸ਼ਾਹ ਨੇ ਆਪਣਾ ਕੈਂਪ ਰਾਏ ਪੁਰ ਗੱਡਿਆ, ਜਿਸ ਉੱਤੇ ਕਿ ਸਿੱਖ ਤੇ ਰੋਹੇਲੇ ਬਿਜਲੀ ਵਾਂਗਰ ਆ ਪਏ ਅਤੇ ਸ਼ਾਹੀ ਸੈਨਾ ਨੂੰ ਭਾਂਜ ਦੇ ਦਿੱਤੀ। ਇਤਨੇ ਨੂੰ ਵੱਡਾ ਸ਼ਾਹੀ ਲਸ਼ਕਰ ਵੀ ਨਜਫ਼ ਖ਼ਾਨ ਦੀ ਕਮਾਨ ਹੇਠਾਂ ਪੁੱਜ ਗਿਆ। ਸਿੱਖਾਂ ਨੇ ਵਲੇਵਾਂ ਪਾ ਕੇ ਸ਼ਾਹੀ ਲਸ਼ਕਰ ਦੀ ਸੱਜੀ ਬਾਹੀ ਉਤੇ ਹੱਲਾ ਬੋਲ ਦਿੱਤਾ ਅਤੇ ਸ਼ਾਹੀ ਤੋਪਖਾਨਾ ਬਰਬਾਦ ਕਰ ਦਿੱਤਾ, ਪਰੰਤੂ ਦੂਸਰੇ ਪਾਸਿਓਂ ਸ਼ਾਹੀ ਲਸ਼ਕਰ ਦੀ ਗਿਣਤੀ ਦੇ ਸਾਹਮਣੇ ਰੋਹੇਲੇ ਧਕੇਲੇ ਗਏ ਅਤੇ ਇਸ ਤਰ੍ਹਾਂ ਜ਼ਾਬਤਾ ਖ਼ਾਨ ਨੂੰ ਭਾਜੜ ਪੈ ਗਈ। ਇਸ ਅਫੜਾ-ਤਫੜੀ ਵਿਚ ਜ਼ਾਬਤਾ ਖ਼ਾਨ ਆਪਣੇ ਪੁੱਤਰ ਗ਼ੁਲਾਮ ਕਾਦਰ ਸਮੇਤ ਸਿੱਖ ਦਲ ਵਿਚ ਪਹੁੰਚ ਗਿਆ ਅਤੇ ਉਹਨਾਂ ਦੀ ਸ਼ਰਨ ਮੰਗੀ। ਸਿੱਖ ਦਲ ਜ਼ਾਬਤਾ ਖ਼ਾਨ ਸਮੇਤ ਜਮਨਾ ਦੇ ਉਰਾਰ ਮੁੜ ਆਇਆ।

6

ਵਿਸਾਖੀ ਦਾ ਉਤਸਵ ਕੁਝ ਦਿਨਾਂ ਪਿੱਛੋਂ ਹੀ ਆ ਗਿਆ ਅਤੇ ਸਿੱਖ ਦਲਾਂ ਨੇ ਖ਼ਾਲਸੇ ਦੇ ਇਸ ਜਨਮ ਦਿਨ ਨੂੰ ਬੜੇ ਉਤਸ਼ਾਹ ਨਾਲ ਮਨਾਇਆ। ਸਵੇਰੇ ਦੇ ਦੀਵਾਨ ਵਿਚ ਜ਼ਾਬਤਾ ਖ਼ਾਨ ਆਪਣੇ ਪੁੱਤਰ ਗ਼ੁਲਾਮ ਕਾਦਰ ਸਮੇਤ ਹੱਥ ਬੰਨ੍ਹ ਕੇ ਖੜਾ ਹੋ ਗਿਆ ਅਤੇ ਅੰਮ੍ਰਿਤ ਛੱਕਣ ਦੀ ਯਾਚਨਾ ਕੀਤੀ। ਕਰਮ ਸਿੰਘ ਨਿਰਮਲਾ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੀ। ਸੰਗਤਾਂ ਦੀ ਆਗਿਆ ਲੈ ਕੇ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਜ਼ਾਬਤਾ ਖ਼ਾਨ ਤੇ ਉਸ ਦੇ ਪੁੱਤਰ ਨੂੰ ਮਰਯਾਦਾ ਅਨੁਸਾਰ ਛਕਾਇਆ ਗਿਆ। ਜ਼ਾਬਤਾ ਖ਼ਾਨ ਦਾ ਨਵਾਂ ਨਾਂ ਧਰਮ ਸਿੰਘ ਅਤੇ ਉਸ ਦੇ ਪੁੱਤਰ ਦਾ ਕਰਮ ਸਿੰਘ ਰਖਿਆ ਗਿਆ।

7

ਕਨਿੰਘਮ ਆਪਣੀ ਪੁਸਤਕ, 'ਸਿੱਖਾਂ ਦੀ ਤਵਾਰੀਖ਼', ਦੇ 117 ਸਫ਼ੇ ਉਤੇ ਲਿਖਦਾ ਹੈ : "ਜ਼ਾਬਤਾ ਖ਼ਾਨ ਸਿੱਖਾਂ ਨਾਲ ਬਣਾਈ ਰਖਣ ਦਾ ਇਸ ਹੱਦ ਤਕ ਚਾਹਵਾਨ ਸੀ ਕਿ ਕਿਹਾ ਜਾਂਦਾ ਹੈ ਕਿ ਉਸ ਨੇ ਪਾਹੁਲ ਲੈ ਲਈ ਅਤੇ ਆਪਣਾ ਨਾਮ ਡਰੁਮ ਸਿੰਘ ਰਖਵਾ ਲਿਆ।" ਫ਼ਾਰਸਟਰ ਆਪਣੀ ਪੁਸਤਕ ਦੇ 325 ਸਫ਼ੇ ਉਤੇ ਲਿਖਦਾ ਹੈ ਕਿ "ਰੋਹੇਲਾ ਸਰਦਾਰ, ਜੋ ਕਿ ਨਜੀਬੁਦੌਲਾ ਦਾ ਪੁੱਤਰ ਸੀ, ਸਿੱਖਾਂ ਸਾਹਮਣੇ ਬਿਲਕੁਲ ਨਾ ਅੜਿਆ, ਉਨ੍ਹਾਂ ਦੀ ਪ੍ਰਸੰਨਤਾ ਲੈਣ ਲਈ, ਇਹ ਗੱਲ ਆਮ ਮਸ਼ਹੂਰ ਹੈ ਕਿ ਉਹ ਗੁਰੂ ਨਾਨਕ ਦੇ ਧਰਮ ਵਿਚ ਆ ਗਿਆ ਤੇ ਆਪਣਾ ਨਾਂ ਧਰਮ ਸਿੰਘ ਰਖਵਾ ਲਿਆ।" ਜਾਪਦਾ ਹੈ ਕਿ ਜ਼ਾਬਤਾ ਖ਼ਾਨ ਜੋ ਕਿ ਹੁਣ ਸਰਦਾਰ ਧਰਮ ਸਿੰਘ ਬਣ ਚੁੱਕਾ ਸੀ ਆਪਣੇ ਜੀਵਨ ਦੇ ਅਖ਼ੀਰ ਦਿਨਾਂ ਤਕ ਇਹ ਸ਼ਰਧਾਵਾਨ ਸਿੱਖ ਦਾ ਜੀਵਨ ਬਤੀਤ ਕਰਦਾ ਰਿਹਾ। ਜੋ ਸਮਝੌਤਾ ਉਸ ਦੇ

ਅਤੇ ਜਮਨਾ ਪਾਰ ਖ਼ਾਲਸੇ ਦੇ ਦਲਾਂ ਦੇ ਦਰਮਿਆਨ 1775 ਵਿਚ ਹੋ ਚੁੱਕਾ ਸੀ, ਉਹ ਹੋਰ ਵੀ ਪ੍ਰਪੱਕ ਹੋ ਗਿਆ ਅਤੇ ਉਸ ਦੇ ਸਿੰਘ ਸਜਣ ਨਾਲ ਉਸ ਦਾ ਦਬ-ਦਬਾ ਬਹੁਤ ਵੱਧ ਗਿਆ ਸੀ। ਦਿੱਲੀ ਦੇ ਸ਼ਹਿਨਸ਼ਾਹ ਨੇ ਕਈ ਯਤਨ ਜ਼ਾਬਤਾ ਖ਼ਾਨ ਨੂੰ ਆਪਣੀ ਵੱਲ ਖਿੱਚਣ ਦੇ ਕੀਤੇ, ਪਰੰਤੂ ਜ਼ਾਬਤਾ ਖ਼ਾਨ ਨੇ ਉਹ ਸਭ ਠੁਕਰਾ ਦਿਤੇ ਅਤੇ ਉਹ ਸ਼ਹਿਨਸ਼ਾਹ ਦਾ ਇਕ ਅਝਕਵਾਂ ਸ਼ਤਰੂ ਬਣਿਆ ਰਿਹਾ। ਰੋਹੇਲਖੰਡ ਦੇਸ਼ ਵਿਚ ਉਸ ਦੇ ਸਿੰਘ ਸਜਣ ਕਰਕੇ ਉਸ ਨੂੰ ਕੁਝ ਦਿੱਕਤਾਂ ਪੇਸ਼ ਆਈਆਂ। ਰੋਹੇਲੇ ਅਸਲ ਵਿਚ ਪਠਾਣ ਸਨ ਜੋ ਕਿ ਅਠਾਰ੍ਹਵੀਂ ਸਦੀ ਦੇ ਆਦਿ ਵਿਚ ਦਿੱਲੀ ਅਤੇ ਹਿਮਾਲਿਆ ਦੇ ਦਰਮਿਆਨੀ ਦੇਸ਼ ਵਿੱਚ ਤਾਕਤ ਪਕੜ ਗਏ ਸਨ। ਬਰੇਲੀ ਇਸ ਦੇਸ਼ ਦਾ ਵੱਡਾ ਸ਼ਹਿਰ ਸੀ ਅਤੇ ਰੋਹੇਲਿਆਂ ਵਿਚ ਕਈ ਸਰਦਾਰ ਸਨ, ਜਿਨ੍ਹਾਂ ਵਿਚ ਸਭ ਤੋਂ ਮਹਾਨ ਸਰਦਾਰ ਜ਼ਾਬਤਾ ਖ਼ਾਨ ਸੀ। ਜ਼ਾਬਤਾ ਖ਼ਾਨ ਦਾ ਇਲਾਕਾ ਸਹਾਰਨਪੁਰ ਤੋਂ ਲੈ ਕੇ ਜਮਨਾ ਦੇ ਨਾਲ-ਨਾਲ ਦਿੱਲੀ ਨਾਲ ਆ ਲੱਗਦਾ ਸੀ। ਉਸ ਤੋਂ ਅੱਗੇ ਇਕ ਹੋਰ ਰੋਹੇਲਾ ਸਰਦਾਰ, ਹਾਫਜ਼ ਰਹਿਮਾਨ ਖ਼ਾਨ ਦਾ ਦੇਸ਼ ਸੀ ਜੋ ਕਿ ਸ਼ੁਜਾਉਲ-ਦੌਲਾ, ਨਵਾਬ ਅਵਧ ਦੇ ਇਲਾਕੇ ਨਾਲ ਜਾ ਮਿਲਦਾ ਸੀ। ਰੋਹੇਲੇ ਰਲ ਮਿਲ ਕੇ ਇਕ ਲੱਖ ਘੁੜ ਚੜ੍ਹਾ ਤੇ ਇਕ ਲੱਖ ਪਿਆਦਾ ਰਣਭੂਮੀ ਵਿਚ ਲਿਆ ਸਕਦੇ ਸਨ, ਪਰੰਤੂ ਇਹ ਰੋਹੇਲੇ ਸਿਪਾਹੀ ਚੰਗੀ ਤਰ੍ਹਾਂ ਹਥਿਆਰਬੰਦ ਨਹੀਂ ਸਨ। ਜ਼ਾਬਤਾ ਖ਼ਾਨ ਦੇ ਸਿੰਘ ਸਜਣ ਪਿਛੋਂ ਬਾਕੀ ਰੋਹੇਲੇ ਸਰਦਾਰਾਂ ਨੇ ਉਸ ਦੀ ਜੱਥੇਦਾਰੀ ਹੇਠਾਂ ਰਣਭੂਮੀ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ, ਪਰ ਖ਼ਾਲਸੇ ਦਾ ਇਤਨਾ ਦਬ-ਦਬਾ ਉਸ ਵੇਲੇ ਸੀ ਕਿ ਕਿਸੇ ਨੂੰ ਏਨਾ ਹੌਂਸਲਾ ਨਾ ਪਿਆ ਕਿ ਜ਼ਾਬਤਾ ਖ਼ਾਨ ਦੇ ਇਲਾਕੇ ਦੀ ਇਕ ਇੰਚ ਜ਼ਮੀਨ 'ਤੇ ਵੀ ਕਬਜ਼ਾ ਕਰੇ ਜਾਂ ਉਸ ਨੂੰ ਕਿਸੇ ਹੋਰ ਢੰਗ ਨਾਲ ਵੰਗਾਰੇ।

8

ਸਰਦਾਰ ਧਰਮ ਸਿੰਘ, ਉਰਫ਼ ਜ਼ਾਬਤਾ ਖ਼ਾਨ ਹੁਣ ਬੁੱਢਾ ਹੋ ਰਿਹਾ ਸੀ। ਉਸ ਦਾ ਪੁੱਤਰ ਗ਼ੁਲਾਮ ਕਾਦਰ ਨਵਾਬ ਅਵਧ ਦੇ ਹੱਥਾਂ ਤੇ ਚੜ੍ਹ ਗਿਆ ਸੀ, ਜਿਸ ਨੇ ਕਿ ਉਸ ਨੂੰ ਬਹੁਤ ਸਾਰਾ ਧਨ, ਕੁਝ ਸੁੰਦਰੀਆਂ ਅਤੇ ਪੰਜ ਹਜ਼ਾਰੀ ਦਾ ਮਨਸਬ ਦੇ ਕੇ ਆਪਣੇ ਵੱਲ ਕਰ ਲਿਆ ਹੋਇਆ ਸੀ। ਇਸ ਸਮੇਂ ਜ਼ਾਬਤਾ ਖ਼ਾਨ ਨੇ ਜਮਨਾ ਪਾਰ ਖ਼ਾਲਸੇ ਨੂੰ ਬੇਨਤੀ ਕੀਤੀ ਅਤੇ ਉਥੋਂ ਗਿਆਰਾਂ ਸੌ ਘੁੜ-ਚੜ੍ਹਿਆਂ ਦਾ ਇਕ ਜੱਥਾ ਰੋਹੇਲੇ ਸਰਦਾਰ ਦੀ ਮਦਦ ਕਰਨ ਵਾਸਤੇ ਆਇਆ। ਧਰਮ ਸਿੰਘ ਨੇ ਇਸ ਜੱਥੇ ਨੂੰ ਪੱਥਰ ਗੜ੍ਹ ਨਾਮੀ ਕਿਲ੍ਹੇ ਵਿਚ ਮੁਕੀਮ ਕਰ ਦਿੱਤਾ। ਜਾਪਦਾ ਹੈ ਕਿ ਧਰਮ ਸਿੰਘ ਦਾ ਮਨਸ਼ਾ ਇਸ ਵੇਲੇ ਅਵਧ ਦੇ ਨਵਾਬ ਵੱਲੋਂ ਆਪਣੇ ਹੱਕਾਂ ਦੀ ਰਖਵਾਲੀ ਕਰਨ ਦਾ ਸੀ। ਇਹ ਪਤਾ ਨਹੀਂ ਲੱਗਾ ਕਿ ਕਿਉਂ, ਪਰ ਅਗਲੇ ਸਾਲ ਇਹ ਗਿਆਰਾਂ ਸੌ ਘੁੜ-ਚੜ੍ਹਿਆਂ ਦਾ ਜੱਥਾ ਪੱਥਰ ਗੜ੍ਹ ਕਿਲ੍ਹੇ ਨੂੰ ਛੱਡ ਕੇ ਜਮਨਾ ਟੱਪ

ਆਇਆ। ਸੰਨ 1784 ਦੀਆਂ ਗਰਮੀਆਂ ਵਿਚ ਧਰਮ ਸਿੰਘ ਨੇ ਇਕ ਦਰਦ ਭਰੀ ਅਰਦਾਸ ਕਰਮ ਸਿੰਘ ਨਿਰਮਲ ਵੱਲ ਲਿਖੀ ਜੋ ਕਿ ਉਸ ਵੇਲੇ ਬੂੜੀਏ ਡੇਰਾ ਘੱਤੀ ਬੈਠਾ ਸੀ। ਜਾਪਦਾ ਇਹ ਹੈ ਕਿ ਮੁਸਲਮਾਨ ਰੋਹੇਲੇ ਸਰਦਾਰਾਂ ਨੇ ਤਅੱਸਬ ਦੇ ਕਾਰਨ ਧਰਮ ਸਿੰਘ ਲਈ ਬਹੁਤ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਸਨ ਅਤੇ ਇਸ ਵੇਲੇ ਉਹ ਸੱਚੀਂ-ਮੁੱਚੀਂ ਮੁਸ਼ਕਲ ਵਿੱਚ ਸੀ। ਆਪਣੀ ਅਰਦਾਸ ਵਿੱਚ ਉਹ ਲਿਖਦਾ ਹੈ : "ਤੁਸੀਂ ਆਦਮੀ ਛੇਤੀ ਭੇਜੋ। ਤੁਹਾਡੀ ਸਹਾਇਤਾ ਤੋਂ ਬਿਨਾਂ ਮੈਨੂੰ ਕੋਈ ਠਾਹਰ ਨਹੀ । ਮੇਰਾ ਘਰ ਤੁਹਾਡਾ ਘਰ ਹੈ ਅਤੇ ਤੁਹਾਡਾ ਹੁਕਮ ਮੇਰੇ ਸਿਰ ਮੱਥੇ।" ਜਾਪਦਾ ਇਉਂ ਹੈ ਕਿ ਜ਼ਾਬਤਾ ਖ਼ਾਨ ਨੂੰ ਅਤਿ ਲੋੜੀਂਦੀ ਮਦਦ ਸਮੇਂ ਸਿਰ ਨਹੀਂ ਪੁੱਜੀ ਅਤੇ ਇਕ ਦਿਨ ਰਾਜਨੀਤੀ ਵਿਚਾਰ ਕੇ ਜੁੰਮੇਂ ਵਾਲੇ ਦਿਨ ਉਹ ਜਾਮਾ ਮਸਜਦ ਵਿੱਚ ਨਮਾਜ਼ ਪੜ੍ਹਨ ਚਲਾ ਗਿਆ। ਇਹ ਕੋਈ ਭੇਦ ਨਹੀਂ ਸੀ ਕਿ ਉਸੇ ਸਵੇਰ ਉਹ ਗੁਰੂ ਗਰੰਥ ਸਾਹਿਬ ਦਾ ਪਾਠ ਸ੍ਵਨ ਕਰਕੇ ਆਇਆ ਸੀ, ਜਿਸ ਉਤੇ ਸ਼ਹਿਰ ਦੇ ਇਕ ਵੇਹਲੜ ਨੇ ਇਹ ਦੋਹੜਾ ਘੜ ਕੇ ਪ੍ਰਚੱਲਤ ਕਰ ਦਿੱਤਾ :

ਐਸਾ ਏਕ ਗੁਰੂ ਕਾ ਚੇਲਾ,
ਆਧਾ ਸਿੱਖ ਆਧਾ ਰੋਹੇਲਾ।

21 ਜਨਵਰੀ 1785 ਨੂੰ ਬਿਰਧ ਅਵਸਥਾ ਵਿਚ ਦੁੱਖਾਂ ਦੇ ਭਾਰ ਹੇਠਾਂ ਦਬਿਆ ਹੋਇਆ ਅਤੇ ਚਵ੍ਹਾਂ ਪਾਸਿਆਂ ਤੋਂ ਸ਼ਰੀਕਾਂ ਨਾਲ ਘਿਰਿਆ ਹੋਇਆ, ਆਪਣੇ ਨੇਵੇਂ ਧਰਮ-ਭਰਾਵਾਂ ਦਾ ਵਿਸਾਰਿਆ ਹੋਇਆ, ਸਰਦਾਰ ਧਰਮ ਸਿੰਘ ਉਰਫ਼ ਜ਼ਾਬਤਾ ਖ਼ਾਨ, ਗੌਂਸ ਗੜ੍ਹ ਦੇ ਕਿਲ੍ਹੇ ਵਿੱਚ, ਜਿਸ ਦਾ ਨਾਮ ਕਿ ਉਸ ਨੇ ਸ਼ਰਧਾ ਨਾਲ, ਗੁਰੂ ਗੜ੍ਹ ਰੱਖ ਦਿੱਤਾ ਸੀ, ਕੁਲ ਦੋ ਦਿਨ ਬੀਮਾਰ ਰਹਿ ਕੇ ਦਿਲ ਦੀ ਹਰਕਤ ਬੰਦ ਹੋਣ ਨਾਲ ਗੁਰ ਪੁਰੀ ਨੂੰ ਸਿਧਾਰ ਗਿਆ।

ਗੁਰੂ ਨਾਨਕ ਦੇਵ ਜੀ ਦਾ ਉਪਦੇਸ਼

ਗੁਰੂ ਨਾਨਕ ਦੇਵ ਜੀ ਨੇ 15 ਅਪ੍ਰੈਲ, ਸੰਨ 1469 ਈਸਵੀ ਨੂੰ ਤਲਵੰਡੀ ਰਾਇ ਭੋਇ, ਨਨਕਾਣਾ ਸਾਹਿਬ ਵਿਚ ਅਵਤਾਰ ਧਾਰਿਆ। ਸੱਤ ਸਾਲ ਦੀ ਆਯੂ ਵਿਚ ਪਿੰਡ ਦੇ ਪਾਂਧੇ ਕੋਲ ਪੜ੍ਹਨ ਪਏ ਤੇ ਉਸ ਤੋਂ ਦੇਵਨਾਗਰੀ ਅੱਖਰਾਂ ਦੇ ਲਿਖਣ ਪੜ੍ਹਨ ਦਾ ਬੋਧ ਤੇ ਲੰਡਿਆਂ ਵਿਚ ਬਹੀ ਖਾਤਾ ਤੇ ਪਹਾੜੇ ਆਦਿ ਸਿੱਖੇ। ਫੇਰ ਮੁੱਲਾਂ ਦੇ ਮਕਤਬ ਵਿਚ ਫ਼ਾਰਸੀ ਤੇ ਅਰਬੀ ਪੜ੍ਹੀ ਤੇ ਕੁਰਾਨ ਹਦੀਸ ਬਾਬਤ ਵਾਕਫ਼ੀ ਪ੍ਰਾਪਤ ਕੀਤੀ। ਕਈ ਸਾਲ ਸਾਧਾਂ ਫ਼ਕੀਰਾਂ ਨੂੰ ਮਿਲਦੇ ਮਿਲਾਂਦੇ ਰਹੇ ਤੇ ਉਸ ਸਮੇਂ ਅਤੇ ਪ੍ਰਾਚੀਨ ਸਮੇਂ ਦੇ ਧਰਮਾਂ ਤੇ ਸਾਹਿੱਤ ਦੀ ਗੂੜ੍ਹੀ ਪੜਚੋਲ ਕੀਤੀ। ਆਪਣੀਆਂ ਉਦਾਸੀਆਂ ਵਿੱਚ ਸਾਰੇ ਭਾਰਤ ਵਰਸ਼, ਅਰਬ, ਅਫ਼ਗਾਨਿਸਤਾਨ, ਇਰਾਕ ਤੇ ਦੀਪ-ਦੀਪਾਂਤ੍ਰਾਂ ਵਿੱਚ ਘੁੰਮੇ ਤੇ ਧਰਮ-ਕਸ਼ੇਤ੍ਰਾਂ ਤੇ ਧਾਰਮਿਕ ਆਗੂਆਂ ਤੇ ਜਨਤਾ ਨੂੰ ਆਪਣੇ ਉਪਦੇਸ਼ਾਂ ਤੇ ਵਿਚਾਰਾਂ ਨਾਲ ਪ੍ਰਭਾਵਤ ਕੀਤਾ। ਬੜੀ ਪ੍ਰਭਾਵਸ਼ਾਲੀ ਬਾਣੀ ਰਚੀ, ਆਪਣੀਆਂ ਕਥਾਵਾਂ ਉਪਦੇਸ਼ਾਂ ਨੂੰ ਆਪ ਹੀ ਸੰਗ੍ਰਹਿ ਕੀਤਾ ਤੇ ਲੰਡੇ, ਖਰੋਸ਼ਟੀ ਤੇ ਦੇਵਨਾਗਰੀ ਲਿੱਪੀਆਂ ਦੇ ਆਧਾਰ ਉਤੇ ਪੰਜਾਬੀ ਬੋਲੀ ਦੇ ਉਚਾਰਣਾਂ ਨੂੰ ਪ੍ਰਗਟ ਕਰਨ ਲਈ ਇਕ ਸੰਪੂਰਣ ਲਿੱਪੀ ਘੜ੍ਹੀ ਜੋ ਕਿ 'ਗੁਰਮੁਖੀ ' ਨਾਮ ਨਾਲ ਪ੍ਰਸਿੱਧ ਹੋਈ। ਆਰੀਆ ਤੇ ਸਾਮੀ ਸੰਸਕ੍ਰਿਤੀਆਂ ਤੇ ਉਹਨਾਂ ਉਤੇ ਨਿਰਭਰ ਸਮਾਜਾਂ ਦੀ ਤਿੱਖੀ ਪੜਚੋਲ ਕਰਕੇ ਉਨ੍ਹਾਂ ਦੇ ਗੁਣਾਂ-ਔਗੁਣਾਂ ਨੂੰ ਪੜਤਾਲਿਆ ਤੇ ਆਪਣੇ ਅਨੁਭਵੀ ਤੇ ਈਸ਼ਵਰ ਪ੍ਰੇਰਨਾ ਦੁਆਰਾ ਪ੍ਰਾਪਤ ਹੋਏ ਗਿਆਨ ਦੀਆਂ ਨੀਹਾਂ ਉਤੇ ਇਕ ਵਿਸ਼ਾਲ, ਮੁਕੰਮਲ ਤੇ ਪ੍ਰਭਾਵਸ਼ਾਲੀ ਧਰਮ ਨਿਰਮਤ ਕੀਤਾ, ਜਿਸ ਧਰਮ ਵਿਚੋਂ ਸਮਾਂ ਪਾ ਕੇ ਇਕ ਮਹਾਨ ਬਲੀ ਅਮਿੱਤ ਆਭਾ ਵਾਲਾ ਤੇ ਸ੍ਰਿਸ਼ਟੀ ਲਈ ਕਲਿਆਨਕਾਰੀ ਪੰਥ ਪ੍ਰਗਟਿਆ। 22 ਸਤੰਬਰ ਸੰਨ 1539 ਈਸਵੀ ਨੂੰ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਜਾਨ-ਨਸ਼ੀਨ ਥਾਪ ਕੇ ਗੁਰੂ ਨਾਨਕ ਦੇਵ ਜੀ ਜੋਤੀ-ਜੋਤ ਸਮਾ ਗਏ।

ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸਰਬ ਸੰਸਾਰ ਲਈ ਸਾਂਝਾ ਤੇ ਪ੍ਰਾਣੀ ਮਾਤਰ ਲਈ ਕਲਿਯਾਣਕਾਰੀ ਹੈ। ਉਨ੍ਹਾਂ ਦਾ ਸੁਨੇਹਾ ਹਰ ਇਨਸਾਨ ਨੂੰ ਭੀ ਹੈ ਤੇ

ਇਨਸਾਨੀ ਸਮਾਜ ਨੂੰ ਸਮੁੱਚੇ ਤੌਰ 'ਤੇ ਭੀ ਹੈ। ਪਹਿਲਾ ਉਪਦੇਸ਼ ਇਨਸਾਨ ਨੂੰ ਆਪਣੀ ਆਤਮਾ ਨੂੰ ਉੱਨਤ ਕਰਨ ਦਾ ਹੈ। ਤੇ ਨਾਮ, ਦਾਨ, ਇਸ਼ਨਾਨ, ਇਸ ਦਾ ਸਾਧਨ ਦੱਸਿਆ ਹੈ। ਈਸ਼ਵਰ ਭਗਤੀ, ਈਸ਼ਵਰ ਸਿਮਰਨ ਨਾਲ ਮਨ ਦੀ ਮੈਲ ਕੱਟਦੀ ਹੈ ਤੇ ਆਤਮਾ ਆਪਣੇ ਸ਼ੁੱਧ ਸਵਰੂਪ ਵਿੱਚ ਉਪਸਥਿਤ ਹੁੰਦਾ ਹੈ ਤੇ ਆਪਣੇ ਸ਼ੁੱਧ ਸਵਰੂਪ ਦੀ ਪ੍ਰਾਪਤੀ ਮਨੁਖ ਦਾ ਪਰਮ ਧਰਮ ਤੇ ਉਸ ਦੀ ਹੋਣੀ ਹੈ। ਦੂਸਰਾ ਉਪਦੇਸ਼ ਗੁਰੂ ਨਾਨਕ ਦੇਵ ਜੀ ਦਾ ਇਹ ਹੈ ਕਿ ਸੰਸਾਰ ਤੇ ਸਮਾਜ ਤੋਂ ਕੱਟ ਕੇ, ਵੱਖਰੇ ਹੋ ਕੇ, ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ ਤੇ ਉੱਨਤੀ ਤਥਾ ਹੋਂਦ ਅਸੰਭਵ ਹੈ, ਇਸ ਲਈ ਨਾਮ ਤੇ ਸਿਮਰਨ ਦੀ ਕਮਾਈ ਸਫ਼ਲ ਨਹੀਂ ਹੁੰਦੀ, ਪ੍ਰੇਮ ਤੇ ਸੇਵਾ ਤੋਂ ਬਿਨਾਂ। ਪ੍ਰੇਮ-ਧਰਮ ਤੇ ਸੇਵਾ ਧਰਮ, ਪੂੰਜੀ ਸੰਗ੍ਰਹਿ ਤੇ ਸੰਸਾਰ ਦੀ ਧਨ ਦੌਲਤ ਤੇ ਸੰਪਤੀ ਉਤੇ ਨਿੱਜੀ ਅਧਿਕਾਰ ਤੇ ਕਬਜ਼ਾ ਜਮਾਉਣ ਦੀ ਰੁਚੀ ਨਾਲ ਮੇਲ ਨਹੀਂ ਖਾਂਦਾ। ਇਸ ਲਈ ਗੁਰੂ ਜੀ ਦੀ ਸਿੱਖੀ ਕਿਰਤੀਆਂ ਤੇ ਵੰਡ ਛੱਕਣ ਵਾਲਿਆਂ ਦੀ ਸਿੱਖੀ ਹੈ, ਵੱਡੇ ਧਨਾਢਾਂ ਤੇ ਪੂੰਜੀਦਾਰਾਂ ਲਈ ਸਿੱਖੀ ਦਾ ਕਠਨ ਤੇ ਦੁਰਗਮ ਰਾਹ ਸੁਖੇਨ ਨਹੀਂ। ਤੀਸਰਾ ਉਪਦੇਸ਼ ਗੁਰੂ ਨਾਨਕ ਦੇਵ ਜੀ ਦਾ, ਜੋ ਉਪਦੇਸ਼ ਕਿ ਗੁਰੂ ਜੀ ਦੀ ਬੁਨਿਆਦੀ ਫ਼ਿਲਾਸਫ਼ੀ ਦਾ ਟਹਿਣਾ ਹੈ, ਇਹ ਹੈ ਕਿ ਜਿਵੇਂ ਇਨਸਾਨ ਖ਼ੁਦਗਰਜ਼ੀ ਦੀ, ਹਊਮੈ ਦੀ ਜਿੱਲ੍ਹਣ ਵਿੱਚੋਂ ਨਿਕਲ ਕੇ, ਇਕ ਸਮਾਜ ਵਿਚ ਪਰੋਤਾ ਗਿਆ ਹੈ, ਉਸੇ ਤਰ੍ਹਾਂ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ, ਵਿਸ਼ਵ-ਸਮਾਜ ਦੀ ਟੀਸੀ ਉਤੇ ਪੁੱਜੇ ਤਾਂ ਜੋ ਵਿਸ਼ਵ ਦਾ, ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

ਇਹ ਸੁਨੇਹਾ ਗੁਰੂ ਨਾਨਕ ਦੇਵ ਜੀ ਦਾ, ਇਹ ਚਹੂੰ ਵਰਨਾਂ ਨੂੰ ਸਾਂਝਾ ਉਪਦੇਸ਼ ਗੁਰੂ ਨਾਨਕ ਦੇਵ ਜੀ ਦਾ, ਸਾਡੇ ਲਈ ਤੇ ਸਰਬ ਸੰਸਾਰ ਲਈ, ਅੱਜ ਅਤੀ ਜ਼ਰੂਰੀ ਹੋ ਗਿਆ ਹੈ। ਜਿਨ੍ਹਾਂ ਨੇ ਗੁਰੂ ਜੀ ਦਾ ਉਪਦੇਸ਼ ਸੁਣਿਆ ਤੇ ਵਿਚਾਰਿਆ, ਜਿਹੜੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨਾਲ ਸਿੱਧੇ ਜਾਂ ਟੇਢੇ ਤੌਰ 'ਤੇ ਪ੍ਰਭਾਵਤ ਹੋਏ, ਉਹਨਾਂ ਨੂੰ ਛੱਡ ਕੇ, ਸੰਸਾਰ ਦੀਆਂ ਉਹ ਜਾਤੀਆਂ ਤੇ ਦੇਸ਼, ਮਨ, ਆਤਮਾ ਤੇ ਸਰੀਰ ਕਰਕੇ ਦੁੱਖੀ ਇਨਸਾਨੀਅਤ, ਅੱਜ ਇਕ ਧੁੰਦਲਾ ਜਿਹਾ ਪ੍ਰਕਾਸ਼ ਦੇਖ ਰਹੀਆਂ ਹਨ ਤੇ ਉਹਨਾਂ ਪਗਡੰਡੀਆਂ ਉੱਤੇ ਤੁਰ ਰਹੀਆਂ ਹਨ, ਜੋ ਅੰਤ ਨੂੰ ਉਸ ਜਰਨੈਲੀ ਸੜਕ, ਉਸ ਰਾਜਪੱਥ ਵਿਚ ਜਾ ਰਲਦੀਆਂ ਹਨ, ਜੋ ਗੁਰੂ ਨਾਨਕ ਦੇਵ ਜੀ ਦਾ ਪੰਥ, ਸਰਬ ਸੰਸਾਰ ਲਈ ਕਲਿਆਣਕਾਰੀ, ਪੱਖ-ਪਾਤ ਤੋਂ ਰਹਿਤ, ਗੁਰੂ ਜੀ ਦੇ ਉਪਦੇਸ਼ਾਂ, ਗੁਰੂ ਜੀ ਦੀ ਸਿੱਖੀ ਦਾ ਰਾਹ ਹੈ।

ਗੁਰੂ ਨਾਨਕ ਦੇਵ ਜੀ ਦਾ ਸਿੱਖੀ ਦਾ ਪ੍ਰਕਾਸ਼ ਅੱਜ ਸੰਸਾਰ ਦੀ ਧੁੰਦ ਨੂੰ ਮਿਟਾ

ਰਿਹਾ ਹੈ ਤੇ ਧਰਤੀ ਦੇ ਚੌਹਾਂ ਖੂੰਜਿਆਂ ਤੋਂ ਨਾਨਕ ਪ੍ਰਸਤ, ਨਾਨਕ ਪੰਥੀ ਉਠ ਰਹੇ ਹਨ, ਜਿਨ੍ਹਾਂ ਨੇ ਭਾਵੇਂ ਅਜੇ ਗੁਰੂ ਨਾਨਕ ਦੇਵ ਜੀ ਦਾ ਨਾਂ ਤੇ ਉਪਦੇਸ਼ ਨਹੀਂ ਸੁਣੇ, ਪਰ ਜੋ ਗੁਰੂ ਦੇ ਹੁਕਮ ਅੰਦਰ ਗੁਰੂ ਦੀ ਰੋਸ਼ਨੀ ਦੀ ਚਕਾ-ਚੂੰਧ ਨਾਲ, ਯੁੱਗਾਂ ਦੀ ਨੀਂਦ ਵਿਚੋਂ ਉੱਠੇ ਹਨ ਤੇ ਅਚਿੰਤੇ ਹੀ ਗੁਰੂ ਨਾਨਕ ਦੇਵ ਜੀ ਦੇ ਪੰਥ ਵੱਲ ਖਿੱਚੇ ਚਲੇ ਆ ਰਹੇ ਹਨ, ਉਹਨਾਂ ਨਾਨਕ-ਪੰਥੀਆਂ ਦੀ ਪਛਾਣ ਕਰਕੇ ਤੇ ਉਹਨਾਂ ਦੇ ਹਮ-ਅਹੰਗ ਹੋ ਕੇ, ਨਵੇਂ ਸੰਸਾਰ ਦੀ ਉਸਾਰੀ ਵਿਚ ਆਪਣਾ ਹਿੱਸਾ ਪਾਉਣਾ ਹੀ ਗੁਰੂ ਜੀ ਦੇ ਉਪਦੇਸ਼ ਨੂੰ ਸਹੀ ਤੌਰ 'ਤੇ ਸਮਝਣਾ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਭਾਸ਼ਾ-ਨੀਤੀ

ਪਿਛਲੇ ਦਿਨਾਂ ਵਿਚ ਪੰਜਾਬ ਵਿਚ ਦਫ਼ਤਰੀ ਬੋਲੀ ਅਤੇ ਰਾਜ-ਭਾਸ਼ਾ ਦੀ ਸਮੱਸਿਆ ਗਰਮ ਬਹਿਸ ਅਤੇ ਵਾਰਤਾਲਾਪ ਦਾ ਰੂਪ ਧਾਰਨ ਕਰ ਗਈ ਹੈ ਤੇ ਇਕ ਧੜੇ ਵੱਲੋਂ ਪ੍ਰਸ਼ਨ ਉਠਾਇਆ ਗਿਆ ਹੈ : ਪੰਜਾਬੀ ਦਫ਼ਤਰੀ ਬੋਲੀ ਜਾਂ ਰਾਜ-ਭਾਸ਼ਾ ਬਣਨ ਦੇ ਯੋਗ ਨਹੀਂ, ਜੇ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਆਪਣੇ ਸਮੇਂ ਅਵੱਸ਼ ਪੰਜਾਬੀ ਨੂੰ ਸਵਤੰਤਰ ਪੰਜਾਬ ਦੀ ਰਾਜ-ਭਾਸ਼ਾ ਅਤੇ ਦਫ਼ਤਰੀ ਬੋਲੀ ਬਣਾ ਦਿੰਦੇ। ਉਪਰੇ ਰੂਪ ਵਿਚ ਦੇਖਿਆਂ, ਇਹ ਦਲੀਲ ਵਜ਼ਨੀ ਤੇ ਨਿੱਗਰ ਜਾਪਦੀ ਹੈ। ਇਸ ਲਈ ਇਸ ਦਲੀਲ ਅਤੇ ਇਸ ਸਮੱਸਿਆ ਦੀ ਸੰਖੇਪ ਪੜਚੋਲ ਲਾਭਵੰਦੀ ਅਤੇ ਮਨੋਰੰਜਕ ਹੋਵੇਗੀ।

ਇਸ ਸਮੱਸਿਆ ਦਾ ਸਪੱਸ਼ਟ ਨਿਰੂਪਣ ਹੀ ਇਸ ਬਾਰੇ ਉਠਾਈਆਂ ਗਈਆਂ ਦਲੀਲਾਂ ਤੇ ਢੁੱਚਰਾਂ ਦਾ ਸਮਾਧਾਨ ਕਰਨ ਵਿਚ ਸਹਾਈ ਹੋ ਸਕਦਾ ਹੈ।

ਪਹਿਲਾ ਨੁਕਤਾ ਇਹ ਹੈ ਕਿ ਰਾਜ-ਭਾਸ਼ਾ ਤੇ ਦਫ਼ਤਰੀ ਬੋਲੀ ਦੋ ਵੱਖ-ਵੱਖਰੇ ਮਸਲੇ ਹਨ, ਇਕੋ ਮਸਲਾ ਨਹੀਂ ਅਤੇ ਇਹਨਾਂ ਮਸਲਿਆਂ ਨੂੰ ਹੱਲ ਕਰਨ ਸਮੇਂ ਵੱਖ-ਵੱਖਰੇ ਅਸੂਲ ਅਤੇ ਭਿੰਨ-ਭਿੰਨ ਸਿਧਾਂਤਾਂ ਨੂੰ ਨਿਖੇੜਨਾ ਪੈਂਦਾ ਹੈ। ਰਾਜ-ਭਾਸ਼ਾ ਉਹ ਹੈ ਜੋ ਕਿਸੇ ਦੇਸ਼ ਉੱਤੇ ਰਾਜ ਕਰਨ ਵਾਲੀ ਸ਼ਕਤੀ ਆਪਣੇ ਰਾਜਸੀ ਸੰਬੰਧ ਬਾਹਰ ਅੰਦਰ ਸਥਾਪਤ ਕਰਨ ਲਈ ਨਿਸ਼ਚਿਤ ਕਰਦੀ ਹੈ ਅਤੇ ਦਫ਼ਤਰੀ ਬੋਲੀ ਉਹ ਹੈ, ਜਿਸ ਦੁਆਰਾ ਰਾਜ-ਕਾਜ ਦੇ ਕੰਮਾਂ-ਕਾਰਾਂ ਦਾ ਉਸ ਰਾਜ ਦੀ ਪਰਜਾ ਨਾਲ ਸੰਪਰਕ ਹੁੰਦਾ ਹੈ। ਅੰਗਰੇਜ਼ੀ ਰਾਜ ਸਮੇਂ ਰਾਜ-ਭਾਸ਼ਾ ਅੰਗਰੇਜ਼ੀ ਸੀ ਅਤੇ ਪੰਜਾਬ ਵਿਚ ਦਫ਼ਤਰੀ ਬੋਲੀ ਉਰਦੂ ਸੀ। ਉੱਤਰ ਪ੍ਰਦੇਸ਼ ਵਿਚ ਦਫ਼ਤਰੀ ਬੋਲੀ ਉਰਦੂ ਅਤੇ ਦੇਵਨਾਗਰੀ ਹਿੰਦੀ ਸੀ। ਬੰਗਾਲ ਵਿਚ ਦਫ਼ਤਰੀ ਬੋਲੀ ਬੰਗਾਲੀ ਸੀ ਅਤੇ ਇਉਂ ਹੀ ਸਾਰੇ ਹਿੰਦੁਸਤਾਨ ਵਿਚ ਰਾਜ-ਭਾਸ਼ਾ ਅੰਗਰੇਜ਼ੀ ਸੀ ਅਤੇ ਦਫ਼ਤਰੀ ਬੋਲੀ ਭਿੰਨ-ਭਿੰਨ ਪ੍ਰਾਂਤਾਂ ਵਿਚ ਉਹ ਨਿਸ਼ਚਿਤ ਹੋਈ-ਹੋਈ ਸੀ, ਜਿਸ ਨਾਲ ਕਿ ਸਾਡੇ ਬਿਦੇਸ਼ੀ ਹਾਕਮ ਸਮਝਦੇ ਹਨ ਕਿ ਲੋਕਾਂ ਨਾਲ ਸੰਬੰਧ ਰੱਖਣ ਦਾ ਕੰਮ ਸਰ ਜਾਵੇਗਾ।

ਰਾਜ-ਭਾਸ਼ਾ ਨਿਸ਼ਚਿਤ ਕਰਨ ਵੇਲੇ ਕਿਨ੍ਹਾਂ ਸਿਧਾਂਤਾਂ ਨੂੰ ਮੁੱਖ ਰਖਿਆ ਜਾਂਦਾ ਹੈ ? ਇਹ ਭਾਸ਼ਾ ਉਹ ਹੈ, ਜਿਸ ਵਿਚ ਰਾਜ-ਸ਼ਕਤੀ ਬਾਹਰਲੀਆਂ ਰਾਜ-

ਸ਼ਕਤੀਆਂ ਨਾਲ ਗੱਲ-ਬਾਤ ਕਰਨ ਵੇਲੇ ਸ੍ਵੈ-ਪ੍ਰਗਟਾਓ ਕਰਨਾ ਚਾਹੁੰਦੀ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ, ਕੋਈ ਇਕ ਹਜ਼ਾਰ ਵਰ੍ਹਾ ਹਿੰਦੁਸਤਾਨ ਜਾਂ ਭਾਰਤ ਦੀ ਰਾਜ-ਭਾਸ਼ਾ ਫ਼ਾਰਸੀ ਸੀ। ਇਹ ਫ਼ਾਰਸੀ ਬੋਲੀ ਹਿੰਦੁਸਤਾਨ ਵਿਚ ਪ੍ਰਵੇਸ਼ ਕਰਨ ਵਾਲੇ ਸਭ ਵਿਜੇਈਆਂ ਦੀ ਮਾਤ-ਬੋਲੀ ਨਹੀਂ ਸੀ। ਤੁਰਕਾਂ ਅਤੇ ਬਾਬਰ ਦੀ ਮਾਤ-ਭਾਸ਼ਾ ਤੁਰਕੀ ਸੀ ਅਤੇ ਪਠਾਣਾਂ ਅਤੇ ਖ਼ਿਲਜੀਆਂ ਆਦਿ ਦੀ ਮਾਤ-ਭਾਸ਼ਾ ਪਸ਼ਤੂ ਸੀ। ਪਰ ਇਕ ਹਜ਼ਾਰ ਵਰ੍ਹਾ, ਮੁਸਲਮਾਨ ਰਾਜ ਸਮੇਂ, ਦਿੱਲੀ ਸੁਲਤਾਨਾਂ ਦਾ ਕੁਝ ਸਮਾਂ ਛੱਡ ਕੇ ਜਦੋਂ ਕਿ ਅਰਬੀ ਨੂੰ ਰਾਜ-ਭਾਸ਼ਾ ਅਸਥਾਪਤ ਕਰਨ ਦਾ ਜਤਨ ਕੀਤਾ ਗਿਆ, ਫ਼ਾਰਸੀ ਹੀ ਰਾਜ-ਭਾਸ਼ਾ ਰਹੀ। ਇਹ ਕਿਉਂ ਹੋਇਆ, ਜਦੋਂ ਕਿ ਈਰਾਨੀਆਂ ਦਾ ਸਾਮਰਾਜ ਭਾਰਤ ਉਤੇ ਕਦੇ ਵੀ ਸਥਾਪਤ ਨਹੀਂ ਹੋਇਆ, ਸਵਾਏ ਏਸ ਦੇ ਕਿ ਦਿੱਲੀ ਸ਼ਹਿਰ ਉਤੇ ਨਾਦਰ ਸ਼ਾਹ ਦਾ ਕਬਜ਼ਾ ਕੋਈ ਢਾਈ ਕੁ ਮਹੀਨੇ, ਅਠਾਰ੍ਹਵੀਂ ਸਦੀ ਦੇ ਪਿਛਲੇਰੇ ਅੱਧ ਵਿੱਚ ਰਿਹਾ ? ਕੀ ਇਉਂ ਸਮਝੀਏ ਕਿ ਤੁਰਕੀ, ਪਸ਼ਤੋ ਜਾਂ ਮੁਸਲਮਾਨਾਂ ਦੀ ਧਾਰਮਿਕ ਭਾਸ਼ਾ ਅਰਬੀ, ਰਾਜ-ਭਾਸ਼ਾ ਬਣਨ ਦੀ ਯੋਗਤਾ ਨਹੀਂ ਸਨ ਰੱਖਦੀਆਂ ? ਅਰਬੀ ਸੰਸਾਰ ਭਰ ਦੀਆਂ ਪ੍ਰਾਚੀਨ ਗੰਭੀਰ, ਵਿਸ਼ਾਲ ਤੇ ਸਭਯ ਬੋਲੀਆਂ ਵਿਚੋਂ ਇਕ ਬੋਲੀ ਹੈ ਅਤੇ ਪਿਛਲੇ ਡੇਢ ਹਜ਼ਾਰ ਸਾਲ ਤੋਂ ਮੱਧ-ਏਸ਼ੀਆ ਦੇ ਦੇਸ਼ਾਂ ਅਤੇ ਕਮਾਲ ਅਤਾਤੁਰਕ ਦੇ ਸਮੇਂ ਤੋਂ ਪਹਿਲਾਂ, ਤੁਰਕੀ ਸਾਮਰਾਜ ਦੀ ਯੂਰਪ ਅਤੇ ਏਸ਼ੀਆਈ ਦੇਸ਼ਾਂ ਵਿਚ ਰਾਜ-ਭਾਸ਼ਾ ਹੈ ਅਤੇ ਰਹੀ ਹੈ। ਮੁਸਲਮਾਨੀ ਰਾਜ ਸਮੇਂ ਸਾਡੇ ਦੇਸ਼ ਵਿਚ ਫ਼ਾਰਸੀ ਦੇ ਰਾਜ-ਭਾਸ਼ਾ ਨਿਸ਼ਚਿਤ ਹੋਣ ਦਾ ਕਾਰਨ ਇਹ ਸੀ ਕਿ ਉਸ ਸਮੇਂ ਸਭ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਅਤੇ ਹਿੰਦੁਸਤਾਨ ਦੇ ਉੱਤਰ ਪੱਛਮੀ ਸੀਮਾਂਤਕ ਬਿਦੇਸ਼ਾਂ ਵਿਚ ਫ਼ਾਰਸੀ ਬੋਲੀ ਪ੍ਰਮਾਣੀਕ ਸੱਭਿਅਤਾ ਦੀ ਬੋਲੀ ਸੀ ਅਤੇ ਇਸ ਕਰਕੇ ਇਨ੍ਹਾਂ ਸੀਮਾਂਤਕ ਬਿਦੇਸ਼ਾਂ ਵਿਚ ਰਾਜ ਦਰਬਾਰਾਂ ਵਿਚ ਬੋਲੀ ਅਤੇ ਵਰਤੀ ਜਾਂਦੀ ਸੀ। ਇਉਂ ਫ਼ਾਰਸੀ ਬੋਲੀ ਦਾ ਇਕ ਹਜ਼ਾਰ ਵਰ੍ਹਾ ਭਾਰਤ ਦੀ ਰਾਜ-ਭਾਸ਼ਾ ਨਿਸ਼ਚਿਤ ਹੋਣਾ, ਇਕ ਕੁਦਰਤੀ, ਸਾਧਾਰਣ ਅਤੇ ਅਵੱਸ਼ ਗੱਲ ਹੋ ਗਈ ਸੀ। ਇਉਂ ਹੀ ਅਠਾਰ੍ਹਵੀਂ ਸਦੀ ਤਕ ਸਾਰੇ ਯੂਰਪ ਦੇ ਦੇਸ਼ਾਂ ਵਿਚ, ਸਾਡੇ ਉੱਤੇ ਰਾਜ ਕਰਨ ਵਾਲੇ ਅੰਗਰੇਜ਼ਾਂ ਦੇ ਦੇਸ਼ ਵਿਚ ਭੀ, ਫਰਾਂਸੀਸੀ ਰਾਜ-ਭਾਸ਼ਾ ਕਰਕੇ ਵਰਤੀਂਦੀ ਸੀ ਅਤੇ ਸੈਂਕੜੇ ਸਾਲ ਇਉਂ ਵਰਤੀਂਦੀ ਰਹੀ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਈਸਟ ਇੰਡੀਆ ਕੰਪਨੀ ਵੀ, ਕੋਈ ਸੌ ਵਰ੍ਹਾ, ਫ਼ਾਰਸੀ ਨੂੰ ਰਾਜ-ਭਾਸ਼ਾ ਦੇ ਤੌਰ ਉੱਤੇ ਹਿੰਦੁਸਤਾਨ ਵਿੱਚ ਅਪਣਾਂਦੀ ਰਹੀ ਅਤੇ ਅੰਗਰੇਜ਼ੀ ਰਾਜ-ਭਾਸ਼ਾ ਦੇਸ਼ ਦੀ ਉਦੋਂ ਸੰਪੂਰਣ ਤੌਰ ਉੱਤੇ ਨਿਸ਼ਚਿਤ ਹੋਈ, ਜਦੋਂ ਭਾਰਤ ਉੱਤੇ ਅੰਗਰੇਜ਼ੀ ਸਾਮਰਾਜ ਦੇ ਪੈਰ ਅਜਿਹੇ ਪੱਕੇ ਹੋ ਗਏ ਕਿ ਹਿੰਦੁਸਤਾਨ ਏਸ਼ੀਆ ਨਾਲੋਂ ਕੱਟ ਕੇ, ਬ੍ਰਿਟਿਸ਼ ਸਾਮਰਾਜ ਅਤੇ ਯੂਰਪ ਦਾ ਇਕ ਅੰਗ ਬਣ ਗਿਆ। ਬ੍ਰਿਟਿਸ਼ ਸਾਮਰਾਜ ਦੇ ਸਾਰੇ

ਹਿੰਦੁਸਤਾਨ ਉੱਤੇ ਛਾ ਜਾਣ ਦਾ ਮੁਕਾਬਲਾ ਦੋ ਸ਼ਕਤੀਆਂ ਸਾਡੇ ਦੇਸ਼ ਵਿਚ ਅਠਾਰ੍ਹਵੀਂ ਸਦੀ ਦੇ ਪੂਰਬਾਰਧ ਵਿਚ ਕਰਦੀਆਂ ਰਹੀਆਂ, ਮਰਹੱਟੇ ਅਤੇ ਸਿੱਖ। ਮਹਾਰਾਜਾ ਰਣਜੀਤ ਸਿੰਘ ਦੇ ਦਫ਼ਤਰ ਅਤੇ ਪੇਸ਼ਵਾ ਦੇ ਦਫ਼ਤਰ, ਮਹਾਰਾਜਾ ਰਣਜੀਤ ਸਿੰਘ ਦੀ ਦਰਬਾਰੀ ਲਿਖਤ-ਪੜ੍ਹਤ ਅਤੇ ਮਰਹੱਟਿਆਂ ਦੇ ਅਸ਼ਟ ਮੰਤਰੀ ਮੰਡਲ ਦੇ ਰੀਕਾਰਡਾਂ ਦੀ ਬੋਲੀ ਫ਼ਾਰਸੀ ਹੀ ਸੀ ਅਤੇ ਅੰਤ ਤਕ ਰਹੀ। ਇਹ ਦਲੀਲ ਅਜੇ ਤਕ ਕਿਸੇ ਨਹੀਂ ਦਿੱਤੀ ਕਿ ਚੂੰਕਿ ਮਰਹੱਟਿਆਂ ਦੇ ਅਸ਼ਟ ਮੰਤਰੀ ਮੰਡਲ ਅਤੇ ਪੇਸ਼ਵਾ ਦੇ ਰਾਜਸੀ ਕੰਮ-ਕਾਜ ਦੀ ਬੋਲੀ ਫ਼ਾਰਸੀ ਹੀ ਨੀਯਤ ਹੋਈ ਤੇ ਰਹੀ, ਇਸ ਲਈ ਮਰਾਠੀ ਭਾਸ਼ਾ ਜਾਂ ਸੰਸਕ੍ਰਿਤ ਬੋਲੀ, ਜਿਹੜੀ ਕਿ ਹੁਣ ਸ਼ੁੱਧ ਹਿੰਦੀ ਬੋਲੀ ਦਾ ਭੇਸ ਵਟਾ ਕੇ ਸਾਰੇ ਭਾਰਤਵਰਸ਼ ਦੀ ਰਾਜ-ਭਾਸ਼ਾ; ਧਰਮ ਭਾਸ਼ਾ ਅਤੇ ਸੰਸਕ੍ਰਿਤੀਆ ਭਾਸ਼ਾ ਬਣਨ ਲੱਗੀ ਹੈ, ਇਹਨਾਂ ਮਹਾਨ ਪ੍ਰਤਿਸ਼ਟ ਪਦਵੀਆਂ ਦੇ ਯੋਗ ਨਹੀਂ, ਕਿਉਂਕਿ ਇਹ ਦਲੀਲ ਕਿਸੇ ਨੇ ਅੱਜ ਤੱਕ ਨਹੀਂ ਦਿੱਤੀ ਤੇ ਇਨ-ਬਿਨ ਇਹ ਦਲੀਲ ਪੰਜਾਬੀ ਦੇ ਦਫ਼ਤਰੀ ਬੋਲੀ ਬਣਨ ਦੇ ਵਿਰੁੱਧ ਘੜੀ-ਮੁੜੀ ਅਤੇ ਬੜੀ ਢੀਠਤਾਈ ਨਾਲ ਦਿੱਤੀ ਜਾ ਰਹੀ ਹੈ। ਸਮਝਣਾ ਚਾਹੀਏ ਕਿ ਇਹ ਦਲੀਲ ਠੋਸ ਨਹੀਂ ਅਤੇ ਅਸਾਡੇ ਵਤਨੀ ਭਾਈਆਂ ਦੀ ਕੋਈ ਕੁਟਲ ਅਤੇ ਈਰਖਾ ਯੁਕਤ ਢੁੱਚਰ ਹੈ।

ਦਫ਼ਤਰੀ ਬੋਲੀ ਅਤੇ ਰਾਜਸੀ ਬੋਲੀ ਦਾ ਕੀ ਭੇਦ ਹੈ ? ਦਫ਼ਤਰੀ ਬੋਲੀ ਉਹ ਬੋਲੀ ਹੈ, ਜਿਸ ਦੁਆਰਾ ਰਾਜਾ ਆਪਣੀ ਪਰਜਾ ਨਾਲ ਸੰਪਰਕ ਕਰਦਾ ਹੈ। ਜਦੋਂ ਰਾਜ-ਸ਼ਕਤੀ ਦਾ ਸੰਬੰਧ ਪਰਜਾ ਨਾਲ ਕੇਵਲ ਜਾਂ ਵਿਸ਼ੇਸ਼ ਕਰਕੇ ਕਰ ਉਗ੍ਰਾਹੁਣ ਦਾ ਹੀ ਹੁੰਦਾ ਹੈ ਅਤੇ ਪਰਜਾ ਦੇ ਨਿੱਤਾਪ੍ਰਤ ਭਾਈਚਾਰਕ ਅਤੇ ਸੰਸਕ੍ਰਿਤਿਕ ਜੀਵਨ ਨਾਲ ਰਾਜੇ ਦੀ ਦਿਲਚਸਪੀ ਤੀਬਰ ਨਹੀਂ ਹੁੰਦੀ ਤਾਂ ਰਾਜ-ਬੋਲੀ ਅਤੇ ਦਫ਼ਤਰੀ ਬੋਲੀ ਵਿਚ ਕੋਈ ਅੰਤਰ ਨਹੀਂ ਹੁੰਦਾ। ਕਿਸੇ ਅੰਤਰ ਦੀ ਲੋੜ ਹੀ ਨਹੀਂ ਹੁੰਦੀ। ਦੇਸ਼ ਵਿਚ ਪੰਚਾਇਤੀ ਸਥਾਨਕ ਸਵਤੰਤਰਤਾ ਹੋਵੇ ਤਾਂ ਰਾਜ ਦੇ ਕੇਂਦਰੀ ਦਫ਼ਤਰਾਂ ਵਿਚ ਰਾਜੇ ਦੀ ਆਪਣੀ ਨਿਯਤ ਕੀਤੀ ਭਾਸ਼ਾ ਵਿੱਚ ਕੰਮ ਕਾਰ ਹੁੰਦਾ ਰਹੇ। ਸਰਵ ਸਾਧਾਰਣ ਨਰ-ਨਾਰੀ ਨੂੰ ਇਸ ਗੱਲ ਨਾਲ ਬਹੁਤ ਘਟ ਦਿਲਚਸਪੀ ਹੈ, ਜਿਸ ਕਿਸੇ ਦੀ ਇੱਛਾ ਕੇਂਦਰੀ ਰਾਜ ਕਾਰਜਾਂ ਨਾਲ ਸੰਬੰਧ ਰੱਖਣ ਦੀ ਹੋਵੇਗੀ, ਉਹ ਰਾਜ-ਭਾਸ਼ਾ ਸਿੱਖ ਲਵੇਗਾ ਅਤੇ ਬਾਕੀ ਜਨਤਾ ਦਾ ਜੀਵਨ ਰਾਜਸੀ, ਭਾਈਚਾਰਕ ਅਤੇ ਧਾਰਮਿਕ ਪੱਧਰ ਉਤੇ ਜਨਤਾ ਦੀ ਆਪਣੀ ਮਾਤ-ਭਾਸ਼ਾ ਵਿਚ ਨਿਰਵਿਘਨ ਚਲਦਾ ਰਹੇਗਾ। ਉਨ੍ਹੀਵੀਂ ਸਦੀ ਦੇ ਅੰਤ ਤਕ ਸਾਰੇ ਸੰਸਾਰ ਵਿਚ ਰਾਜ-ਸ਼ਾਸਨ ਦੇ ਸਿਧਾਂਤਾਂ ਬਾਰੇ ਇਹੋ ਖ਼ਿਆਲ ਪ੍ਰਮਾਣੀਕ ਸਨ। ਰਾਜ ਕਰਤੱਬ ਅਤੇ ਰਾਜਨੀਤੀ ਸਰਵ ਸਾਧਾਰਣ ਜਨਤਾ ਤੇ ਜੀਵਨ ਨੂੰ ਓਪਰਾ-ਓਪਰਾ ਛੋਂਹਦੀ ਸੀ, ਪਰ ਪਿਛਲੇ ਪੰਜਾਹ ਕੁ ਸਾਲਾਂ ਤੋਂ ਰਾਜ-ਮੰਤਵ ਅਤੇ ਰਾਜ-ਸ਼ਾਸਨ ਦੇ

ਸਿਧਾਂਤਾਂ ਵਿਚ ਬੜਾ ਭਾਰੀ ਅਤੇ ਬੁਨਿਆਦੀ ਪ੍ਰੀਵਰਤਨ ਹੋਇਆ। ਹੁਣ ਇਹ ਪ੍ਰਵਾਨ ਕਰ ਲਿਆ ਗਿਆ ਹੈ ਕਿ ਰਾਜ-ਸ਼ਾਸਨ ਦਾ ਨਿਸ਼ਾਨਾ ਸਰਵਦੇ ਰਾਜ (Welfare State) ਹੈ, ਜਿਸ ਵਿੱਚ ਰਾਜ ਸ਼ਕਤੀ, ਸਰਵ ਸਾਧਾਰਣ ਦੇ ਭਾਈਚਾਰਕ, ਆਰਥਿਕ ਅਤੇ ਆਤਮਕ ਜੀਵਨ ਨੂੰ, ਨਿਤਾਪ੍ਰਤ ਦਫ਼ਤਰੀ ਦਖ਼ਲ ਦੇ ਕੇ, ਆਪਣੇ ਅਨੁਮਾਨੇ ਹੋਏ ਅਤੇ ਨਿਸ਼ਚਿਤ ਕੀਤੇ ਹੋਏ ਸਾਂਚੇ ਵਿਚ ਢਾਲਣ ਦਾ ਜਤਨ ਕਰਦੀ ਅਤੇ ਢਾਲਦੀ ਹੈ। ਅਜਿਹੇ ਰਾਜ-ਸ਼ਾਸਨ ਵਿਚ ਰਾਜ-ਭਾਸ਼ਾ ਅਤੇ ਦਫਤਰੀ-ਭਾਸ਼ਾ ਦੀ ਸਮੱਸਿਆ ਬੜਾ ਗੌਰਵ-ਮਯ ਅਤੇ ਤੀਬਰ ਰੂਪ ਧਾਰਨ ਕਰ ਲੈਂਦੀ ਹੈ ਅਤੇ ਜਿਥੇ ਇਕ ਰਾਜ-ਸ਼ਾਸਨ ਦੇ ਅਧੀਨ ਕਈ ਭਿੰਨ-ਭਿੰਨ ਬੋਲੀਆਂ ਬੋਲਣ ਵਾਲੀਆਂ ਜਾਤੀਆਂ ਅਤੇ ਇਕਾਈਆਂ ਹੋਣ, ਜਿਵੇਂ ਕਿ ਅੱਜ ਸਾਡੇ ਦੇਸ਼ ਵਿੱਚ ਹਨ, ਤਾਂ ਓਥੇ ਰਾਜ ਭਾਸ਼ਾ ਅਤੇ ਦਫ਼ਤਰੀ ਭਾਸ਼ਾ ਦਾ ਅੰਤਰ ਜ਼ਿੰਦਗੀ ਅਤੇ ਮੌਤ ਦਾ ਸਵਾਲ ਬਣ ਜਾਂਦਾ ਹੈ। ਓਥੇ ਕਿਸੇ ਜਾਤੀ ਜਾਂ ਸਥਾਨਕ ਇਕਾਈ ਉਤੇ ਕੋਈ ਅਜਿਹੀ ਦਫ਼ਤਰੀ ਬੋਲੀ ਠੋਸਣਾ, ਜਿਹੜੀ ਕਿ ਉਸਦੀ ਮਾਤ-ਭਾਸ਼ਾ ਨਾ ਹੋਵੇ, ਬੜਾ ਭਾਰੀ ਧੱਕਾ, ਰਾਜਸੀ ਅਨਿਆਏ ਅਤੇ ਕਰੂਰ ਕੁਟਲ ਰਾਜਨੀਤੀ ਦਾ ਸੂਚਕ ਹੈ। ਇਸ ਪ੍ਰਕਾਰ ਦਾ ਸੱਭਿਅਕ ਅਤੇ ਸੰਸਕ੍ਰਿਤਕ ਧੱਕਾ ਕੇਵਲ ਇਸ ਸਿਧਾਂਤ ਉਤੇ ਹੀ ਨਿਰਭਰ ਹੋ ਸਕਦਾ ਹੈ ਕਿ ਜਿਸ ਜਾਤੀ ਜਾਂ ਕੌਮੀ ਇਕਾਈ ਦੀ ਮਾਤ ਭਾਸ਼ਾ ਨੂੰ ਸਥਾਨਕ ਰਾਜ ਦਫ਼ਤਰਾਂ ਵਿਚੋਂ ਦੇਸ਼ ਨਿਕਾਲਾ ਦਿੱਤਾ ਗਿਆ ਹੈ, ਉਹ ਜਾਤੀ ਇਕ ਪਰਾਧੀਨ, ਗ਼ੁਲਾਮ ਅਤੇ ਅਨਾਗਰਿਕ ਅਧਿਕਾਰ-ਰਹਿਤ ਦੱਸਯੂ ਜਾਤੀ ਹੈ। ਸੱਚ ਏਹੋ ਹੈ ਅਤੇ ਬਾਕੀ ਸਭ ਦਲੀਲਬਾਜ਼ੀ, ਢੁੱਚਰਬਾਜ਼ੀ ਹੈ।

ਅੱਜ ਪੰਜਾਬ ਵਿਚ ਜੋ ਬੋਲੀ ਦੀ ਸਮੱਸਿਆ ਤੀਬਰ ਹੋ ਉਠੀ ਹੈ, ਉਸ ਦਾ ਅੰਤਰੀਵ ਭਾਵ ਅਤੇ ਉਸ ਦੀ ਗੌਰਵਤਾ ਦਾ ਨਿਰਣਾ ਉਪਰੋਕਤ ਸਿਧਾਂਤਾਂ ਦੇ ਨਿਰੂਪਣ ਦੇ ਪਿਛੋਕੜ ਵਿਚ ਹੀ ਠੀਕ ਹੋ ਸਕਦਾ ਹੈ। ਓਪਰੀ ਬਹਿਸ ਅਤੇ ਕੁਟਲਵਾਦ ਵਿਵਾਦ ਇਸ ਅਭਾਗੇ ਦੇਸ਼ ਦੇ ਵਾਯੂ ਮੰਡਲ ਨੂੰ ਵਧੇਰੇ ਗੰਧਲਾ ਤਾਂ ਕਰ ਸਕਦਾ ਹੈ, ਸ਼ੁੱਧ ਨਹੀਂ ਕਰ ਸਕਦਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਭਾਸ਼ਾ ਨੀਤੀ ਉਤੇ ਅਜੇਹਾ ਕੋਈ ਦੂਸ਼ਨ ਵੀ ਲਾਗੂ ਨਹੀਂ ਹੁੰਦਾ, ਜਿਨ੍ਹਾਂ ਦਾ ਉੱਤੇ ਵਰਨਣ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸ਼ਾਸਨ ਚਾਰ ਮੁੱਖ ਮੰਤਵਾਂ ਦੀ ਨੀਂਹ ਉਤੇ ਰਖਿਆ ਸੀ। 1. ਸੈਨਿਕ ਸ਼ਕਤੀ ਦਾ ਵਿਕਾਸ ਤੇ ਪ੍ਰਪੱਕਤਾ। 2. ਸ੍ਵੈ-ਰੱਖਿਆ ਅਤੇ ਸਥਿਰਤਾ ਲਈ ਰਾਜ ਸੀਮਾ ਦਾ ਫੈਲਾਓ। 3. ਭਾਈਚਾਰਕ, ਸੰਸਕ੍ਰਿਤਿਕ ਮੁਆਮਲਿਆਂ ਵਿਚ ਸਥਾਨਕ ਸੁਤੰਤਰਤਾ ਅਤੇ 4. ਸਰਬ ਸਾਂਝਾ ਦ੍ਰਿਸ਼ਟਿਕ ਰਾਜ ਪ੍ਰਬੰਧ (People's Secular Government)। ਹੁਣ ਤਕ ਜੋ ਛਪੀ ਅਤੇ ਪ੍ਰਕਾਸ਼ਤ ਹੋ ਚੁੱਕੀ ਸਾਮਗਰੀ, ਪੁਸਤਕਾਂ ਅਤੇ ਲੇਖਾਂ ਦੇ ਰੂਪ ਵਿਚ ਸਾਡੇ ਸਾਹਮਣੇ ਹੈ, ਉਸ

ਤੋਂ ਰਣਜੀਤ ਸਿੰਘ ਦੀ ਰਾਜਨੀਤੀ ਦੇ ਪਹਿਲੇ ਤਿੰਨ ਮੰਤਵ ਤਾਂ ਸਪੱਸ਼ਟ ਹੀ ਹਨ। ਜਦੋਂ ਉਸਨੇ ਸਰਵ ਤੰਤ੍ਰ, ਪ੍ਰਭੂਸਤਾ ਅਧਿਕਾਰੀ ਪੰਜਾਬ (Sovereign Punjab) ਦੀ ਨੀਂਹ ਰੱਖੀ ਤਾਂ ਉਸ ਵੇਲੇ ਜਮਨਾ ਪਾਰ ਦੇ ਅੰਗਰੇਜ਼ ਅਤੇ ਅੱਟਕ ਪਾਰ ਦੇ ਪਠਾਣ ਪੰਜਾਬ ਦੀ ਸੀਮਾ ਨੂੰ ਸੰਕੋਚ ਕਰਕੇ ਪੰਜਾਬ ਦੇਸ਼ ਨੂੰ ਪ੍ਰਾਧੀਨ ਕਰਨ ਉੱਤੇ ਤੁਲੇ ਬੈਠੇ ਸਨ। ਮਹਾਰਾਜਾ ਰਣਜੀਤ ਸਿੰਘ ਜੀਵਨ ਪ੍ਰਯੰਤ ਸੈਨਿਕ ਸ਼ਕਤੀ ਨੂੰ ਵਧਾਉਣ ਅਤੇ ਸੁਰੱਖਿਅਤ ਕਰਨ ਦੇ ਯਤਨਾਂ ਵਿੱਚ ਲੱਗਾ ਰਿਹਾ ਤਾਂ ਜੋ ਦੇਸ਼ ਦੀ ਸੁਤੰਤਰਤਾ ਪੱਕੇ ਅਤੇ ਅਟਲ ਪੈਰਾਂ ਉੱਤੇ ਹੋ ਜਾਵੇ। ਉਸ ਨੇ ਤਰੀਹ ਸਾਲ ਦੀ ਜਦੋ-ਜਹਿਦ ਪਿੱਛੋਂ ਸਿੰਘਾਂ, ਗੋਰਖਿਆਂ, ਪੰਜਾਬੀ ਮੁਸਲਮਾਨਾਂ, ਪੂਰਬੀਆਂ ਤੇ ਪੰਜਾਬੀਆਂ ਦੀ ਇਕ ਅਜਿਹੀ ਮਹਾਨ ਸ਼ਕਤੀਸ਼ਾਲੀ ਸੈਨਾ ਤਿਆਰ ਕਰ ਲਈ, ਜੋ ਉਸ ਸਮੇਂ ਦੀ ਸੰਸਾਰ ਦੀ ਕਿਸੇ ਵੀ ਰਾਜ ਸੈਨਾ ਨਾਲ ਟੱਕਰ ਲੈਣ ਦਾ ਦਾਈਆ ਰੱਖਦੀ ਸੀ। ਉਸ ਨੇ ਪੰਜਾਬ ਦੇਸ਼ ਦੀ ਸੀਮਾ ਦਾ ਵਿਸਤਾਰ, ਜਮਰੌਦ ਅਤੇ ਲੇਹ ਤੱਕ ਉੱਤਰ-ਪੱਛਮ ਵੱਲ ਕਰ ਲਿਆ ਸੀ ਅਤੇ ਜਦੋਂ ਸੰਨ 1827 ਵਿੱਚ ਈਸਟ ਇੰਡੀਆ ਕੰਪਨੀ ਦਾ ਮਿਸ਼ਨ, ਕੈਪਟਨ ਵੈੱਡ ਦੀ ਜੱਥੇਦਾਰੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਆਇਆ ਤਾਂ ਉਸ ਮਿਸ਼ਨ ਦੀਆਂ ਅਣਛਪੀਆਂ ਖ਼ੁਫ਼ੀਆ ਰੀਪੋਰਟਾਂ ਵਿੱਚ ਦਰਜ ਹੈ ਕਿ ਮਹਾਰਾਜਾ ਰਣਜੀਤ ਸਿੰਘ ਸਿੰਧ, ਬਲੋਚਿਸਤਾਨ ਅਤੇ ਅਫ਼ਗਾਨਿਸਤਾਨ ਦਾ ਆਮੂ ਦਰਿਆ ਤੱਕ ਦਾ ਇਲਾਕਾ ਵਿਜੇ ਕਰ ਕੇ ਪੰਜਾਬ ਦੇਸ਼ ਵਿੱਚ ਸ਼ਾਮਿਲ ਕਰਨ ਦੇ ਪ੍ਰਬੰਧ ਤੇ ਤਿਆਰੀਆਂ ਬੜੀ ਗੰਭੀਰਤਾ ਨਾਲ ਕਰ ਰਿਹਾ ਹੈ ਅਤੇ ਰੱਸਦ ਬਾਰਬਰਦਾਰੀ ਅਤੇ ਨਕਸ਼ੇ ਆਦਿ ਤਿਆਰ ਕਰ ਰਿਹਾ ਹੈ। ਭੂਗੋਲਿਕ ਇਤਿਹਾਸ ਦੇ ਵਿਦਵਾਨ ਭਲੀ ਪ੍ਰਕਾਰ ਜਾਣਦੇ ਹਨ ਕਿ ਭਾਰਤ ਵਰਸ਼ ਦੀ ਕੁਦਰਤੀ ਸੀਮਾ ਹਿੰਦੂਕੁਸ਼ ਪਰਬਤ ਹੈ ਅਤੇ ਜਦ ਤੋਂ ਭਾਰਤਵਾਸੀਆਂ ਦਾ ਅਧਿਕਾਰ ਹਿੰਦੂਕੁਸ਼ ਪਰਬਤ ਅਤੇ ਉਸ ਦੇ ਪੱਛਮੀ ਮੈਦਾਨੀ ਪੱਲੂ ਉੱਤੋਂ ਉਠਿਆ ਹੈ, ਜਿਹੜਾ ਪੱਲੂ ਕਿ ਆਮੂ ਦਰਿਆ ਦੇ ਕੰਢਿਆਂ ਤੱਕ ਫੈਲਿਆ ਹੋਇਆ ਹੈ, ਉਸ ਸਮੇਂ ਤੋਂ ਹੀ ਭਾਰਤਵਾਸੀ ਵਿਦੇਸ਼ੀ ਜਰਵਾਣਿਆਂ ਦੇ ਮੁਕਾਬਲੇ ਉੱਤੇ ਆਪਣੇ ਦੇਸ਼ ਦੀ ਸੁਤੰਤਰਤਾ ਦੀ ਰੱਖਿਆ ਨਹੀਂ ਕਰ ਸਕੇ। ਮਹਾਰਾਜਾ ਰਣਜੀਤ ਸਿੰਘ ਦੀਆਂ ਇਹਨਾਂ ਦੂਰ ਦਰਸ਼ਕ ਅਤੇ ਮਹਾਨ ਨੀਤੀ-ਪੂਰਤ ਤਿਆਰੀਆਂ ਤੋਂ ਜਾਣੂ ਹੋ ਕੇ ਹੀ ਅੰਗਰੇਜ਼ਾਂ ਨੇ ਸਿੰਧ ਉੱਤੇ ਕਬਜ਼ਾ ਕਰ ਲਿਆ ਸੀ ਅਤੇ ਅਫ਼ਗਾਨਿਸਤਾਨ ਦੇ ਰਾਜ ਝਗੜਿਆਂ ਵਿੱਚ ਦਖ਼ਲ ਦੇਣਾ ਆਰੰਭ ਦਿੱਤਾ ਸੀ, ਤਾਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਭਾਰਤ ਨੂੰ ਸੁਰੱਖਿਅਤ ਅਤੇ ਸੁਤੰਤਰ ਕਰਨ ਦੇ ਸੁਪਨੇ ਪੂਰੇ ਨਾ ਹੋ ਸਕਣ। ਇਸ ਗੱਲ ਦੇ ਲਿਖਤੀ ਸਬੂਤ ਹਨ ਕਿ ਸੰਨ 1837 ਵਿੱਚ ਮਹਾਰਾਜਾ ਅੰਗੇਰਜ਼ਾਂ ਨਾਲ ਟੱਕਰ ਲੈਣ ਦੇ ਪ੍ਰਬੰਧ ਬਹੁਤ ਹੱਦ ਤੱਕ ਮੁਕੰਮਲ ਕਰ ਚੁੱਕਾ ਸੀ ਅਤੇ ਜਰਨੈਲ ਵਨਚੂਰਾ ਨੇ ਅੰਗਰੇਜ਼ਾਂ ਦੇ

ਅਧਿਕਾਰ ਨੂੰ ਭਾਰਤ ਵਿੱਚ ਕਾਰੀ ਸੱਟ ਮਾਰਨ ਦੇ ਮਨਸੂਬੇ ਦੀ, ਨਕਸ਼ੇ ਬਣਾ ਕੇ, ਮਹਾਰਾਜਾ ਕੋਲੋਂ ਮਨਜ਼ੂਰੀ ਲੈ ਲਈ ਹੋਈ ਸੀ। ਕੌਰ ਸ਼ੇਰ ਸਿੰਘ ਝਟਪਟ ਟੱਕਰ ਲੈਣ ਦੇ ਹੱਕ ਵਿੱਚ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦਾ ਵਿਚਾਰ ਸੀ ਕਿ ਪੰਜਾਬ ਦੇਸ਼ ਦੀ ਸੈਨਾ ਅੰਗਰੇਜ਼ਾਂ ਨੂੰ ਧੱਕ ਕੇ ਕੋਇਲ (ਅਲੀਗੜ੍ਹ) ਤੱਕ ਤਾਂ ਲੈ ਜਾਵੇਗੀ, ਪਰ ਫੇਰ ਪਿੱਛੋਂ ਰਸਦ ਆਦਿ ਪਚਾਉਣ ਦੇ ਰਾਹ ਬਹੁਤ ਲੰਮੇਰੇ ਹੋ ਜਾਣਗੇ ਅਤੇ ਭਾਰਤ ਵਿੱਚ ਹੋਰ ਕੋਈ ਅਜਿਹੀ ਸ਼ਕਤੀ ਜਾਂ ਜਾਤੀ ਨਹੀਂ, ਜੋ ਦੇਸ਼ ਭਗਤੀ ਅਤੇ ਕੌਮੀਅਤ ਦੇ ਭਾਵਾਂ ਤੋਂ ਪ੍ਰੇਰਿਤ ਹੋ ਕੇ ਪੰਜਾਬੀ ਸੈਨਾ ਨੂੰ ਕੁਮਕ ਦੇਵੇ। ਅੰਗਰੇਜ਼ ਇਹਨਾਂ ਤਿਆਰੀਆਂ ਤੋਂ ਭਲੀ ਪ੍ਰਕਾਰ ਜਾਣੂ ਸਨ ਅਤੇ ਉਹਨਾਂ ਦੀ ਕੁਟਲ ਨੀਤੀ ਅਸਾਡੇ ਦੇਸ਼ਵਾਸੀਆਂ ਉੱਤੇ ਸਦਾ ਹੀ ਭਾਰੂ ਰਹੀ ਹੈ। ਇਕ ਸੰਨ 1840 ਦੇ ਅਣਛਪੇ ਗੁਰਮੁਖੀ ਦੇ ਨੁਸਖੇ ਵਿੱਚ ਲਿਖਿਆ ਹੈ :—

"ਪੋਹ ਸੰਮਤ 1895 ਵਿੱਚ ਮੇਘ ਲਾਟ ਗੋਰਾ ਮਹਾਰਾਜ ਨੂੰ ਫਰੋਜਪੁਰ ਦਰਿਆ ਉੱਤੇ ਮਿਲਿਆ। ਫ਼ਿਰੰਗੀ ਕਾਬਲ ਜਾਣਾ ਲੋਚਦੇ ਆਹੇ। ਫਿਰ ਸ੍ਰੀ ਅੰਮ੍ਰਿਤਸਰ ਆਏ। ਫਿਰ ਲਾਹੌਰ ਗਏ। ਨੌਂ ਰਾਤਾਂ ਫ਼ਿਰੰਗੀ ਨੇ ਆਪਣੀ ਸ਼ਰਾਬ ਮਹਾਰਾਜ ਨੂੰ ਪਿਲਾਈ। ਮਹਾਰਾਜ ਗੁੰਗ ਹੋਏ। ਮਾਘ ਦੇ ਮਹੀਨੇ ਮਹਾਰਾਜ ਦੀ ਜੀਭਾ ਬੋਲਣੇ ਤੇ ਰਹੀ। ਦਿਨੋ-ਦਿਨ ਮਹਾਰਾਜ ਦਾ ਸਰੀਰ ਮੰਦਾ ਹੀ ਹੁੰਦਾ ਗਿਆ। ਸੰਮਤ 1896, ਹਾੜ ਦੀ ਪੰਦਰਾਂ, ਦਿਨ ਵੀਰਵਾਰ, ਦੋ ਪਹਿਰ ਦਿਨ ਚੜ੍ਹੇ ਮਹਾਰਾਜ ਨੇ ਸਰੀਰ ਛੱਡਿਆ। ਜ਼ਹਿਰ ਦਿੱਤੀ ਥੀ ਫ਼ਿਰੰਗੀ ਨੇ ਸ਼ਰਾਬ ਵਿੱਚ।"

ਇਹ ਮੇਘ ਲਾਟ, ਲਾਰਡ ਮੈਕਨਾਟਨ, ਲਾਰਡ ਆਕਲੈਂਡ ਗਵਰਨਰ ਜਨਰਲ ਨੇ, ਮਹਾਰਾਜਾ ਨਾਲ ਸੰਧੀ ਕਰਨ ਲਈ ਸੰਨ 1838 ਦੀਆਂ ਸਰਦੀਆਂ ਵਿੱਚ ਭੇਜਿਆ ਸੀ। ਇਉਂ ਮਹਾਰਾਜਾ ਅਤੇ ਉਸ ਦੇ ਸੁਪਨਿਆਂ ਦਾ ਅੰਤ ਹੋਇਆ, ਉਸ ਦੀ ਰਾਜਨੀਤੀ ਦੇ ਤੀਜੇ ਮੰਤਵ ਬਾਰੇ ਕਿਸੇ ਨੂੰ ਕੋਈ ਸੰਸਾ ਹੈ ਹੀ ਨਹੀਂ। ਭਾਰਤ ਦੇਸ਼ ਦੀ ਪ੍ਰਾਚੀਨ ਪ੍ਰੰਪਰਾ ਅਨੁਸਾਰ ਪਿੰਡਾਂ ਤੇ ਸ਼ਹਿਰਾਂ ਵਿੱਚ ਵਸਦੀ ਪ੍ਰਜਾ ਆਪਣਾ ਭਾਈਚਾਰਕ ਅਤੇ ਧਾਰਮਿਕ ਜੀਵਨ ਆਪਣੇ ਪੰਚਾਇਤੀ ਪ੍ਰਬੰਧ ਹੇਠਾਂ ਹੀ ਬਤੀਤ ਕਰਦੀ ਸੀ ਅਤੇ ਇਸ ਮਤਲਬ ਲਈ ਉਹਨਾਂ ਨੂੰ ਆਪਣੀ ਮਾਤ-ਭਾਸ਼ਾ ਵਰਤਣ ਦੀ ਪੂਰਨ ਖੁੱਲ੍ਹ ਸੀ। ਮਹਾਰਾਜਾ ਦੇ ਰਾਜ ਵਿੱਚ ਸਾਰੀਆਂ ਪ੍ਰਚੱਲਿਤ ਸਥਾਨਕ ਬੋਲੀਆਂ, ਪੰਜਾਬੀ, ਡੋਗਰੀ, ਕਸ਼ਮੀਰੀ ਅਤੇ ਲੱਦਾਖੀ ਤੇ ਪਸ਼ਤੂ, ਥਾਂ-ਥਾਂ ਪੰਚਾਇਤੀ ਪ੍ਰਬੰਧ ਹੇਠਾਂ ਭਾਈਚਾਰਕ, ਧਾਰਮਿਕ, ਆਰਥਿਕ ਅਤੇ ਨਿਤਾਪ੍ਰਤ ਦੇ ਜੀਵਨ ਵਿੱਚ ਖੁੱਲ੍ਹੀਆਂ ਵਰਤੀਆਂ ਜਾਂਦੀਆਂ ਸਨ। ਚੌਥੇ ਮੰਤਵ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਮਹਾਰਾਜਾ ਆਪਣਾ ਸ਼ਖਸੀ ਰਾਜ ਆਪ ਹੀ ਖ਼ਤਮ ਕਰਕੇ, ਪੰਜਾਬ ਦੀ ਸਲਤਨਤ ਵਿੱਚ, ਇਕ ਸਾਂਝਾ ਪ੍ਰਜਾਤੰਤਰ ਰਾਜ ਸਥਾਪਤ ਕਰਨ ਦੇ ਸੁਪਨੇ ਲੈ ਰਿਹਾ ਸੀ, ਜਿਸ ਵੱਲ ਕਿ ਪਹਿਲਾਂ ਕਦਮ ਉਹ ਰਾਜ ਤਿਲਕ

ਲੈਣ ਵੇਲੇ ਹੀ, ਅਕਾਲ ਤਖ਼ਤ ਦਾ ਗੁਰਮਤਾ ਮਨਸੂਖ਼ ਕਰਕੇ, ਚੁੱਕ-ਚੁੱਕਾ ਸੀ ਅਤੇ ਆਪਣਾ ਰਾਜ ਪ੍ਰਬੰਧ ਮੁੱਢ ਤੋਂ ਹੀ ਹਿੰਦੂ, ਮੁਸਲਮਾਨ ਮਸ਼ੀਰਾਂ ਦੀ ਸਲਾਹ ਨਾਲ ਚਲਾਂਦਾ ਰਿਹਾ ਸੀ। ਸੰਨ 1837 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਕ ਨਿੱਜੀ ਚਿੱਠੀ ਕੈਪਟਨ ਵੈੱਡ, ਪੁਲੀਟੀਕਲ ਏਜੰਟ, ਲੁਧਿਆਣਾ ਨੂੰ ਲਿਖੀ ਜੋ ਕਿ ਇੰਡੀਆ ਆਫ਼ਿਸ ਲੰਡਨ ਦੇ ਕਾਗ਼ਜ਼ਾਂ ਵਿੱਚੋਂ ਹੁਣ ਬ੍ਰਿਟਿਸ਼ ਮਿਊਜ਼ੀਅਮ ਦੇ ਵਿਸ਼ੇਸ਼ ਮਸੌਦਾ ਵਿਭਾਗ ਵਿੱਚ ਰੱਖ ਦਿੱਤੀ ਗਈ ਹੈ। ਉਸ ਵਿੱਚ ਮਹਾਰਾਜਾ ਨੇ ਕੈਪਟਨ ਵੈੱਡ ਪਾਸੋਂ ਮੰਗ ਕੀਤੀ ਹੈ ਕਿ ਬ੍ਰਿਟਿਸ਼ ਪਾਰਲੀਮੈਂਟ ਦੇ ਵਿਧਾਨ ਦੀ ਠੀਕ ਸਹੀ ਰੂਪ-ਰੇਖਾ ਦੀ ਅੰਗਰੇਜ਼ੀ ਨਕਲ, ਝੱਟਪੱਟ ਭੇਜੀ ਜਾਵੇ ਤੇ ਨਾਲ ਹੀ ਕਿਹਾ ਕਿ ਮੈਂ ਉਸ ਦਾ ਪੰਜਾਬੀ ਅਤੇ ਫ਼ਾਰਸੀ ਵਿੱਚ ਉਲਥਾ ਆਪਣੇ ਮੁਣਸ਼ੀ ਖ਼ਾਨੇ ਵਿੱਚ ਕਰਵਾ ਲਵਾਂਗਾ। ਉਸ ਚਿੱਠੀ ਵਿੱਚ ਲਿਖਿਆ ਹੈ ਕਿ ਛੇਤੀ ਹੀ ਬ੍ਰਿਟਿਸ਼ ਪਾਰਲੀਮੈਂਟ ਦੇ ਢੰਗ ਦਾ ਰਾਜ ਆਪਣੇ ਦੇਸ਼ ਵਿੱਚ ਸਥਾਪਤ ਕਰਨਾ ਚਾਹੁੰਦਾ ਹਾਂ। ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਇਸ ਸੁਪਨੇ ਦੇ ਪੂਰੇ ਹੋਣ ਦਾ ਸਮਾਂ ਆਉਂਦਾ ਤਾਂ ਓਦੋਂ ਰਾਜਸੀ ਬੋਲੀ ਅਤੇ ਦਫ਼ਤਰੀ ਬੋਲੀ ਦੇ ਨਿਸ਼ਚਿਤ ਕਰਨ ਦਾ ਸਮਾਂ ਆਉਣਾ ਸੀ ਅਤੇ ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਓਦੋਂ ਦਫ਼ਤਰੀ ਬੋਲੀ ਪੰਜਾਬੀ ਹੀ ਨੀਯਤ ਹੋਣੀ ਸੀ।

ਇਕ ਵਚਿੱਤ੍ਰ ਕਥਾ

ਇਹ ਵਚਿੱਤ੍ਰ ਕਥਾ ਪੁਰਾਤਨ ਸਿੰਘਾਂ ਤੋਂ ਚਲੀ ਆ ਰਹੀ ਅਸਾਂ ਆਪ ਸ੍ਵਣ ਕੀਤੀ ਹੈ। ਜਦੋਂ ਭਗਵੰਤ ਰੂਪ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਦੇਸ਼ ਵੱਲ ਪਿਆਨਾ ਕੀਤਾ ਤਾਂ ਰਾਹ ਵਿੱਚ ਰਾਜਤੀਰਥ, ਪੁਸ਼ਕਰ ਨਾਮੀ ਝੀਲ ਦੇ ਉਸ ਕੰਢੇ ਡੇਰਾ ਕੀਤਾ, ਜਿੱਥੇ ਕਿਸੇ ਵੇਲੇ ਆਦੀ ਗੁਰੂ, ਪਰਾਵਰ ਨਾਥ, ਗੁਰ ਅਵਤਾਰ ਗੁਰੂ ਨਾਨਕ ਦੇਵ ਜੀ ਚਰਨ ਪਾ ਗਏ ਸਨ। ਅਗਲੇ ਦਿਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਘਾਟ 'ਤੇ ਅਸ਼ਨਾਨ ਕੀਤਾ, ਜਿਸ ਤੋਂ ਉਹ ਘਾਟ ਗੋਬਿੰਦ ਘਾਟ ਕਹਿਲਾਇਆ। ਹੁਣ ਸਮੇਂ ਦੀ ਗਤੀ ਤੇ ਪ੍ਰਭਾਵ ਦੇ ਕਾਰਨ ਇਸ ਨਾਮ 'ਤੇ ਘਟਨਾ ਦੋਹਾਂ ਨੂੰ ਬਦਲਣ ਦੇ ਯਤਨ ਹੋ ਰਹੇ ਹਨ। ਕੋਈ ਗੁਰੂ ਕਾ ਸਿੰਘ ਤਿਆਗੀ ਅਥਵਾ ਧਨਵਾਨ ਇਸ ਪਾਸੇ ਧਿਆਨ ਦੇ ਕੇ ਇਸ ਅਸਥਾਨ ਉੱਤੇ ਪੱਕੀ ਯਾਦਗਾਰ, ਗੁਰਦੁਆਰਾ ਸਥਾਪਨ ਕਰੇ ਤਾਂ ਆਪਣਾ ਜੀਵਨ ਤਥਾ ਧਨ ਸਫ਼ਲਾ ਕਰੇ।

ਇਸ ਪੁਸ਼ਕਰ-ਰਾਜ ਝੀਲ ਦੇ ਗੋਬਿੰਦ ਘਾਟ ਉੱਤੇ ਰਹਿਰਾਸ ਦਾ ਦੀਵਾਨ ਲੱਗਾ ਹੋਇਆ ਸੀ ਤੇ ਤੀਰਥ ਦੇ ਵੱਡੇ-ਵੱਡੇ ਹੱਠੀ, ਤਪੀ, ਕਰਮ-ਕਾਂਡੀ ਸ਼ਾਸਤਰ ਵੇਤਾ ਬ੍ਰਾਹਮਣ ਦਰਸ਼ਨ ਚਰਚਾਵਾਦ ਕਰਨ ਆਏ ਹੋਏ ਸਨ। ਚਤੁਰਵੇਦੀ, ਖੱਟ ਸ਼ਾਸਤਰੀ ਚੇਤਨ ਰੂਪ, ਨਾਮੇ ਬ੍ਰਾਹਮਣ ਬੜੀ ਸ਼ਰਧਾ ਨਾਲ ਆ ਕੇ ਮਿਲਿਆ ਤੇ ਸ਼ਾਸਤਰ ਚਰਚਾ ਕਰਕੇ ਆਪਣੇ ਸ਼ੰਕੇ ਨਵਿਰਤ ਕੀਤੇ। ਇਕ ਪ੍ਰਿਥਵੀ ਪਿੰਡਕ ਨਾਮੇ ਬ੍ਰਾਹਮਣ ਜੋ ਪੰਜਾਬ ਦੀ ਧਰਤੀ, ਨੱਕੇ ਦੇਸ਼ ਦਾ ਵਾਸੀ ਸੀ, ਅਰ ਤਪੱਸਿਆ ਹੇਤ, ਤੀਰਥ ਰਟਨ ਕਰਦਾ-ਕਰਦਾ ਪੁਸ਼ਕਰ ਰਾਜ ਆ ਟਿਕਿਆ ਸੀ, ਉਹ ਵੀ ਦਰਸ਼ਨਾਂ ਨੂੰ ਆਇਆ ਤੇ ਅਕਾਲ ਪੁਰਖ ਦੇ ਹੁਕਮ ਨਾਲ ਸਾਜੇ ਖ਼ਾਲਸੇ ਦਾ ਰੰਗ ਰੂਪ ਤੇ ਸੱਚੇ ਗੁਰੂ ਦੀ ਅਮਿਤ ਆਭਾ ਦੇਖ ਕੇ ਚਕ੍ਰਿਤ ਰਹਿ ਗਿਆ। ਪ੍ਰਸ਼ਨ ਕੀਤਾ, "ਕੀ ਵਰਨ ਜਾਤ ਇਹਨਾਂ ਸਿੱਖਾਂ ਦੀ ਹੈ, ਹਿੰਦੂ ਹਨ ਕਿ ਕੁਝ ਹੋਰ ?" ਭਾਈ ਦਇਆ ਸਿੰਘ ਪਿਆਰੇ ਦੱਸਿਆ ਕਿ ਇਹ ਤੀਸਰਾ ਪੰਥ ਹੈ। ਹਿੰਦ ਤੁਰਕ ਦੋਹੇਂ ਤੇ ਨਿਆਰਾ। ਧਰਮ ਰਖਿਆ ਲਈ ਰਚਿਆ ਗਿਆ ਹੈ। ਮਹਿਕੂਮ ਹਿੰਦੂ ਜਾਤੀ, ਸਾਧੂ, ਬ੍ਰਾਹਮਣ, ਗਊ, ਗ਼ਰੀਬ ਸਭ ਦੀ ਰੱਖਿਆ, ਪ੍ਰਤਿਪਾਲਨਾ ਕਰ ਰਿਹਾ ਹੈ ਤੇ ਕਰੇਗਾ। ਤਦ ਪ੍ਰਿਥਵੀ ਪਿੰਡਕ ਬ੍ਰਾਹਮਣ ਨੇ ਖ਼ਾਲਸੇ ਦੇ ਸ਼ਸਤਰ ਬਸਤਰ ਤੇ ਧਰਮ

ਦੇ ਕਰਮ ਕਾਂਡਾਂ ਦੀ ਅਨਮੋਲਤਾ ਬਾਰੇ ਕਿੰਤੂ ਕੀਤਾ ਤਾਂ ਸੱਚੇ ਪਾਤਸ਼ਾਹ ਨੇ ਸ੍ਰੀ ਮੁੱਖ ਤੋਂ ਬਚਨ ਕੀਤੇ :—

"ਗੁਰੂ ਕਹਿਓ ਆਇਓ ਕਲਿਕਾਲਾ॥
ਸ਼ਤਰੂ ਕਾ ਭਾ ਤੇਜ ਕਰਾਲਾ॥
ਸੰਤ ਗ਼ਰੀਬ ਧੇਨ ਦਿਜ ਦੋਖੀ॥
ਕਰਹਿ ਅਵੱਗਿਆ ਮੂਰਖ ਰੋਖੀ॥
ਤਿਨ ਸੋਂ ਦੰਡ ਕਰਨ ਬਨਿ ਆਵੈ॥
ਧਾਰਨ ਛਿਮਾ ਨਹੀਂ ਨਿਬਹਾਵੈ॥

ਇਸ ਲਈ ਇਹ ਸਿੰਘ ਰੂਪ ਖ਼ਾਲਸਾ ਅਸਾਂ ਸਾਜਿਆ ਹੈ। ਰਾਜ ਸ਼ਕਤੀ ਤੇ ਰਾਜਾ ਦੋਵੇਂ ਧਰਮ ਦੇ ਵਿਰੁੱਧ ਹੋ ਖਲੋਤੇ ਹਨ। ਇਸ ਲਈ ਅਸਾਂ ਸਰਵ-ਤੰਤ੍ਰ ਸੱਤਾ, ਪ੍ਰਭੂ ਸੱਤਾ, ਖ਼ੁਦ ਮੁਖ਼ਤਾਰੀ, ਖ਼ਾਲਸੇ ਨੂੰ ਜੁਗੋ-ਜੁੱਗ ਬਖ਼ਸ਼ੀ ਹੈ ਤਾਂ ਜੋ ਅੱਗੇ ਨੂੰ ਧਰਮ ਕਦੇ ਨਿਤਾਣਾ ਹੋ ਰਾਜ ਸੱਤਾ ਦੇ ਸਾਹਮਣੇ ਨਾ ਝੁਕੇ।

ਸ੍ਰੀ ਮੁੱਖ ਭਨਿਓ ਗ਼ਰੀਬ ਨਿਵਾਜ।
ਸ਼ਸਤ੍ਰਨ ਕੇ ਅਧੀਨ ਹੈ ਰਾਜ॥
ਬਿਨਾ ਰਾਜ ਨਹਿ ਧਰਮ ਚਲੈ ਹੈ॥

ਧਰਮ, ਸ਼ਾਸਤਰਾਂ ਤੇ ਰਾਜ ਸ਼ਕਤੀ ਦਾ ਪਿੱਛਲਗ ਨਹੀਂ ਹੋਵੇਗਾ, ਪਰ ਧਰਮ ਰੱਖਿਆ ਰਾਜ ਸ਼ਕਤੀ ਕਰੇਗੀ ਤੇ ਰਾਜ ਤ੍ਰਿੰਨ ਕਾਲ ਸ਼ਸਤਰਾਂ ਦੇ ਅਧੀਨ ਹੈ ਤੇ ਅਸਾਂ ਖ਼ਾਲਸੇ ਨੂੰ ਸ਼ਸਤਰਧਾਰੀ ਬਣਾ ਕੇ, ਸ਼ਸਤਰ ਸੱਤਾ ਖ਼ਾਲਸੇ ਦੇ ਅਧੀਨ ਕੀਤੀ ਹੈ। ਅਜਿਹਾ ਅਦੁਤੀਯ ਖ਼ਾਲਸਾ, ਹੇ ਬ੍ਰਾਹਮਣ, ਅਸਾਂ ਅਕਾਲ ਪੁਰਖ ਦੇ ਹੁਕਮ ਵਿੱਚ ਸਾਜਿਆ ਹੈ ਅਤੇ ਸ੍ਰਿਸ਼ਟੀ ਦੇ ਆਦਿ ਤੋਂ ਲੈ ਕੇ ਹੁਣ ਤੱਕ ਸੂਰਜ ਤੇ ਚੰਦਰਮਾ ਦੀਆਂ ਅੱਖਾਂ ਨੇ ਰਾਜ ਸੱਤਾ ਤੇ ਧਰਮ ਦਾ ਅਜਿਹਾ ਸੁਤ ਮੇਲ ਨਹੀਂ ਦੇਖਿਆ।

ਸੁਧ ਬੁਧ ਸਹਿਤ ਭਲੇ ਗੁਣ ਸਾਰੇ॥
ਨਰ ਉਤਰੇ ਕਲਿਜੁਗ ਨਿਰਵਾਰੇ॥
ਧਰਹਿ ਸ਼ਸਤ੍ਰ ਸਿਮ੍ਰਹਿ ਸਤਿਨਾਮੂ॥
ਧਰਮ ਕਰਹਿ ਪਹੁਚਹਿ ਸੁਰ ਧਾਮੂ॥
ਇਮ ਕਾਰਨ ਤੇ ਪੰਥ ਉਪਾਇਓ॥
ਦੇ ਆਯੁਧ ਰਸਬੀਰ ਵਧਾਇਓ॥

ਗੁਰ ਅਵਤਾਰ ਦੇ ਇਹ ਮਹਾਂਵਾਕ ਸੁਣ ਉਗ੍ਰ, ਤਪ, ਯੋਗ, ਹੱਠ ਸਾਧਨ ਕਰਨ ਵਾਲਾ ਬ੍ਰਾਹਮਣ ਅਸਚਰਜ ਰਹਿ ਗਿਆ। ਤਦ ਗੁਰੂ ਜੀ ਕੁਝ ਸਮਾਂ ਚੁੱਪ ਰਹਿ ਕੇ ਫੇਰ ਬੋਲੇ :—

"ਇਹ ਖ਼ਾਲਸਾ ਰੂਪੀ ਕਰਾਮਾਤ ਜੋ ਅਸਾਂ ਕਲਿਜੁਗ ਵਿੱਚ ਹੇ ਬ੍ਰਾਹਮਣ, ਸਾਮ੍ਰਤਖ ਕੀਤੀ ਹੈ, ਇਹ ਸ੍ਰਿਸ਼ਟੀ ਨੂੰ ਚਕਾ-ਚੂੰਦ ਕਰੇਗੀ। ਜਦੋਂ ਝਾੜ-ਝਾੜ ਤੇ ਪੱਤਾ-ਪੱਤਾ ਵੈਰੀ ਖ਼ਾਲਸੇ ਦਾ ਹੋਵੇਗਾ, ਉਦੋਂ, ਉਸ ਸਮੇਂ, ਜਾਗਤੀ ਜੋਤ ਜੋ ਅਸਾਂ ਖ਼ਾਲਸੇ ਵਿੱਚ ਰੱਖੀ ਹੈ, ਉਹ ਪ੍ਰਜਵਲਤ ਹੋਵੇਗੀ ਤੇ ਬੋਲ-ਬਾਲਾ ਖ਼ਾਲਸੇ ਦਾ ਹੋਵੇਗਾ ਤੇ ਆਕੀ ਸਭ ਖੁਆਰ ਹੋਣਗੇ।"

ਇਉਂ ਕਹਿ ਸਤਿਗੁਰੂ ਨੇ ਕੰਵਲ ਨੈਣ ਕੁਝ ਚਿਰ ਲਈ ਮੁੰਦ ਲਏ ਤੇ ਫੇਰ ਹੌਲੇ-ਹੌਲੇ ਮਧੁਰ ਧੁਨਿ ਵਿੱਚ ਉਚਰੇ :—

"ਦੇਖੋ ਰੰਗ ਕਰਤਾਰ ਦੇ। ਜੋ ਹੋਣਹਾਰ ਅੱਗੋ ਆ ਰਹੀ ਹੈ। ਸੁਨ ਬੇਦ ਬਰਖ,

ਚਾਲੀ ਸਾਲ, ਖ਼ਾਲਸਾ ਚੰਡਿਕਾ ਦਾ ਖੱਪਰ ਭਰੇਗਾ। ਫਿਰ ਸੌ ਸਾਲ ਉਪਰਲਾ ਹੱਥ ਖ਼ਾਲਸੇ ਦਾ ਹੋਵੇਗਾ। ਹੰਨੇ ਮੰਨੇ ਮੀਰੀ ਤੇ ਦੂਰ ਦੇਸ਼ਾਂਤਰ ਤੱਕ ਖ਼ਾਲਸਾ ਰਾਜ ਥੰਨ੍ਹੇਗਾ ਤੇ ਯਾਵਨੀ ਹੱਦਾਂ ਦਾ ਸੰਕੋਚ ਕਰੇਗਾ। ਫੇਰ, ਅਜਿਹੀ ਗਤੀ ਹੋਣਹਾਰ ਦੀ ਹੈ, ਹੇ ਬ੍ਰਾਹਮਣ, ਹੇ ਸਿੱਖ, ਸੁਣੋ। ਸੌ ਸਾਲ, ਪੂਰੇ ਸੌ ਸਾਲ ਖ਼ਾਲਸਾ ਪ੍ਰਾਧੀਨ ਰਹੇਗਾ। ਖ਼ਾਲਸਾ ਜਾਗਤ ਜੋਤ, ਮੱਧਮ ਪੈ ਜਾਵੇਗੀ, ਪਰ ਬੁਝੇਗੀ ਨਹੀਂ। ਫ਼ਰੰਗੀ ਦੇਸ਼ ਛੱਡ ਕੇ ਚਲੇ ਜਾਣਗੇ। ਰੌਲੀ ਪਏਗੀ ਤੇ ਦੇਸ਼ ਰੁਲ ਜਾਏਗਾ। ਫੇਰ ਖ਼ਾਲਸਾ ਗੱਜੇਗਾ। ਐਸਾ ਚੱਕਰ ਖ਼ਾਲਸੇ ਦੇ ਉਤਾਰ-ਚੜ੍ਹਾਓ ਦਾ ਚੱਲੇਗਾ, ਜਗਤ ਵਿੱਚ। ਹਾਰ-ਜਿੱਤ ਕਾਲ ਦੀ ਗਤੀ ਹੈ, ਪਰ ਅਟੱਲ ਰਹੇਗਾ ਖ਼ਾਲਸਾ ਅਕਾਲ ਪੁਰਖ ਦਾ। ਅੰਧੇਰੇ ਜਗਤ ਵਿੱਚ ਚਾਨਣ ਗੁਰਬਾਣੀ ਦਾ ਹੈ ਅਤੇ ਸ਼ਕਤੀ, ਕਰਾਮਾਤ ਨਾਮ ਵਿੱਚ ਹੈ। ਨਾਮ, ਸੇਵਾ ਤੇ ਪ੍ਰੇਮ ਦੁਆਰਾ ਸਫ਼ਲ ਹੁੰਦਾ ਹੈ। ਸੋ ਨਾਮ ਤੇ ਬਾਣੀ ਦੇ ਲੜ ਅਸਾਂ ਖ਼ਾਲਸੇ ਨੂੰ ਲਾਇਆ ਹੈ, ਜੋ ਹਰ ਸੰਕਟ ਸਮੇਂ ਖ਼ਾਲਸੇ ਦੇ ਸਹਾਈ ਹੋਣਗੇ।"

ਇਉਂ ਕਹਿ ਕੇ ਅੰਤਰਜਾਮੀ, ਤਿੰਨਾਂ ਕਾਲਾਂ ਦੇ ਦਰਸ਼ਕ ਸਤਿਗੁਰੂ, ਫੇਰ ਚੁੱਪ ਹੋ ਗਏ ਅਤੇ ਪ੍ਰਸ਼ਾਦ ਛੱਕਣ ਲਈ ਆਪਣੇ ਡੇਰੇ ਚਲੇ ਗਏ।

ਪ੍ਰਿਥਵੀ ਪਿੰਡਕ ਬ੍ਰਾਹਮਣ, ਸਿੱਖੀ ਮਾਰਗ ਵਿੱਚ ਆਇਆ ਤੇ ਗੁਰੂ ਜੀ ਦੀ ਆਗਿਆ ਅਨੁਸਾਰ ਪੰਜਾਬ ਦੇਸ਼ ਨੂੰ ਮੁੜ ਆਇਆ। ਇਥੇ ਆ ਕੇ ਲਾਹੌਰ ਦੇ ਲਾਗੇ ਮਾਣਕ ਪਿੰਡ ਵਿੱਚ ਆ ਡੇਰਾ ਲਾਇਆ ਤੇ ਗੁਰਸਿਖੀ ਦਾ ਪ੍ਰਚਾਰ ਕਰਦਾ-ਕਰਦਾ ਜੀਵਨ ਸਫ਼ਲਾ ਕਰ ਗਿਆ। ਆਪ ਭਾਈ ਪ੍ਰਿਥੀ ਜੀ ਕਰਕੇ ਇਸ ਦੇਸ਼ ਵਿੱਚ ਪ੍ਰਸਿੱਧ ਹੋਏ ਤੇ ਆਪ ਦੇ ਪਵਿੱਤਰ ਜੀਵਨ, ਆਤਮਿਕ ਪ੍ਰਭਾਵ ਤੇ ਸਤਿਸੰਗ ਨਾਲ ਸਾਰੇ ਇਲਾਕੇ ਵਿੱਚ ਗੁਰੂ ਦਾ ਜੱਸ ਫੈਲਿਆ। ਆਪ ਸਹਿਜਧਾਰੀ ਸਨ, ਪਰ ਆਪ ਦੇ ਉਪਦੇਸ਼ਾਂ ਨਾਲ ਅਨੇਕਾਂ ਅੰਮ੍ਰਿਤਧਾਰੀ ਸਿੰਘ ਮਾਝੇ ਵਿੱਚ ਸਜੇ।

ਭਾਈ ਪ੍ਰਿਥੀ ਦਾ ਮਾਣਕ ਦਾ ਡੇਰਾ ਪਾਕਿਸਤਾਨ ਬਣਨ ਤੱਕ ਵਸਦਾ ਰਿਹਾ ਹੈ।

ਫ਼ਤਹਨਾਮਹ

1

ਸ਼ਾਹੀ ਲਸ਼ਕਰ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਪੂਰੇ ਅੱਠ ਮਹੀਨਿਆਂ ਤੱਕ ਅਨੰਦਪੁਰ ਦਾ ਮੁਹਾਸਰਾ ਜਾਰੀ ਰਖਿਆ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਦੇ ਹੱਥ ਇਕ ਵੀ ਕਿਲ੍ਹਾ ਜਾਂ ਗੜ੍ਹੀ ਨਾ ਪੈਣ ਦਿੱਤੀ ਅਤੇ ਨਾ ਹੀ ਕਮਜ਼ੋਰੀ ਦੀ ਕੋਈ ਨਿਸ਼ਾਨੀ ਜ਼ਾਹਿਰ ਹੋਣ ਦਿੱਤੀ। ਇਹ ਦੇਖ ਕੇ ਸ਼ੱਤਰੂ ਸਿਪਾਹਸਲਾਰਾਂ ਨੇ ਕਿਸੇ ਸਿਆਸੀ ਚਾਲ ਜਾਂ ਧ੍ਰੋਹ ਤੋਂ ਕੰਮ ਲੈਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਗੁਰੂ ਜੀ ਨੂੰ ਆਖ ਭੇਜਿਆ ਕਿ ਤੁਸੀਂ ਅਨੰਦਪੁਰ ਨੂੰ ਖ਼ਾਲੀ ਕਰ ਜਾਓ ਤੇ ਅਸੀਂ ਤੁਹਾਡੇ ਰਾਹ ਵਿੱਚ ਕਿਸੇ ਕਿਸਮ ਦਾ ਵਿਘਨ ਨਹੀਂ ਪਾਵਾਂਗੇ। ਗੁਰੂ ਜੀ ਉਨ੍ਹਾਂ ਦੀ ਚਾਲ ਨੂੰ ਝੱਟ ਸਮਝ ਗਏ, ਪਰ ਆਪਣੇ ਸਿੱਖਾਂ ਦੇ ਬਹੁਤ ਜ਼ੋਰ ਦੇਣ ਉੱਤੇ ਉਨ੍ਹਾਂ ਨੇ ਦੁਸ਼ਮਣ ਦੀ ਇਹ ਤਜਵੀਜ਼ ਮਨਜ਼ੂਰ ਕਰ ਲਈ ਅਤੇ ਪੋਹ ਦੀ ਇਕ ਠੰਡੀ ਤੇ ਹਨ੍ਹੇਰੀ ਰਾਤ ਵੇਲੇ ਆਪਣੇ ਸਿੱਖਾਂ ਤੇ ਕੁਝ ਪੁਰਾਣੀਆਂ ਹੱਥ ਲਿਖੀਆਂ ਤੇ ਮੌਲਿਕ ਪੁਸਤਕਾਂ ਨੂੰ ਨਾਲ ਲੈ ਕੇ ਕਿਲ੍ਹੇ ਵਿੱਚੋਂ ਨਿਕਲ ਪਏ। ਇਨ੍ਹਾਂ ਦੇ ਨਾਲ ਹੀ ਉਨ੍ਹਾਂ ਨੇ ਬਹੁਮੁੱਲੇ ਆਰਟ ਦਾ ਖ਼ਜ਼ਾਨਾ ਵੀ ਲੈ ਲਿਆ, ਜਿਸ ਵਿੱਚ ਚਿੱਤਰਕਾਰੀ, ਸੰਗਤਰਾਸ਼ੀ, ਘੜੇ ਹੋਏ ਕੀਮਤੀ ਪੱਥਰ ਤੇ ਹਥਿਆਰ ਸ਼ਾਮਿਲ ਸਨ। ਉਹ ਅਜੇ ਕਿਲ੍ਹੇ ਵਿੱਚੋਂ ਬਾਹਰ ਨਿਕਲੇ ਹੀ ਸਨ ਕਿ ਧੋਖੇਬਾਜ਼ ਦੁਸ਼ਮਣ, ਆਪਣੀਆਂ ਕਸਮਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਗੁਰੂ ਸਾਹਿਬ 'ਤੇ ਟੁੱਟ ਪਏ, ਇਸ ਸਮੇਂ ਸਿੱਖਾਂ ਨੇ ਜਿਸ ਬਹਾਦਰੀ ਤੇ ਦ੍ਰਿੜ੍ਹਤਾ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ, ਉਹ ਇਤਿਹਾਸ ਤੋਂ ਗੁੱਝਾ ਨਹੀਂ। ਇਸ ਅਣਸਾਂਵੀਂ ਲੜਾਈ ਵਿੱਚ ਹੁਨਰ ਦਾ ਉਹ ਬਹੁਮੁਲਾ ਖ਼ਜ਼ਾਨਾ ਜਿਸ ਨੂੰ ਗੁਰੂ ਸਾਹਿਬ ਨੇ ਇਤਨੀ ਮਿਹਨਤ ਤੇ ਸ਼ੌਕ ਨਾਲ ਇਕੱਠਾ ਕੀਤਾ ਸੀ, ਸਰਸਾ ਨਦੀ ਦੀਆਂ ਲਹਿਰਾਂ ਨੇ ਨਿਗਲ ਲਿਆ ਅਤੇ ਚਾਲ੍ਹੀ ਥਕੇ ਟੁੱਟੇ ਤੇ ਭੁੱਖੇ ਸਿੱਖਾਂ ਸਮੇਤ, ਜਿਨ੍ਹਾਂ ਵਿੱਚ ਚਾਰ ਪਿਆਰੇ ਤੇ ਦੋ ਸਾਹਿਬਜ਼ਾਦੇ ਵੀ ਸ਼ਾਮਲ ਸਨ, ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿੱਚ ਅਗਲੇ ਦਿਨ ਤਰਕਾਲਾਂ ਵੇਲੇ ਨਾਲ ਜਾ ਪਹੁੰਚੇ।

2

ਇਸ ਅਰਸੇ ਵਿੱਚ ਗੁਰੂ ਸਾਹਿਬ ਦਾ ਪਿੱਛਾ ਕਰ ਰਹੀਆਂ ਸ਼ਾਹੀ ਫ਼ੌਜਾਂ ਨੂੰ ਹੋਰ

ਕੁਮਕ ਆਣ ਪਹੁੰਚੀ ਅਤੇ ਥੋੜ੍ਹੀ ਦੇਰ ਵਿੱਚ ਹੀ ਹਜ਼ਾਰਾਂ ਆਦਮੀਆਂ ਨੇ ਚਮਕੌਰ ਦੇ ਕੱਚੇ ਕਿਲ੍ਹੇ ਨੂੰ ਘੇਰ ਲਿਆ। ਅਗਲੀ ਸਵੇਰ ਨੂੰ, ਪਹੁ ਫੁੱਟਣ ਤੋਂ ਪਹਿਲੇ ਦੁਨੀਆਂ ਦੇ ਇਤਿਹਾਸ ਦੀ ਇਕ ਵੱਡੀ ਬੇਜੋੜ ਲੜਾਈ ਸ਼ੁਰੂ ਹੋਈ। ਜਦ ਦੁਸ਼ਮਣ ਦੇ ਦੋ ਸੌ ਦੇ ਕਰੀਬ ਚੁਣਵੇਂ ਜੁਆਨਾਂ ਨੇ ਕਿਲ੍ਹੇ ਦੇ ਦਰਵਾਜ਼ੇ ਉੱਤੇ ਹੱਲਾ ਬੋਲਿਆ ਤਾਂ ਸਿੰਘਾਂ ਨੇ ਇਸ ਹੱਲੇ ਨੂੰ ਪਛਾੜ ਦਿੱਤਾ। ਇਸੇ ਤਰ੍ਹਾਂ ਇਕ ਦਰਜਨ ਦੇ ਕਰੀਬ ਹੋਰ ਅਜਿਹੇ ਹੱਲਿਆਂ ਨੂੰ ਵੀ ਪਛਾੜ ਦਿੱਤਾ ਜੋ ਗੜ੍ਹੀ 'ਤੇ ਕਬਜ਼ਾ ਕਰਨ ਲਈ ਚੌਹਾਂ ਪਾਸਿਆਂ ਤੋਂ ਕੀਤੇ ਗਏ ਸਨ। ਇਹ ਗੜ੍ਹੀ ਪਿੰਡ ਦੇ ਵਿਚਕਾਰ ਕਰਕੇ ਇਕ ਉੱਚੇ ਟਿੱਬੇ ਉੱਤੇ ਬਣੀ ਹੋਈ ਸੀ ਅਤੇ ਇਸ ਪਿੰਡ ਦੀਆਂ ਭੀੜੀਆਂ ਤੇ ਵੱਲਦਾਰ ਗਲੀਆਂ ਵਿੱਚ ਦੀ ਲੰਘ ਕੇ ਹੀ ਇਸ ਤੱਕ ਪਹੁੰਚਿਆ ਜਾ ਸਕਦਾ ਸੀ। ਗੁਰੂ ਸਾਹਿਬ ਨੇ ਇਸ ਯੁੱਧ ਦਾ ਨਕਸ਼ਾ ਆਪਣੇ ਉਸ ਦੂਜੇ ਖ਼ਤ, "ਜ਼ਫ਼ਰਨਾਮਹ" ਵਿੱਚ ਖਿੱਚਿਆ ਹੈ, ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖਿਆ ਸੀ :—

"ਭਲਾ ਸੈਂਕੜੇ ਤੇ ਬੇਸ਼ੁਮਾਰ ਮੋਟੇ ਤੇ ਤਾਜ਼ੇ ਹਥਿਆਰਬੰਦ ਦੁਸ਼ਮਣਾਂ ਦੇ ਮੁਕਾਬਲੇ ਵਿੱਚ ਚਾਲ੍ਹੀ ਭੁੱਖੇ ਆਦਮੀ ਕੀ ਕਰ ਸਕਦੇ ਸਨ, ਪਰ ਫਿਰ ਵੀ ਉਨ੍ਹਾਂ ਨੇ ਚੰਗਾ ਮੁਕਾਬਲਾ ਕੀਤਾ।"

3

ਜਦ ਸ਼ਾਮ ਨੇੜੇ ਆਈ ਤੇ ਚਮਕੌਰ ਦੀ ਗੜ੍ਹੀ ਦੇ ਅੰਦਰ ਡੱਕੇ ਚਾਲ੍ਹੀ ਸਿਪਾਹੀਆਂ ਦੀ ਗਿਣਤੀ ਬਹੁਤ ਸਾਰੀ ਘੱਟ ਗਈ, ਤਾਂ ਬਾਕੀ ਸਿੱਖਾਂ ਨੇ ਗੁਰੂ ਸਾਹਿਬ ਅੱਗੇ ਇਹ ਬੇਨਤੀ ਕਰਨ ਦਾ ਫ਼ੈਸਲਾ ਕੀਤਾ ਕਿ ਉਹ ਦੋਹਾਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਰਾਤ ਦੇ ਹਨ੍ਹੇਰੇ ਵਿੱਚ ਗੜ੍ਹੀ ਤੋਂ ਬਾਹਰ ਨਿਕਲ ਜਾਣ। ਸੋ ਜਿਸ ਵੇਲੇ ਦੁਸ਼ਮਣ ਨਵੇਂ ਹੱਲੇ ਦੀਆਂ ਤਿਆਰੀਆਂ ਵਿੱਚ ਰੁੱਝਾ ਹੋਇਆ ਸੀ, ਉਹ ਗੜ੍ਹੀ ਦੇ ਵਿਚਕਾਰਲੇ ਬੁਰਜ ਉਪਰ ਗਏ, ਜਿੱਥੇ ਕਿ ਗੁਰੂ ਸਾਹਿਬ ਬੈਠੇ ਗੜ੍ਹੀ ਦੀ ਰੱਖਿਆ ਦੇ ਕੰਮ ਨੂੰ ਵਾਚ ਰਹੇ ਸਨ। ਸਿੱਖਾਂ ਨੇ ਵੇਖਿਆ ਕਿ ਦੋਵੇਂ ਸਾਹਿਬਜ਼ਾਦੇ ਗੁਰੂ ਸਾਹਿਬ ਤੋਂ ਕਿਲ੍ਹੇ ਤੋਂ ਬਾਹਰ ਜਾ ਕੇ ਦੁਸ਼ਮਣ ਦੇ ਹੱਲੇ ਨੂੰ ਠੱਲ੍ਹਣ ਦੀ ਆਗਿਆ ਮੰਗ ਰਹੇ ਹਨ। ਇਸ ਵੇਲੇ ਸਿੱਖਾਂ ਨੇ ਗੁਰੂ ਅੱਗੇ ਇਉਂ ਬੇਨਤੀ ਕੀਤੀ—"ਹੇ ਪੰਥ ਦੇ ਵਾਲੀ, ਅਸੀਂ ਤੁਹਾਡੇ ਚਰਨਾਂ ਵਿੱਚ ਇਕ ਬੇਨਤੀ ਕਰਨ ਆਏ ਹਾਂ। ਹੁਣ ਸਾਨੂੰ ਦੁਸ਼ਮਣ ਦੀ ਨੀਯਤ ਦਾ ਪਤਾ ਲੱਗ ਗਿਆ ਹੈ। ਅਸਾਂ ਆਨੰਦਪੁਰ ਸਾਹਿਬ ਵਿਖੇ ਤੁਹਾਡੀ ਰਾਇ ਉੱਤੇ ਨਾ ਚੱਲ ਕੇ ਗ਼ਲਤੀ ਕੀਤੀ ਸੀ। ਦੁਸ਼ਮਣ ਦਾ ਮਨੋਰਥ ਤੁਹਾਡੀ ਪਵਿੱਤਰ ਹਸਤੀ ਨੂੰ ਤਬਾਹ ਕਰਨ ਜਾਂ ਕਾਬੂ ਕਰਨਾ ਹੈ, ਸੋ ਸਾਡੀ ਫ਼ਤਹ ਇਸੇ ਵਿੱਚ ਹੈ ਕਿ ਅਸੀਂ ਦੁਸ਼ਮਣ ਦੀ ਇਸ ਮਲੀਨ ਇੱਛਾ ਨੂੰ ਪੂਰਾ ਨਾ ਹੋਣ ਦਈਏ। ਇਸ ਲਈ ਸਨਿਮਰ ਬੇਨਤੀ ਕਰਦੇ ਹਾਂ ਕਿ ਰਾਤ ਪੈਂਦਿਆਂ ਹੀ ਤੁਸੀਂ ਦੋਹਾਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਕਿਲ੍ਹੇ ਵਿੱਚੋਂ ਬਾਹਰ

ਨਿਕਲ ਜਾਉ ਅਤੇ ਅਸੀਂ ਸਵੇਰੇ, ਜਿਥੋਂ ਤੱਕ ਹੋ ਸਕਿਆ, ਗੜ੍ਹੀ ਦੀ ਰੱਖਿਆ ਕਰਦੇ ਹੋਏ ਤੇ ਆਖ਼ਿਰ ਤੱਕ ਲੜਦੇ ਹੋਏ ਸ਼ਹੀਦੀਆਂ ਪਾ ਜਾਵਾਂਗੇ।" ਗੁਰੂ ਜੀ ਨੇ ਸਿੱਖਾਂ ਦੀ ਇਸ ਬੇਨਤੀ ਨੂੰ ਸੁਣ ਕੇ ਆਖਿਆ, "ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ?" ਕੁਝ ਚਿਰ ਪਿੱਛੋਂ, ਜਾਣੋ ਪਹਿਲੀ ਗੱਲ ਦੀ ਵਿਆਖਿਆ ਕਰਦਿਆਂ ਹੋਇਆਂ ਗੁਰੂ ਜੀ ਨੇ ਆਖਿਆ, "ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ।" ਇਹ ਗੱਲ ਸੁਣ ਕੇ ਸਿੱਖ ਨਿਰਮਲ ਸ਼ਰਧਾ ਦੇ ਕਾਰਨ ਚੁੱਪ ਦੇ ਚੁੱਪ ਰਹਿ ਗਏ। ਇਸ ਅਰਸੇ ਵਿੱਚ ਗੁਰੂ ਸਾਹਿਬ ਨੇ ਆਪਣੇ ਦੋਹਾਂ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਤੋਂ ਬਾਹਰ ਜਾ ਕੇ ਦੁਸ਼ਮਣ ਦੇ ਤਾਜ਼ਾ ਹੱਲੇ ਨੂੰ ਠੱਲ੍ਹਣ ਦਾ ਹੁਕਮ ਦੇ ਦਿੱਤਾ।

4

ਸ਼ਾਮ ਦੇ ਪ੍ਰਛਾਵੇਂ ਹੁਣ ਹੋਰ ਲੰਮੇ ਹੋ ਗਏ ਸਨ ਤੇ ਗੜ੍ਹੀ ਦੇ ਅੰਦਰ ਸਿਰਫ਼ ਦਸ ਸਿੱਖ ਹੀ ਬਾਕੀ ਬਚੇ ਸਨ। ਉਨ੍ਹਾਂ ਨੂੰ ਇਕ ਨਵਾਂ ਖ਼ਿਆਲ ਸੁਝਿਆ। ਬਹੁਤ ਪ੍ਰਾਚੀਨ ਸਮੇਂ ਤੋਂ ਲੋਕ-ਰਾਜ ਹਿੰਦੁਸਤਾਨ ਦੀ ਸਮਾਜਿਕ ਤੇ ਰਾਜਸੀ ਬਣਤਰ ਦਾ ਇਕ ਅਨਿਖੜਵਾਂ ਅੰਗ ਚਲਾ ਆਉਂਦਾ ਹੈ ਤੇ ਸਾਡੇ ਪਿੰਡਾਂ ਦਾ ਸ੍ਵੈ-ਪ੍ਰਬੰਧ ਇਸ ਗੱਲ ਦਾ ਸਾਖੀ ਹੈ, ਪਰ ਪਿਛਲੇ ਹਜ਼ਾਰਾਂ ਸਾਲਾਂ ਤੋਂ ਲੋਕ-ਰਾਜ ਦੇ ਇਸ ਮੂਲ ਸਿਧਾਂਤ ਨੂੰ ਆਤਮਿਕ ਮੰਡਲ ਤੋਂ ਨਿਖੇੜੀ ਰੱਖਣਾ ਹਿੰਦੁਸਤਾਨੀ ਸਮਾਜ ਦੀ ਕਮਜ਼ੋਰੀ ਦਾ ਸਭ ਤੋਂ ਵੱਡਾ ਕਾਰਨ ਬਣਿਆ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਜਾਤੀ ਦੇ ਇਤਿਹਾਸ ਵਿੱਚ ਸਭ ਤੋਂ ਪਹਿਲੀ ਵਾਰ ਜੱਥੇਬੰਦ ਧਰਮ ਨੂੰ ਪੰਚਾਇਤੀ ਅਸੂਲ ਦੇ ਸਰਵਸਤ ਅਧੀਨ ਕਰਕੇ ਵਿਅਕਤੀ ਨੂੰ ਆਪਣੇ ਸ੍ਵੈਮਾਨ ਨੂੰ ਪੂਰੀ ਤਰ੍ਹਾਂ ਮਾਨਣ ਤੇ ਪ੍ਰਫੁੱਲਿਤ ਕਰਨ ਦਾ ਅਵਸਰ ਦਿੱਤਾ ਹੈ। ਨਾਲੇ ਪੰਜ ਪਿਆਰਿਆਂ ਦੀ ਸੰਸਥਾ ਨੂੰ ਸਥਾਪਤ ਕਰਕੇ ਉਨ੍ਹਾਂ ਦੇ ਫ਼ੈਸਲੇ ਨੂੰ ਕਤਈ ਕਰਾਰ ਦਿੱਤਾ ਹੈ। ਗੁਰੂ ਦੇ ਬਣਾਏ ਇਸ ਅਸੂਲ ਦਾ ਫ਼ਾਇਦਾ ਉਠਾਂਦਿਆਂ ਹੋਇਆਂ ਕਿਲ੍ਹੇ ਦੇ ਅੰਦਰ ਘਿਰੇ ਹੋਏ ਸਿੱਖਾਂ ਨੇ ਸਰਬ ਸੰਮਤੀ ਨਾਲ ਗੁਰਮਤਾ ਕੀਤਾ ਕਿ ਗੁਰੂ ਜੀ ਅੱਜ ਰਾਤ ਵੇਲੇ ਕਿਲ੍ਹੇ 'ਚੋਂ ਨਿਕਲ ਕੇ ਮਾਲਵੇ ਦੇਸ਼ ਵੱਲ ਚਲੇ ਜਾਣ।

5

ਇਸ ਆਖ਼ਰੀ ਫ਼ੈਸਲੇ ਨੇ ਗੁਰੂ ਤੱਕ ਪਹੁੰਚਣ ਲਈ ਦੋ ਸਿੱਖ ਕਿਲ੍ਹੇ ਦੇ ਵਿਚਕਾਰਲੇ ਬੁਰਜ ਵਿਖੇ ਗਏ। ਗੁਰੂ ਜੀ ਝਟ ਹੀ ਉਨ੍ਹਾਂ ਦੇ ਦਿਲ ਦੀ ਗੱਲ ਬੁਝ ਗਏ ਅਤੇ ਜਦ ਸਿੱਖਾਂ ਨੇ ਇਹ ਆਖਣਾ ਸ਼ੁਰੂ ਕੀਤਾ, "ਤੁਸੀਂ ਖ਼ਾਲਸਾ ਨੂੰ ਸਾਜਣ ਵਾਲੇ ਹੋ, ਜੇ ਤੁਸੀਂ ਜਿਉਂਦੇ ਰਹੇ ਤਾਂ ਸਾਡੇ ਵਰਗੇ ਸੈਂਕੜੇ ਤੇ ਹਜ਼ਾਰਾਂ ਸਿੱਖ ਫੇਰ ਬਣਾ ਸਕੋਗੇ, ਪਰ ਖ਼ਾਲਸਾ ਅਜੇ ਕੱਚੀ ਪਨੀਰੀ ਵਾਂਗ ਹੈ ਅਤੇ ਇਸ ਨੂੰ ਤੁਹਾਡੀ ਰੱਖਿਆ ਦੀ ਲੋੜ ਹੈ" ਤਾਂ ਗੁਰੂ ਜੀ ਨੇ ਗੱਲ ਦਾ ਰੁੱਖ ਬਦਲਣ ਲਈ ਆਖਿਆ, "ਔਹ ਦੇਖੋ, ਸਿਪਾਹੀਆਂ ਨੂੰ ਚੂੰਡਣ ਲਈ ਗਿਰਝਾਂ ਕਿਵੇਂ ਇਕੱਠੀਆਂ ਹੋ ਰਹੀਆਂ ਹਨ।"

ਪਰ ਇਸ ਵਾਰੀ ਸਿੱਖਾਂ ਦਾ ਫ਼ੈਸਲਾ ਵਧੇਰੇ ਦ੍ਰਿੜ੍ਹ ਸੀ ਅਤੇ ਉਹ ਜਾਣਦੇ ਸਨ ਕਿ ਗੁਰੂ ਜੀ ਇਸ ਸਾਂਝੇ ਫ਼ੈਸਲੇ ਨੂੰ ਰੱਦ ਨਹੀਂ ਕਰਨਗੇ। ਸਿੱਖਾਂ ਦੀ ਗੱਲ ਸੁਣ ਕੇ ਗੁਰੂ ਜੀ ਕੁਝ ਦੇਰ ਲਈ ਤਾਂ ਚੁੱਪ ਕਰ ਗਏ ਅਤੇ ਫਿਰ ਧੀਰਜ ਨਾਲ ਬੋਲੇ : "ਚੰਗਾ, ਖ਼ਾਲਸੇ ਦਾ ਇਹੋ ਹੀ ਫ਼ੈਸਲਾ ਹੈ ਤਾਂ ਇਵੇਂ ਹੀ ਸਹੀ। ਖ਼ਾਲਸੇ ਨੇ ਫ਼ੈਸਲਾ ਦਿੱਤਾ ਹੈ ਕਿ ਮੈਂ ਚਮਕੌਰ ਦੇ ਗੜ੍ਹ ਵਿੱਚੋਂ ਬਾਹਰ ਨਿਕਲ ਜਾਵਾਂ, ਪਰ ਫ਼ੈਸਲੇ ਵਿੱਚ ਇਸ ਗੱਲ ਦੀ ਕੋਈ ਨਿਰਣਾ ਨਹੀਂ ਕਿ ਮੈਂ ਕਿਸ ਤਰ੍ਹਾਂ ਨਿਕਲਣਾ ਹੈ। ਸੋ ਮੈਂ ਗੜ੍ਹ ਵਿੱਚੋਂ ਚਲਾ ਜਾਵਾਂਗਾ, ਪਰ ਬਾਹਰ ਨਿਕਲਣ ਲੱਗਿਆਂ ਦੁਸ਼ਮਣ ਨੂੰ ਵੰਗਾਰਾਂਗਾ ਜ਼ਰੂਰ।" ਗੁਰੂ ਜੀ ਨੇ ਉਸੇ ਵੇਲੇ ਕਿਲ੍ਹੇ 'ਚੋਂ ਬਾਹਰ ਨਿਕਲਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਅਤੇ ਤਿੰਨ ਸਿੱਖਾਂ ਨੂੰ ਆਪਣੇ ਨਾਲ ਲੈ ਲਿਆ। ਰਹਿੰਦਿਆਂ ਨੂੰ ਕਿਲ੍ਹੇ ਦੀ ਰੱਖਿਆ ਕਰਨ ਲਈ ਜ਼ਰੂਰੀ ਹਦਾਇਤਾਂ ਦੇ ਦਿੱਤੀਆਂ। ਪੰਜਾਂ ਪਿਆਰਿਆਂ ਵਿੱਚੋਂ ਕੇਵਲ ਭਾਈ ਦਇਆ ਸਿੰਘ ਜੀ ਹੀ ਬਚੇ ਸਨ ਅਤੇ ਉਨ੍ਹਾਂ ਤੇ ਦੋ ਹੋਰ ਸਿੰਘਾਂ ਨੇ ਹੁਣ ਗੁਰੂ ਜੀ ਨਾਲ ਜਾਣਾ ਸੀ। ਗੁਰੂ ਜੀ ਨੇ ਬੁਰਜ ਉੱਤੇ ਖਲੋ ਕੇ ਨਰ ਸਿੰਙਾ ਵਜਾਇਆ ਤਾਂਕਿ ਦੁਸ਼ਮਣ ਨੂੰ ਪਤਾ ਲੱਗ ਜਾਏ ਕਿ ਕਿਲ੍ਹੇ ਦੇ ਅੰਦਰੋਂ ਹੱਲਾ ਹੋਣ ਵਾਲਾ ਹੈ। ਫਿਰ ਉਹ ਕਿਲ੍ਹੇ ਦੀ ਕੰਧੋਂ ਇਕ ਪੁਰਾਣੀ ਟਾਕੀ ਤੋੜ ਕੇ ਨਿਕਲ ਗਏ ਤੇ ਹਨ੍ਹੇਰੇ ਵਿੱਚ ਤੁਰਦੇ ਹੋਏ ਇਕ ਟਿੱਬੇ ਉੱਤੇ ਜਾ ਪਹੁੰਚੇ, ਜਿੱਥੇ ਉਨ੍ਹਾਂ ਨੇ ਤਿੰਨ ਵਾਰ ਤਾੜੀ ਵਜਾ ਕੇ ਨਾਅਰਾ ਲਗਾਇਆ : "ਪੀਰੇ ਹਿੰਦ ਮੀਰਵਦ!" ਇਸ ਨਾਲ ਦੁਸ਼ਮਣ ਵਿੱਚ ਗੜਬੜੀ ਜਿਹੀ ਪੈਦਾ ਹੋ ਗਈ ਅਤੇ ਇਸ ਗੜਬੜੀ ਵਿੱਚ ਗੁਰੂ ਜੀ ਬਚ ਕੇ ਨਿਕਲ ਗਏ। ਦੋਵੇਂ ਸਿੱਖ ਵੀ ਗੁਰੂ ਜੀ ਨਾਲ ਜਾ ਰਲੇ ਤੇ ਸਵੇਰ ਹੋਣ ਤੋਂ ਪਹਿਲੇ-ਪਹਿਲੇ ਹੀ ਉਹ ਮਾਛੀਵਾੜੇ ਦੇ ਪਿੰਡ ਵਿੱਚ ਜਾ ਪਹੁੰਚੇ। ਗੁਰੂ ਜੀ ਇਸ ਪਿੰਡ ਵਿੱਚ ਦੋ ਦਿਨ ਠਹਿਰੇ। ਇਥੇ ਗਨੀ ਖ਼ਾਨ ਤੇ ਨਬੀ ਖ਼ਾਨ, ਦੋ ਪਠਾਣ, ਜੋ ਇਸ ਤੋਂ ਪਹਿਲੇ ਮੱਧ-ਏਸ਼ੀਆ ਵਿੱਚੋਂ ਘੋੜੇ ਖ਼ਰੀਦਣ ਲਈ ਗੁਰੂ ਜੀ ਦੀ ਨੌਕਰੀ ਵਿੱਚ ਸਨ, ਉਹ ਉਨ੍ਹਾਂ ਪਾਸ ਆਏ ਅਤੇ ਕਹਿਣ ਲੱਗੇ ਕਿ ਸਾਨੂੰ ਕੋਈ ਸੇਵਾ ਕਰਨ ਦਾ ਅਵਸਰ ਬਖ਼ਸ਼ੋ। ਗੁਰੂ ਜੀ ਨੇ ਔਰੰਗਜ਼ੇਬ ਦੇ ਨਾਮ, ਫ਼ਾਰਸੀ ਕਵਿਤਾ ਵਿੱਚ, ਇਕ ਚਿੱਠੀ ਲਿਖੀ ਅਤੇ ਗ਼ਨੀ ਖ਼ਾਨ, ਨਬੀ ਖ਼ਾਨ ਨੂੰ ਆਖਿਆ ਕਿ ਇਹ ਚਿੱਠੀ ਔਰੰਗਜ਼ੇਬ ਤੱਕ ਪਹੁੰਚਾਉਣ ਵਿੱਚ ਭਾਈ ਦਇਆ ਸਿੰਘ ਜੀ ਦੀ ਸਹਾਇਤਾ ਕਰੋ, ਕਿਉਂਕਿ ਸ਼ਾਹੀ ਫ਼ੌਜਾਂ ਨੇ ਸਾਡੀ ਤਲਾਸ਼ ਵਿੱਚ ਚਹੁੰ ਪਾਸੀਂ ਘੇਰਾ ਘੱਤਿਆ ਹੋਇਆ ਹੈ। ਭਾਈ ਦਇਆ ਸਿੰਘ ਜੀ ਨੇ ਇਕ ਮੁਸਲਮਾਨ ਪੀਰ ਦਾ ਭੇਸ ਧਾਰਨ ਕਰ ਲਿਆ ਤੇ ਆਪਣੇ ਕੇਸ ਖੋਲ੍ਹ ਕੇ ਮੋਢਿਆਂ ਉੱਤੇ ਖਿਲਾਰ ਲਏ ਅਤੇ ਗ਼ਨੀ ਖ਼ਾਨ ਤੇ ਨਬੀ ਖ਼ਾਨ ਨੇ ਉਨ੍ਹਾਂ ਨੂੰ ਮੰਜੇ ਉੱਤੇ ਬਹਾ ਕੇ ਆਪਣੇ ਮੋਢਿਆਂ ਉੱਤੇ ਚੁੱਕ ਲਿਆ ਤਾਂ ਕਿ ਇਸ ਤਰੀਕੇ ਨਾਲ ਉਸ ਨੂੰ ਬਾਹਰ ਕੱਢ

ਲਿਜਾਣ। ਗੁਰੂ ਜੀ ਦਾ ਔਰੰਗਜ਼ੇਬ ਨੂੰ ਲਿਖਿਆ ਪਹਿਲਾ ਖ਼ਤ, ਜਿਸ ਦਾ ਨਾਂ 'ਫ਼ਤਹਨਾਮਹ' ਸੀ, ਅੰਬਾਲਾ ਜ਼ਿਲ੍ਹੇ ਦੇ ਪਿੰਡ, ਮਨੀ ਮਾਜਰਾ ਦੇ ਵਸਨੀਕ, ਸੱਯਦ ਹਸਨ ਅਲੀ ਨੂੰ ਦੇ ਦਿੱਤਾ ਗਿਆ ਤਾਂਕਿ ਉਹ ਖ਼ਤਰੇ ਵਿੱਚੋਂ ਬਾਹਰ ਨਿਕਲ ਆਉਣ ਉੱਤੇ ਭਾਈ ਦਇਆ ਸਿੰਘ ਜੀ ਨੂੰ ਦੇ ਦੇਵੇ। ਰਾਹ ਵਿੱਚ ਸ਼ਾਹੀ ਦਸਤਿਆਂ ਨੇ ਭਾਈ ਦਯਾ ਸਿੰਘ ਨੂੰ ਪਕੜ ਲਿਆ ਤੇ ਅੱਠ ਪਹਿਰ ਰੋਕੀ ਰਖਿਆ। ਆਖ਼ਰ ਨੂਰਪੁਰ ਦੇ ਕਾਜ਼ੀ ਅਨਾਇਤ ਅਲੀ ਤੇ ਸਲੋਹ ਪਿੰਡ ਦੇ ਕਾਜ਼ੀ ਪੀਰ ਮੁਹੰਮਦ ਨੇ ਆ ਕੇ ਕੁਰਾਨ ਸ਼ਰੀਫ਼ ਹੱਥ ਵਿੱਚ ਲੈ ਕੇ ਸ਼ਰਈ ਸ਼ਹਾਦਤ ਦਿੱਤੀ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ, ਜਿਨ੍ਹਾਂ ਨੂੰ ਕਿ ਅਸੀਂ ਭਲੀ ਪ੍ਰਕਾਰ ਪਛਾਣਦੇ ਹਾਂ।

6

ਇਸ ਦੇ ਪਿੱਛੋਂ ਸਯਦ ਹਸਨ ਅਲੀ ਨੇ ਫ਼ਤਹਨਾਮਹ ਨੂੰ ਭਾਈ ਦਇਆ ਸਿੰਘ ਜੀ ਦੇ ਹਵਾਲੇ ਕਰ ਦਿੱਤਾ ਅਤੇ ਦਇਆ ਸਿੰਘ ਜੀ ਉਸ ਨੂੰ ਲੈ ਕੇ ਔਰੰਗਾਬਾਦ ਪਹੁੰਚ ਗਏ, ਜਿੱਥੇ ਉਸ ਵੇਲੇ ਸ਼ਹਿਨਸ਼ਾਹ ਔਰੰਗਜ਼ੇਬ ਦਾ ਕੈਂਪ ਸੀ। ਉਸੇ ਰਾਤ ਗੁਰੂ ਜੀ ਮਾਛੀਵਾੜੇ ਵਿੱਚੋਂ ਨਿਕਲ ਕੇ ਮਾਲਵੇ ਵਿੱਚ ਪਹੁੰਚ ਗਏ, ਜਿੱਥੇ ਹਜ਼ਾਰਾਂ ਸ਼ਰਧਾਲੂ ਫਿਰ ਉਨ੍ਹਾਂ ਦੇ ਇਰਦ-ਗਿਰਦ ਇਕੱਠੇ ਹੋ ਗਏ।

7

ਫ਼ਤਹਨਾਮੇ ਨੂੰ ਪੜ੍ਹ ਕੇ ਔਰੰਗਜ਼ੇਬ ਨੇ ਉਨ੍ਹਾਂ ਨਾਜਾਇਜ਼ ਹੁਕਮਾਂ ਤੇ ਹਦਾਇਤਾਂ ਉੱਤੇ ਪਛਤਾਵਾ ਪ੍ਰਗਟ ਕੀਤਾ, ਜੋ ਉਸ ਨੇ ਸਰਹੰਦ ਤੇ ਲਾਹੌਰ ਦੇ ਸੂਬਿਆਂ ਅਤੇ ਆਪਣੇ ਬਾਜਗੁਜ਼ਾਰ ਪਹਾੜੀ ਰਾਜਿਆਂ ਨੂੰ ਗੁਰੂ ਜੀ ਤੇ ਅਨੰਦਪੁਰ ਨੂੰ ਤਬਾਹ ਕਰਨ ਲਈ ਜਾਰੀ ਕੀਤੀਆਂ ਸਨ। ਸੋ ਉਸ ਨੇ ਝਬਦੇ ਹੀ ਹੁਕਮ ਜਾਰੀ ਕਰ ਦਿੱਤਾ ਕਿ ਅੱਗੋਂ ਤੋਂ ਗੁਰੂ ਜੀ ਦੇ ਰਾਹ ਵਿੱਚ ਕੋਈ ਵਿਘਨ ਨਾ ਪਾਇਆ ਜਾਵੇ।

ਫ਼ਤਹਿ ਨਾਮੇ ਦੇ ਉੱਤਰ ਵਿੱਚ ਔਰੰਗਜ਼ੇਬ ਨੇ ਗੁਰੂ ਜੀ ਨੂੰ ਇਕ ਚਿੱਠੀ ਵੀ ਲਿਖੀ, ਜਿਸ ਵਿੱਚ ਉਸ ਨੇ ਉਨ੍ਹਾਂ ਗਲਤ-ਫ਼ਹਿਮੀਆਂ ਉੱਤੇ ਪੇਸ਼ਮਾਨੀ ਪ੍ਰਗਟ ਕੀਤੀ, ਜੋ ਗੁਰੂ ਸਾਹਿਬ ਦੇ ਵਿਰੁੱਧ ਉਸ ਦੇ ਦਿਲ ਵਿੱਚ ਪੈਦਾ ਕਰ ਦਿੱਤੀਆਂ ਗਈਆਂ ਸਨ। ਨਾਲ ਉਸ ਗੁਰੂ ਸਾਹਿਬ ਨਾਲ ਮੁਲਾਕਾਤ ਕਰਨ ਦੀ ਇੱਛਾ ਪ੍ਰਗਟ ਕੀਤੀ। ਔਰੰਗਜ਼ੇਬ ਦਾ ਇਹ ਕੋਮਲ ਜਵਾਬ ਗੁਰੂ ਜੀ ਨੂੰ ਕਾਂਗੜੇ ਦੇ ਮੁਕਾਮ 'ਤੇ ਪਹੁੰਚਿਆ ਅਤੇ ਗੁਰੂ ਜੀ ਨੇ ਨਰਮ ਹੋ ਕੇ ਔਰੰਗਜ਼ੇਬ ਨੂੰ ਇਕ ਹੋਰ ਚਿੱਠੀ ਲਿਖੀ, ਜੋ ਜ਼ਫ਼ਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਜੀ ਦੀ ਇਹ ਦੂਜੀ ਚਿੱਠੀ, ਟੁੱਟੀ-ਫੁੱਟੀ ਸ਼ਕਲ ਵਿੱਚ, ਸਾਡੇ ਕੋਲ ਮੌਜੂਦ ਹੈ, ਪਰ ਪਹਿਲੀ ਚਿੱਠੀ ਫ਼ਤਹਨਾਮਹ, ਇਤਨਾ ਪ੍ਰਸਿੱਧ ਨਹੀਂ। ਹੁਣ ਇਸ ਫ਼ਤਹਨਾਮਹ ਦਾ ਥੋੜ੍ਹਾ ਜਿਹਾ ਹਿੱਸਾ ਹੀ ਮਿਲਦਾ ਹੈ ਜਿਸ ਨੂੰ ਅਸੀਂ ਅਸਲ ਤੇ ਪੰਜਾਬੀ ਤਰਜੁਮੇ ਸਮੇਤ ਹੇਠਾਂ ਦਿੰਦੇ ਹਾਂ।

ਫ਼ਤਹਨਾਮਹ

ੴ ਵਾਹਿਗੁਰੂ ਜੀ ਕੀ ਫ਼ਤਹ॥

ਅਥ ਫ਼ਤਹਨਾਮਹ ਬਨਾਮੇ ਔਰੰਗਜ਼ੇਬ ਸ਼ਹਿਨਸ਼ਾਹੇ ਹਿੰਦ ਅਜ਼ ਪਾਦਸ਼ਾਹੇ ਦਹਮ।

(1) ਬਨਾਮੇ ਖ਼ੁਦਾਵੰਦੇ ਤੇਗ਼ ਓ ਤਬਰ,
ਖ਼ੁਦਾਵੰਦੇ ਤੀਰ ਓ ਸਨਾਨੋ ਸਪਰ।

ਤਲਵਾਰ ਤੇ ਤਬਰ ਦੇ ਰੱਬ ਦੇ ਨਾਂ ਨਾਲ, ਜੋ ਤੀਰ, ਨੇਜ਼ੇ ਤੇ ਢਾਲਾਂ ਦਾ ਮਾਲਕ ਹੈ।

(2) ਖ਼ੁਦਾਵੰਦੇ ਮਰਦਾਨੇ ਜੰਗ ਆਜ਼ਮਾ,
ਖ਼ੁਦਾਵੰਦੇ ਅਸਪਾਨੇ ਪਾ ਦਰ ਹਵਾ।

ਜੋ ਲੜਾਕੇ ਯੋਧਿਆਂ ਦਾ ਖ਼ੁਦਾ ਹੈ ਤੇ ਹਵਾ ਨਾਲ ਉੱਡਣ ਵਾਲੇ ਘੋੜਿਆਂ ਦਾ ਸਵਾਮੀ ਹੈ।

(3) ਹੁਮਾ ਕੂ ਤੁਰਾ ਪਾਦਸ਼ਾਹੀ ਬਿਦਾਦ,
ਬਮਾ ਦੌਲਤੇ ਦੀਂ ਪਨਾਹੀ ਬਿਦਾਦ।

ਉਹੀ ਜਿਸ ਨੇ ਤੈਨੂੰ ਪਾਦਸ਼ਾਹੀ ਦਿੱਤੀ ਹੈ, ਉਸੇ ਨੇ ਮੈਨੂੰ ਧਰਮ ਦਾ ਰੱਖਿਅਕ ਥਾਪਿਆ ਹੈ।

(4) ਤੁਰਾ ਤੁਰਕ ਤਾਜ਼ੀ ਬਮਕਰੋ ਰਿਆ,
ਮਰਾ ਚਾਰਾ ਸ਼ਾਜ਼ੀ ਬਸਿਦਕੋ ਸਫ਼ਾ।

ਤੈਨੂੰ ਆਪਣੇ ਮਕਰ ਤੇ ਧੋਖੇ ਉੱਤੇ ਭਰੋਸਾ ਹੈ, ਪਰ ਮੈਂ ਸਾਰੀ ਗੱਲ ਦਿਲ ਦੀ ਸਫ਼ਾਈ ਤੇ ਪਵਿੱਤਰਤਾ ਉੱਤੇ ਸੁੱਟ ਛੱਡੀ ਹੋਈ ਹੈ।

(5) ਨਾ ਜ਼ੇਬਦ ਤੁਰਾਂ ਨਾਮੇ ਔਰੰਗਜ਼ੇਬ,
ਕਿ ਔਰੰਗਜ਼ੇਬਾਂ ਨਿਆਯਦ ਫਰੇਬ।

ਤੈਨੂੰ ਔਰੰਗਜ਼ੇਬ ਦਾ ਨਾਂ ਨਹੀਂ ਢੁੱਕਦਾ, ਕਿਉਂਕਿ ਤਖ਼ਤ ਨੂੰ ਜ਼ੀਨਤ ਦੇਣ ਵਾਲਿਆਂ ਨੂੰ ਧੋਖਾ ਦੇਣਾ ਨਹੀਂ ਸ਼ੋਭਦਾ।

(6) ਨਾ ਤਸਬੀਹਤ ਅਜ਼ ਦਾਨਾ ਓ ਰਿਸ਼ਤਾ ਬੇਸ਼,
ਕਜ਼ਾਂ ਦਾਨਾ ਸਾਜ਼ੀ, ਵਜ਼ਾਂ ਦਾਮੇ ਖੇਸ਼।

ਤੇਰੀ ਤਸਬੀ ਮਣਕਿਆਂ ਤੇ ਧਾਗੇ ਤੋਂ ਵੱਧ ਕੋਈ ਹੈਸੀਅਤ ਨਹੀਂ ਰੱਖਦੀ, ਕਿਉਂਕਿ ਤੂੰ ਮਣਕਿਆਂ ਨੂੰ ਦਾਣਾ ਤੇ ਧਾਗੇ ਨੂੰ ਜਾਲ ਬਣਾਇਆ ਹੋਇਆ ਹੈ।

(7) ਤੂ ਖ਼ਾਕੇ ਪਿਦਰ ਰਾ ਬਕਿਰਦਾਰੇ ਜ਼ਿਸ਼ਤ,
ਬਖ਼ੂਨੇ ਬਿਰਾਦਰ ਬਦਾਦੀ ਸਰਿਸ਼ਤ।

ਆਪਣੀ ਭੈੜੀ ਕਰਤੂਤ ਨਾਲ ਤੂੰ ਆਪਣੇ ਪਿਤਾ ਦੀ ਮਿੱਟੀ ਨੂੰ ਆਪਣੇ ਭਰਾ ਦੇ ਖ਼ੂਨ ਨਾਲ ਗੁੰਨ੍ਹਿਆ ਹੈ।

(8) ਵਜ਼ਾਂ ਖ਼ਾਨਾ ਏ ਆਮ ਕਰਦੀ ਬਿਨਾ,
ਬਰਾਏ ਦਰੇ ਦੌਲਤੇ ਖੇਸ਼ ਰਾ।

ਤੇ ਇਸ ਤਰ੍ਹਾਂ ਨਾਲ ਤੂੰ ਆਪਣੀ ਹਕੂਮਤ ਦਾ ਕੱਚਾ ਮਹਿਲ ਖੜਾ ਕਰ ਲਿਆ ਹੈ।

(9) ਮਨ ਅਕਨੂੰ ਬਅਫ਼ਜ਼ਾਲੇ ਪੁਰਸ਼ੇ ਅਕਾਲ,
ਕੁਨਮ ਆਬੇ ਆਹਨ ਚੁਨਾਂ ਬਰਸ਼ਗਾਲ।

ਹੁਣ ਮੈਂ ਅਕਾਲ ਪੁਰਖ ਦੀ ਕ੍ਰਿਪਾ ਨਾਲ ਏਸ ਤਰ੍ਹਾਂ ਖੰਡਾ ਚਮਕਾਵਾਂਗਾ, ਜਿਵੇਂ ਸਾਵਨ ਵਿੱਚ ਬਿਜਲੀਆਂ ਚਮਕਦੀਆਂ ਹਨ।

(10) ਜ਼ਿ ਕੋਹੇ ਦਕਨ ਤਿਸ਼ਨਾ-ਕਾਮ ਆਮਦੀ,
ਜ਼ਿ ਮੇਵਾੜ ਹਮ ਤਲਖ਼ ਕਾਮ ਆਮਦੀ।

ਤੂੰ ਦੱਖਣ ਦੇ ਪਹਾੜਾਂ ਵੱਲੋਂ ਪਿਆਸਾ ਹੀ ਪਰਤਿਆ ਏਂ ਤੇ ਮੇਵਾੜ ਵੱਲੋਂ ਵੀ ਤੰਗ ਹੋਏ ਸੰਘ ਨਾਲ ਬੇਮੁਰਾਦ ਹੀ ਮੁੜਿਆ ਏਂ।

(11) ਬਦੀਂ ਸੂ ਚੂ ਅਕਨੂੰ ਨਿਗਾਹਤ ਬਵਦ,
ਜ਼ਿ ਆਂ ਤਲਖੀਓ ਤਿਸ਼ਨਗੀ ਅਤ ਬਵਦ।

ਪਰ ਜੇ ਹੁਣ ਤੂੰ ਮੇਰੀ ਵੱਲ ਅੱਖਾਂ ਕਰੇਂਗਾ ਤਾਂ ਤੇਰੀ ਸਭ ਪਿਆਸ ਤੇ ਤਲਖੀ ਮੱਠੀ ਹੋ ਜਾਵੇਗੀ।

(12) ਚੁਨਾਂ ਆਤਸ਼ੇ ਜੇਰੇ ਨਾਅਲਤ ਨਿਹਮ,
ਜ਼ਿ ਪੰਜਾਬ ਆਬਤ ਨਾ ਖੁਰਦਨ ਦਿਹਮ।

ਮੈਂ ਤੈਨੂੰ ਇਤਨਾ ਪ੍ਰੇਸ਼ਾਨ ਕਰਾਂਗਾ ਕਿ ਤੈਨੂੰ ਪੰਜਾਬ ਵਿੱਚ ਪਾਣੀ ਤੱਕ ਨਹੀਂ ਪੀਣ ਦਿਆਂਗਾ।

(13) ਚਿਹਸ਼ੁਦ ਗਰ ਸ਼ਿਗਾਲੇ ਜ਼ਿ ਮਕਰੋ ਰਿਆ,
ਹਮੀਂ ਕੁਸ਼ਤ ਦੋ ਬੱਚਾ ਏ ਸ਼ੇਰ ਰਾ!

ਕੋਈ ਗੱਲ ਨਹੀਂ ਜੇ ਗਿੱਦੜ ਨੇ ਆਪਣੀ ਚਲਾਕੀ ਤੇ ਧੋਖੇ ਨਾਲ ਸ਼ੇਰ ਦੇ ਦੋ ਬੱਚਿਆਂ ਨੂੰ ਮਾਰ ਦਿੱਤਾ ਹੈ।

(14) ਚੂੰ ਸ਼ੇਰੇ ਯਿਆਂ ਜ਼ਿੰਦਾ ਮਾਨਦ ਹਮੀ,
ਜ਼ਿਤੋ ਇੰਤਕਾਮੇ ਸਿਤਾਨਦ ਹਮੀ।

ਕਿਉਂਕਿ ਅਜੇ ਬਿਫ਼ਰਿਆ ਹੋਇਆ ਸ਼ੇਰ ਜਿਊਂਦਾ ਹੈ ਅਤੇ ਉਹ ਆਪੇ ਤੇਰੇ ਕੋਲੋਂ ਬਦਲਾ ਲੈ ਲਵੇਗਾ।

(15) ਨਾ ਦੀਗਰ ਗਿਰਾਇਮ ਬਨਾਮੇ ਖ਼ੁਦਾਤ,
ਕਿ ਦੀਦਮ ਖ਼ੁਦਾ ਓ ਕਲਾਮੇ ਖ਼ੁਦਾਤ।

ਹੁਣ ਮੈਂ ਤੇਰੀਆਂ ਖ਼ੁਦਾ ਦੀਆਂ ਕਸਮਾਂ ਉੱਤੇ ਨਹੀਂ ਪਸੀਜਾਂਗਾ, ਕਿਉਂਕਿ ਮੈਂ ਤੇਰੇ ਖ਼ੁਦਾ ਤੇ ਉਸ ਦੇ ਕਲਾਮ ਨੂੰ ਪਰਤਾ ਕੇ ਦੇਖ ਲਿਆ ਹੈ।

(16) ਬਸੌਗੰਦੇ ਤੋ ਏਅਤਬਾਰੇ ਨਮਾਂਦ,
ਮਰਾ ਜੁਜ਼ ਬਸ਼ਮਸ਼ੀਰ ਕਾਰੇ ਨਮਾਂਦ।

ਮੈਨੂੰ ਤੇਰੀਆਂ ਕਸਮਾਂ ਤੇ ਕੋਈ ਏਤਬਾਰ ਨਹੀਂ ਰਿਹਾ; ਇਸ ਲਈ ਤਲਵਾਰ ਨੂੰ ਵਰਤਣ ਦੇ ਸਿਵਾ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ।

(17) ਤੁਈ ਗੁਰਗੇ ਬਾਰਾਂ ਕਸ਼ੀਦਾ ਅਗਰ,
ਨਿਹਮ ਨੀਜ਼ ਸ਼ੇਰੇ ਜ਼ਿ ਦਾਮੇ ਬਦਰ।

ਜੇ ਤੂੰ ਤਜ਼ਰਬੇਕਾਰ ਬਘਿਆੜ ਏਂ ਤਾਂ ਮੈਂ ਵੀ ਇਧਰੋਂ ਸ਼ੇਰ ਛੱਡ ਸਕਦਾ ਹਾਂ।

(18) ਅਗਰ ਬਾਜ਼ ਗੁਫ਼ਤ ਓ ਸ਼ੁਨੀਦਤ ਬਮਾਸਤ,
ਨੁਮਾਇਮ ਤੁਰਾ ਜਾਦਾ ਏ ਪਾਕ ਓ ਰਾਸਤ।

ਜੇ ਅਜੇ ਵੀ ਤੂੰ ਮੇਰੇ ਨਾਲ ਕੋਈ ਗੱਲਬਾਤ ਕਰਨੀ ਚਾਹੇਂ ਤਾਂ ਮੈਂ ਤੈਨੂੰ ਇਹੋ ਪਾਕ ਤੇ ਸਿੱਧਾ ਰਾਹ ਦੱਸਾਂਗਾ।

(19) ਬਮੈਦਾਂ ਦੋ ਲਸ਼ਕਰ ਸਫ਼ ਆਰਾ ਸ਼ਵੰਦ,
ਤਾਂ ਜ਼ੂਦੀ ਬਹਮ ਆਸ਼ਕਾਰਾ ਸ਼ਵੰਦ।

ਮੈਦਾਨ ਵਿੱਚ ਦੋਵੇਂ ਫ਼ੌਜਾਂ ਸਫ਼ਾਂ ਬੰਨ੍ਹ ਕੇ ਇਕ ਦੂਜੇ ਦੇ ਆਹਮੋ-ਸਾਹਮਣੇ ਆ ਜਾਣ।

(20) ਮਿਆਨਸ਼ ਦੋ ਫਰਸੰਗ ਰਾ ਫ਼ਾਸਲਾਂ।

... ...

ਤੇ ਉਨ੍ਹਾਂ ਦੇ ਵਿਚਾਲੇ ਦੋ ਫ਼ਰਲਾਗਾਂ ਦੀ ਵਿੱਥ ਹੀ ਰਹਿ ਜਾਏ।

(21) ਅਜ਼ਾਂ ਪਸ ਦਰਾਂ ਅਰਸਾ ਏ ਕਾਰਜ਼ਾਰ,
ਮਨ ਆਇਮ ਜਗੀਦਾ ਤੂ ਬਾ ਦੋ ਸਵਾਰ।

ਇਸ ਦੇ ਮਗਰੋਂ ਜੰਗ ਦੇ ਮੈਦਾਨ ਵਿੱਚ ਮੈਂ ਇਕੱਲਾ ਹੀ ਨਿਕਲਾਂਗਾ ਤੇ ਤੂੰ ਦੋ ਸਵਾਰ ਨਾਲ ਲੈ ਕੇ ਆਈਂ।

(22) ਤੂ ਅਜ਼ ਨਾਜ਼ੋ ਨਿਅਮਤ ਸਮਰ ਖ਼ੁਰਦਾ ਈ,
ਜ਼ਿ ਜੰਗੀ ਜਵਾਨਾਂ ਨਾ ਬਰ ਖ਼ੁਰਦਾ ਈ।

ਤੂੰ ਨਾਜ ਨਿਆਮਤ ਵਿੱਚ ਪਲਦਾ ਰਿਹਾ ਏਂ ਅਤੇ ਅਜੇ ਤੀਕ ਤੈਨੂੰ ਕੋਈ ਜੰਗੀ ਜਵਾਨ ਨਹੀਂ ਟੱਕਰਿਆ।

(23) ਬਮੈਦਾਂ ਬਿਆ ਖ਼ੁਦ ਬਤੇਗ਼ ਓ ਤਬਰ,
ਮਕਨ ਖ਼ਲਕੇ ਖ਼ੱਲਾਕ ਜ਼ੇਰੋ ਜ਼ਬਰ।

ਤੂੰ ਤਲਵਾਰ ਤੇ ਤਬਰ ਲੈ ਕੇ ਆਪ ਮੈਦਾਨ ਜੰਗ ਵਿੱਚ ਉਤਰ। ਐਵੇਂ ਖ਼ਲਕਤ ਨੂੰ ਤਬਾਹ ਕਰਵਾਉਣ ਦਾ ਕੀ ਲਾਭ ਹੋਇਆ ?

ਫ਼ਤਹਨਾਮਹ ਦੇ ਬਾਕੀ ਹਿੱਸੇ ਅਜੇ ਤੀਕ ਹਨੇਰੇ ਦੇ ਪਰਦੇ ਪਿੱਛੇ ਲੁਕੇ ਪਏ ਹਨ।

ਮੁਕਤਨਾਮਹ

1

ਸਿੱਖਾਂ ਦੀ ਪ੍ਰਸਿੱਧ ਪੁਸਤਕ, 'ਸੌ ਸਾਖੀ', ਦੀ ਲੋਕਾਂ ਦੇ ਖ਼ਿਆਲਾਂ ਉੱਤੇ ਅੱਜ ਤੱਕ ਢੇਰ ਪਕੜ ਹੈ। ਇਸ ਦਾ ਕਾਰਨ ਸਿਰਫ਼ ਇਹੋ ਨਹੀਂ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੱਸੀ ਜਾਂਦੀ ਹੈ, ਸਗੋਂ ਇਹ ਵੀ ਹੈ ਕਿ ਇਸ ਵਿੱਚ ਆਉਣ ਵਾਲੀਆਂ ਘਟਨਾਵਾਂ ਤੇ ਸ਼ਖ਼ਸੀਅਤਾਂ ਬਾਰੇ ਅਜੀਬ ਢੰਗ ਦੀਆਂ ਪੇਸ਼ੀਨਗੋਈਆਂ ਕੀਤੀਆਂ ਹੋਈਆਂ ਹਨ। ਜਿੱਥੋਂ ਤੱਕ ਮੈਂ ਦੇਖ ਸਕਿਆ ਹਾਂ 'ਸੌ ਸਾਖੀ' ਸਾਰੀ ਦੀ ਸਾਰੀ ਜਾਅਲੀ ਨਹੀਂ। ਆਪਣੀ ਉਮਰ ਦੇ ਆਖ਼ਰੀ ਦਿਨਾਂ ਵਿੱਚ ਗੁਰੂ ਸਾਹਿਬ ਕਾਫ਼ੀ ਧਿਆਨ ਸਥਿਤ ਰਹਿੰਦੇ ਸਨ। ਨੰਦੇੜ ਦੇ ਲਾਗੇ, ਗੋਦਾਵਰੀ ਦੇ ਕੰਢੇ ਉੱਤੇ ਉਹ ਕਿੰਨਾ-ਕਿੰਨਾ ਚਿਰ ਸਮਾਧੀ ਦੀ ਅਵਸਥਾ ਵਿੱਚ ਰਹਿੰਦੇ ਸਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਸਮਾਧੀਆਂ ਦੇ ਦੌਰਾਨ ਵਿੱਚ ਗੁਰੂ ਸਾਹਿਬ ਦੇ ਮੁਖ਼ਾਰਬਿੰਦ ਉੱਤੇ ਵਿਸਮਾਦ, ਚਿੰਤਾ, ਖ਼ੁਸ਼ੀ ਤੇ ਗ਼ਮੀ ਦੇ ਜਜ਼ਬੇ ਵਾਰੋ-ਵਾਰੀ ਪ੍ਰਗਟ ਹੁੰਦੇ ਸਨ। ਜਦ ਆਪ ਦੀ ਸਮਾਧੀ ਖੁੱਲ੍ਹਦੀ ਤਾਂ ਆਪ ਦੀ ਹਜ਼ੂਰੀ ਵਿੱਚ ਰਹਿਣ ਵਾਲੇ ਸਿੱਖ ਆਪ ਤੋਂ ਪੁੱਛਦੇ ਕਿ ਸਮਾਧੀ ਵੇਲੇ ਆਪ ਦੇ ਮੂੰਹ ਉੱਤੇ ਫਲਾਣੇ ਜਜ਼ਬੇ ਦਾ ਪ੍ਰਭਾਵ ਕਿਉਂ ਪੈ ਰਿਹਾ ਸੀ, ਕਿਉਂਕਿ ਆਮ ਤੌਰ 'ਤੇ ਸਮਾਧੀ ਵਿੱਚ ਲੀਨ ਹੋਏ ਮਨੁੱਖ ਦੇ ਮੂੰਹ ਉੱਤੇ ਜਜ਼ਬਿਆਂ ਦਾ ਅਤੇ ਖ਼ਾਸ ਕਰਕੇ ਪ੍ਰਸਪਰ ਵਿਰੋਧੀ ਭਾਵਾਂ ਦਾ ਪ੍ਰਭਾਵ ਨਹੀਂ ਹੋਣਾ ਚਾਹੀਦਾ। ਅਜਿਹੇ ਪ੍ਰਸ਼ਨਾਂ ਦੇ ਉੱਤਰਾਂ ਨੂੰ 'ਸਾਖੀਆਂ' ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਇਥੇ ਭਾਵ, ਹੋਣ ਵਾਲੀਆਂ ਕਹਾਣੀਆਂ ਜਾਂ ਘਟਨਾਵਾਂ ਤੋਂ ਹੈ। ਕਹਿੰਦੇ ਹਨ ਕਿ ਅਜਿਹੀਆਂ ਇਕ ਸੌ ਸਾਖੀਆਂ ਗੁਰੂ ਜੀ ਨੇ ਬਾਬਾ ਰਾਮ ਕੁਇਰ ਗੁਰਬਖ਼ਸ਼ ਸਿੰਘ ਨੂੰ ਸੁਣਾਈਆਂ ਸਨ। ਭਵਿਸ਼ ਬਾਰੇ ਤਿੰਨ ਸੌ ਹੋਰ ਸਾਖੀਆਂ ਤਿੰਨ ਹੋਰ ਸਿੱਖਾਂ ਨੂੰ, ਸੌ-ਸੌ ਕਰਕੇ ਸੁਣਾਈਆਂ ਗਈਆਂ ਸਨ। ਬਾਬਾ ਰਾਮ ਕੁਇਰ ਨੂੰ ਸੁਣਾਈਆਂ ਗਈਆਂ ਸੌ ਸਾਖੀਆਂ, ਸਭ ਦੀਆਂ ਸਭ, ਖ਼ਾਲਸੇ ਦੇ ਰਾਜਸੀ ਭਵਿਸ਼ ਬਾਰੇ ਸਨ। ਇਹ ਬਿਲਕੁਲ ਸੰਭਵ ਹੈ ਕਿ ਬਾਬਾ ਜੀ ਨੇ ਇਹ ਕਹਾਣੀਆਂ ਵੱਖ-ਵੱਖ ਮੌਕਿਆਂ ਉੱਤੇ, ਸਿੱਖ ਸੰਗਤਾਂ ਨੂੰ ਸੁਣਾਈਆਂ ਅਤੇ ਪਿੱਛੋਂ ਜਾ ਕੇ ਇਨ੍ਹਾਂ ਨੂੰ ਲਿਖ ਲਿਆ ਗਿਆ ਹੋਵੇ। ਬਾਕੀ ਦੀਆਂ ਤਿੰਨ ਸੌ ਸਾਖੀਆਂ ਬਾਰੇ ਸਾਨੂੰ ਕੁਝ ਪਤਾ

ਨਹੀਂ ਲੱਗਦਾ ਸਿਵਾਏ ਇਸ ਰਿਵਾਇਤ ਦੇ ਕਿ ਇਨ੍ਹਾਂ ਵਿੱਚੋਂ ਸੌ ਹਿੰਦੂ ਜਾਤੀ ਦੇ ਭਵਿਸ਼ ਬਾਰੇ, ਸੌ ਹਿੰਦੁਸਤਾਨ ਦੇ ਭਵਿਸ਼ ਬਾਰੇ ਤੇ ਸੌ ਦੁਨੀਆਂ ਦੇ ਭਵਿਸ਼ ਬਾਰੇ ਸਨ। ਜਿਨ੍ਹਾਂ ਤਿੰਨ ਸਿੱਖਾਂ ਨੂੰ ਇਹ ਸਾਖੀਆਂ ਸੁਣਾਈਆਂ ਗਈਆਂ ਸਨ, ਉਨ੍ਹਾਂ ਦੇ ਨਾਂ ਤਾਂ ਅਸੀਂ ਜਾਣਦੇ ਹਾਂ, ਪਰ ਇਹ ਨਹੀਂ ਜਾਣਦੇ ਕਿ ਉਨ੍ਹਾਂ ਸਾਖੀਆਂ ਵਿੱਚ ਕੀ ਸੀ ਅਤੇ ਉਨ੍ਹਾਂ ਨੂੰ ਕਦੀ ਲਿਖਤ ਵਿੱਚ ਵੀ ਲਿਆਂਦਾ ਗਿਆ ਸੀ ਕਿ ਨਹੀਂ।

2

ਖ਼ਾਲਸੇ ਦੇ ਭਵਿਸ਼ ਬਾਰੇ ਲਿਖੀਆਂ ਗਈਆਂ ਸੌ ਸਾਖੀਆਂ ਵਿੱਚ, ਅੱਜ ਤੋਂ ਸੌ ਕੁ ਸਾਲ ਪਹਿਲੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਫੇਰ ਅਦਲਾ-ਬਦਲੀ ਕੀਤੀ ਗਈ ਸੀ, ਜੋ ਬਹੁਤ ਹੀ ਅਫ਼ਸੋਸਨਾਕ ਹੈ। ਇਕ ਚਤੁਰ ਬ੍ਰਾਹਮਣ ਨੇ, ਜਿਸ ਦਾ ਨਾਂ ਹੁਣ ਸਾਨੂੰ ਪਤਾ ਹੈ, ਸੌ ਸਾਖੀ ਦੇ ਕੁਝ ਖਰੜੇ ਤਿਆਰ ਕੀਤੇ, ਜਿਨ੍ਹਾਂ ਵਿੱਚ ਉਸ ਨੇ ਆਪਣੀ ਮਰਜ਼ੀ ਤੇ ਲੋੜ ਅਨੁਸਾਰ ਵਾਧੂ ਗੱਲਾਂ ਵੀ ਭਰਤੀ ਕਰ ਲਈਆਂ ਸੀ ਤੇ ਆਪਣੇ ਸਾਜ਼ਸ਼ੀਆਂ ਦੀ ਸਹਾਇਤਾ ਨਾਲ, ਜੋ ਗਾਲਬਨ ਬ੍ਰਾਹਮਣ ਜਾਂ ਡੋਗਰੇ ਹੀ ਹੋਣਗੇ, ਉਸ ਨੇ ਇਨ੍ਹਾਂ ਜਾਅਲੀ ਖਰੜਿਆਂ ਨੂੰ ਸਿੱਖ ਦਰਬਾਰ ਤੇ ਸਿੱਖ ਫ਼ੌਜ ਵਿੱਚ ਪ੍ਰਚੱਲਿਤ ਕਰ ਦਿੱਤਾ। ਨਜ਼ਰ ਆਉਂਦਾ ਹੈ ਕਿ ਇਹ ਬ੍ਰਾਹਮਣ ਆਪਣੇ ਤੇ ਹੋਰ ਬ੍ਰਾਹਮਣਾਂ ਲਈ ਕੁਝ ਦੁਨਿਆਵੀ ਤੇ ਰਾਜਸੀ ਸਹੂਲਤਾਂ ਪ੍ਰਾਪਤ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਤੇ ਖ਼ਾਲਸੇ ਦੇ ਦਿਮਾਗ਼ ਵਿੱਚ ਦੋ ਗੱਲਾਂ ਭਰਨਾ ਚਾਹੁੰਦਾ ਸੀ। ਉਸ ਨੇ 'ਸੌ ਸਾਖੀ' ਵਿੱਚ ਕਈ ਵਾਧੇ ਘਾਟੇ ਕੀਤੇ, ਇਹ ਸਾਬਤ ਕਰਨ ਲਈ ਕਿ ਮਹਾਰਾਜਾ ਰਣਜੀਤ ਸਿੰਘ ਅਸਲ ਵਿੱਚ ਕੇਸ਼ੋ ਦਾਸ ਨਾਮੀ ਇਕ ਬ੍ਰਾਹਮਣ ਦਾ ਅਵਤਾਰ ਸੀ, ਜਿਸ ਨੇ ਕਿ ਚੰਡੀ ਪ੍ਰਗਟ ਕਰਵਾਉਣ ਵਿੱਚ ਗੁਰੂ ਗੋਬਿੰਦ ਸਿੰਘ ਦੀ ਸਹਾਇਤਾ ਕੀਤੀ ਸੀ। ਇਸ ਮੰਤਵ ਪ੍ਰਾਪਤੀ ਲਈ ਉਸ ਨੇ ਗੁਰੂ ਸਾਹਿਬ ਦੀ ਚੰਡੀ ਦੇਵੀ ਦੀ ਪੂਜਾ ਬਾਰੇ ਇਕ ਲੰਮੀ ਚੌੜੀ ਕਹਾਣੀ ਘੜ ਲਈ ਅਤੇ ਉਸ ਨੂੰ ਚਤੁਰਤਾ ਨਾਲ ਹਰ ਥਾਂ ਪ੍ਰਚੱਲਿਤ ਕਰ ਦਿੱਤਾ। ਨਾਲ ਹੀ ਇਹ ਗੱਲ ਵੀ ਜੋੜ ਲਈ ਕਿ ਗੁਰੂ ਸਾਹਿਬ ਕੇਸ਼ੋ ਦਾਸ ਬ੍ਰਾਹਮਣ ਤੇ ਬਹੁਤ ਪ੍ਰਸੰਨ ਹੋਏ ਅਤੇ ਉਸ ਨੂੰ ਵਰਦਾਨ ਦਿੱਤਾ ਕਿ ਤੂੰ ਸਿੱਖ ਦੀ ਸ਼ਕਲ ਵਿੱਚ ਜਨਮ ਲਵੇਂਗਾ ਤੇ ਆਪਣੇ ਤੀਜੇ ਜਾਮੇ ਵਿੱਚ ਸਿੰਘ ਸਾਹਿਬ ਜਾਂ ਖ਼ਾਲਸੇ ਦਾ ਮਹਾਰਾਜਾ ਬਣੇਂਗਾ। ਇਤਿਹਾਸ ਦੇ ਪਾਠਕ ਇਸ ਕਹਾਣੀ ਨੂੰ ਅਕਬਰ ਬਾਦਸ਼ਾਹ ਦੇ ਜ਼ਮਾਨੇ ਵਿੱਚ ਇਕ ਬਿਲਕੁਲ ਅਜਿਹੀ ਪ੍ਰਚੱਲਿਤ ਕੀਤੀ ਗਈ ਕਹਾਣੀ ਨਾਲ ਮੇਲ ਸਕਦੇ ਹਨ। ਭਾਵੇਂ ਇਹ ਢੰਗ ਕੋਈ ਨਵਾਂ ਨਹੀਂ ਸੀ, ਪਰ ਕਾਫ਼ੀ ਚਤੁਰਤਾ ਨਾਲ ਵਰਤਿਆ ਗਿਆ ਹੋਣ ਕਰਕੇ ਕਾਮਯਾਬ ਹੋ ਗਿਆ। ਦੂਜੀ ਤਬਦੀਲੀ ਜੋ ਅਸਲੀ 'ਸੌ ਸਾਖੀ' ਵਿੱਚ ਕੀਤੀ ਗਈ, ਇਹ ਗੱਲ ਦ੍ਰਿੜ ਕਰਨ ਲਈ ਸੀ ਕਿ ਜਿਨ੍ਹਾਂ ਬ੍ਰਾਹਮਣਾਂ ਨੇ ਗੁਰੂ

ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਛੱਕ ਲਿਆ ਸੀ, ਉਹ ਹੋਰ ਸਭ ਜਾਤਾਂ ਵਿੱਚੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ, ਲੋਕਾਂ ਨਾਲੋਂ ਰਤਾ ਉੱਚੇਰੀ ਪੱਧਰ ਉੱਤੇ ਹਨ। ਇਹ ਸਭ ਕੁਝ ਐਸੀ ਚਤੁਰਤਾ ਤੇ ਸਿਆਣਪ ਨਾਲ ਕੀਤਾ ਗਿਆ ਕਿ ਰਾਜਾ ਧਿਆਨ ਸਿੰਘ ਵਰਗੇ ਉਸਤਾਦ ਤੇ ਪੁਖ਼ਤਾਕਾਰ ਆਦਮੀ ਨੂੰ ਵੀ ਇਸ ਦੀ ਪ੍ਰਸੰਸਾ ਕਰਨੀ ਪਈ। ਰਾਜਾ ਧਿਆਨ ਸਿੰਘ ਦੀ ਸਭ ਤੋਂ ਵੱਡੀ ਇੱਛਾ ਇਹ ਸੀ ਕਿ ਮਾ. ਰਣਜੀਤ ਸਿੰਘ ਦੇ ਬਾਅਦ ਉਸ ਦਾ ਪੁੱਤਰ ਹੀਰਾ ਸਿੰਘ, ਪੰਜਾਬ ਦਾ ਮਹਾਰਾਜਾ ਬਣੇ, ਜਿਵੇਂ ਕਿ ਹੁਣ ਸਿੱਖ ਤਾਕਤ ਦੇ ਜ਼ਵਾਲ ਦੇ ਕਾਰਨਾਂ ਦੀ ਖੋਜ ਕਰਨ ਵਾਲੇ ਜਾਣਦੇ ਹਨ। ਸਾਡੇ ਪਾਸ ਇਥੇ ਇਨ੍ਹਾਂ ਬਰੀਕੀਆਂ ਵਿੱਚ ਪੈਣ ਜੋਗ ਥਾਂ ਨਹੀਂ, ਪਰ ਇਹ ਦੱਸਣਾ ਜ਼ਰੂਰੀ ਹੈ ਕਿ ਆਪਣੇ ਮੰਤਵ ਦੀ ਪੂਰਤੀ ਲਈ ਰਾਜਾ ਧਿਆਨ ਸਿੰਘ ਨੇ ਇਕ ਹੋਰ ਬ੍ਰਾਹਮਣ ਤੋਂ 'ਸੌ ਸਾਖੀ' ਵਿੱਚ ਕੁਝ ਤਬਦੀਲੀਆਂ ਕਰਵਾ ਲਈਆਂ। ਇਕ ਤਬਦੀਲੀ ਇਹ ਸੀ ਕਿ ਗੁਰੂ ਗੋਬਿੰਦ ਸਿੰਘ ਦੇ ਹੁਕਮ ਅਨੁਸਾਰ ਡੋਗਰਾ ਤਾਕਤ ਮਹਾਰਾਜਾ ਰਣਜੀਤ ਸਿੰਘ ਦੀ ਥਾਂ ਮੱਲੇਗੀ। ਇਸ ਕੱਟ ਵੱਢ ਦੇ ਕਾਰਨ ਅਸਲੀ 'ਸੌ ਸਾਖੀ' ਦਾ ਮੂੰਹ ਮੱਥਾ ਬਿਲਕੁਲ ਮਸਖ਼ ਹੋ ਗਿਆ ਅਤੇ 'ਸੌ ਸਾਖੀ' ਦੇ ਜੋ ਖਰੜੇ ਅੱਜ ਲੱਭਦੇ ਹਨ, ਉਨ੍ਹਾਂ ਵਿੱਚੋਂ ਅਸਲੀ ਹਿੱਸੇ ਲੱਭਣੇ ਇਉਂ ਕਠਿਨ ਹਨ, ਜਿਵੇਂ ਕੋਈ ਤੂੜੀ ਦੇ ਢੇਰ ਵਿੱਚੋਂ ਗੁਆਚੀ ਹੋਈ ਸੂਈ ਲੱਭਣ ਦਾ ਯਤਨ ਕਰੇ।

3

ਮੁਕਤਨਾਮਹ ਨੂੰ ਸਮਝਣ ਲਈ ਉੱਤੇ ਦਿੱਤੀ ਗਈ ਵਾਕਫ਼ੀਅਤ ਜ਼ਰੂਰੀ ਸੀ। ਮੁਕਤਨਾਮਹ ਜੋ 'ਸੌ ਸਾਖੀ' ਦਾ ਹੀ ਇਕ ਅੰਗ ਹੈ, ਸਿੱਖ ਦੇ ਸ਼ਖਸੀ ਆਚਰਨ ਲਈ ਕੁਝ ਅਸੂਲ ਪੇਸ਼ ਕਰਦਾ ਹੈ, ਜਿਵੇਂ ਕਿ ਸਿਆਣਾ ਪਾਠਕ ਆਪੇ ਤਾੜ ਜਾਵੇਗਾ, ਮੁਕਤਨਾਮਹ ਵਿੱਚ ਇਕ ਦੋ ਨੁਕਤੇ ਐਸੇ ਵੀ ਆਉਣਗੇ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਦੇ ਅਨੁਕੂਲ ਨਹੀਂ। ਸਮੁੱਚੇ ਤੌਰ 'ਤੇ ਮੁਕਤਨਾਮਹ ਆਹਲਾ ਦਰਜੇ ਦੇ ਸਦਾਚਾਰ ਦਾ ਹਾਮਿਲ ਹੈ। ਇਸ ਦੀ ਬਹੁਤ ਸਾਰੀ ਸਿੱਖਿਆ ਸੁਖੈਨ ਕਮਾਈ ਨਹੀਂ ਜਾ ਸਕਦੀ ਹੈ, ਕਿਉਂਕਿ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮਗਰੋਂ ਆਉਣ ਵਾਲੇ ਸਿੱਖਾਂ ਦੀ ਉੱਚੀ ਤੇ ਸੁੱਚੀ ਰਹਿਣੀ ਬਹਿਣੀ ਦੀ ਝਲਕ ਹੈ।

4

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਪ੍ਰਸਿੱਧ ਬ੍ਰਿਜ ਭਾਸ਼ਾ ਵਿੱਚ ਲਿਖੇ ਕਾਵਿ-ਗ੍ਰੰਥ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਵਿੱਚ ਏਸੇ ਮੁਕਤਨਾਮਹ ਨੂੰ ਦਰਜ ਕੀਤਾ ਹੈ। ਅੱਗੇ ਅਸੀਂ ਉਸ ਦਾ ਅਸਲ ਤੇ ਸੌਖੀ ਵਾਰਤਕ ਵਿੱਚ ਅਨੁਵਾਦ ਦਿੰਦੇ ਹਾਂ।

ਮੁਕਤਨਾਮਹ॥

ਦੋਹਰਾ॥

ਬਹੁਰ ਸਭਾ ਮਹਿ ਸਤਿਗੁਰੂ ਸੁਮਤਿ ਸਭਿਨਿ ਕੋ ਦੈਨ॥
ਤਯਾਗਨ ਕੁਮਤਿ ਬਿਕਾਰ ਕੋ ਸ੍ਰੀ ਮੁਖ ਉਚਰੇ ਬੈਨ॥੧॥

ਤਦ ਸਤਿਗੁਰੂ ਨੇ, ਸਾਰਿਆਂ ਨੂੰ ਸੁਮੱਤ ਦੇਣ ਲਈ ਅਤੇ ਕੁਰੀਤੀਆਂ ਅਤੇ ਵਿਕਾਰਾਂ ਦਾ ਤਿਆਗ ਕਰਵਾਉਣ ਲਈ, ਸਭਾ ਵਿੱਚ ਇਹ ਬਚਨ ਆਪਣੇ ਪਵਿੱਤਰ ਮੁੱਖ ਤੋਂ ਉਚਾਰੇ।

ਚੌਪਈ॥

ਸੁਨਿ ਗੁਰ ਸਿੱਖਹੁ ਸੁਭ ਉਪਦੇਸ਼ੂ॥
ਧਰਹਿ ਕਮਾਵੈ ਤਜੈ ਕਲੇਸ਼ੂ॥
ਲਖਹੁ ਮੁਕਤਨਾਮਾ ਇਸ ਨਾਮੁ॥
ਜਿਸ ਕੇ ਕਰਤਿ ਲਹੈ ਗੁਰਧਾਮ॥੨॥

ਹੇ ਗੁਰ ਸਿੱਖ, ਸ਼ੁਭ ਉਪਦੇਸ਼ ਸੁਣੋ, ਜਿਨ੍ਹਾਂ ਉੱਤੇ ਅਮਲ ਕਰਨ ਨਾਲ ਕਲੇਸ਼ਾਂ ਦਾ ਨਾਸ਼ ਹੁੰਦਾ ਹੈ। ਇਨ੍ਹਾਂ ਉਪਦੇਸ਼ਾਂ ਦਾ ਨਾਮ 'ਮੁਕਤਨਾਮਹ' ਹੈ, ਅਤੇ ਇਨ੍ਹਾਂ ਨੂੰ ਧਾਰਨ ਕੀਤਿਆਂ ਸਰਵਉੱਚ ਆਤਮਿਕ ਪਦਵੀ ਦੀ ਪ੍ਰਾਪਤੀ ਹੁੰਦੀ ਹੈ।

ਸਿੱਖ ਹੋਇ ਕਿਸ ਕਰਜ ਨਾ ਲੇਵੈ॥
ਜੇ ਕਰਿ ਲੇਯ ਭਾਵ ਕਰਿ ਦੇਵੈ॥
ਸੁਨੇ ਨ ਝੂਠ, ਨਾ ਮੁਖ ਤੇ ਕਹੈ॥
ਸੰਗ ਝੂਠ ਕੇ ਪ੍ਰੀਤ ਨ ਗਹੈ॥੩॥

ਗੁਰੂ ਸਿੱਖ ਕਦੇ ਕਰਜ਼ਾ ਨਾ ਚੁੱਕੇ। ਜੇ ਲਵੇ ਤਾਂ ਬਿਨਾਂ ਝਗੜਾ ਕੀਤੇ ਦੇ ਮੋੜ ਦੇਵੇ। ਨਾ ਹੀ ਝੂਠ ਬੋਲੇ ਅਤੇ ਨਾ ਹੀ ਸੁਣੇ ਅਤੇ ਨਾ ਹੀ ਝੂਠ ਨਾਲ ਕੋਈ ਸੰਬੰਧ ਰੱਖੇ।

ਸਤਿਸੰਗੀ ਹੁਇ ਸਾਚ ਕਮਾਵੈ॥
ਸੰਗਿ ਸਾਚ ਕੇ ਪ੍ਰੀਤ ਵਧਾਵੈ॥
ਸਚ ਉਰ ਧਰਹਿ ਮ੍ਰਿਜਾਦਾ ਸਾਚੀ॥
ਛਲ ਬਿਨ ਹੋਵੈ ਸਾਚ ਉਬਾਚੀ॥੪॥

ਸੱਚਿਆਂ ਦੀ ਹੀ ਸੰਗਤ ਕਰੇ ਅਤੇ ਸੱਚ ਦੀ ਹੀ ਕਮਾਈ ਕਰੇ। ਸੱਚ ਨਾਲ ਹੀ ਪ੍ਰੀਤੀ ਵਧਾਵੇ। ਮਨ ਵਿੱਚ ਵੀ ਸੱਚ ਨੂੰ ਅਤੇ ਸੱਚੀ ਮਰਿਆਦਾ ਨੂੰ ਹੀ ਧਾਰਨ ਕਰੇ। ਛੱਲ ਤੋਂ ਰਹਿਤ ਹੋ ਕੇ ਅੰਦਰੋਂ ਸੱਚ ਨੂੰ ਗ੍ਰਹਿਣ ਕਰੇ।

ਸਚਿ ਕੇ ਸੰਗ ਜੀਵਕਾ ਜੋਈ॥
ਤਿਸ ਕੋ ਕਰਹਿ, ਦੰਭ ਬਿਨੁ ਹੋਈ॥
ਕਛੁਕ ਬਿਚਾਰ ਦੁਹਨ ਮਹਿ ਅਹੈ॥
ਸੂਖਮ ਭੇਦ ਸੁਮਤਿ ਕੋ ਲਹੈ॥੫॥

ਸੱਚ ਉੱਤੇ ਚਲਦਿਆਂ ਜੋ ਕਮਾਈ ਹੋ ਸਕੇ ਕਰੇ ਅਤੇ ਦੰਭ ਨਾ ਕਰੇ, ਪਰ ਸੱਚ ਬੋਲਣ ਅਤੇ ਸੱਚ ਕਮਾਉਣ ਬਾਬਤ ਇਕ ਸੂਖ਼ਮ ਜਿਹਾ ਵਿਚਾਰ ਹੈ, ਜਿਸ ਨੂੰ ਸਿਆਣੇ ਬੁੱਧੀਵਾਨ ਪੁਰਸ਼ ਸਮਝ ਲੈਂਦੇ ਹਨ।

ਕਹੇ ਸਾਚ ਕਿਸਿ ਹੋਵੇ ਘਾਤਿ॥
ਇਸ ਤੇ ਆਦਿ ਬਿਚਾਰਹੁ ਬਾਤ॥
ਤਹਾਂ ਸਾਚ ਨਹਿ ਅੰਗੀਕਾਰੇ॥
ਬਨ ਉਪਕਾਰੀ ਕਾਰ ਸੁਧਾਰੈ॥੬॥

ਜਿਥੇ ਸੱਚ ਬੋਲਿਆਂ ਕਿਸੇ ਦਾ ਘਾਤ ਹੁੰਦਾ ਹੋਵੇ, ਓਥੇ ਅਸਲ ਗੱਲ ਦਾ ਵਿਚਾਰ ਕਰੇ। ਉੱਥੇ ਅੱਨ੍ਹੇ ਵਾਹ ਹੀ ਸੱਚ ਨੂੰ ਅੰਗੀਕਾਰ ਨਾ ਕਰੇ ਸਗੋਂ ਪਰਉਪਕਾਰ ਦੇ ਰਾਹ ਉੱਤੇ ਚੱਲ ਕੇ ਵੇਲਾ ਸੰਭਾਲ ਲਵੇ।

ਇਸ ਪਰ ਇਕ ਗਾਥਾ ਸੁਨਿ ਕਾਨੇ॥
ਦਿਜ ਬੈਠਯੋ ਕਿਤ ਜਾਪ ਬਖਾਨੇ॥
ਭਾਗੀ ਧੇਨ ਕਸਾਈ ਕਰ ਤੇ॥
ਖੋਜਤਿ ਆਇ ਸੁ ਬੂਝਨ ਕਰਿਤੇ॥੭॥

ਇਸ ਵਿਸ਼ੇ ਉੱਤੇ ਇਕ ਕੱਥਾ ਕੰਨ ਦੇ ਕੇ ਸੁਣੋ। ਇਕ ਬ੍ਰਾਹਮਣ ਆਪਣੇ ਜਾਪ ਵਿੱਚ ਮਗਨ ਬੈਠਾ ਸੀ। ਇਕ ਗਊ ਕਸਾਈ ਦੇ ਹੱਥੋਂ ਛੁੱਟ ਕੇ ਉਧਰ ਦੀ ਲੰਘੀ। ਕਸਾਈ ਦੇ ਆਦਮੀ ਉਸ ਗਊ ਨੂੰ ਲੱਭਦੇ-ਲੱਭਦੇ ਆਏ ਤੇ ਬ੍ਰਾਹਮਣ ਕੋਲੋਂ ਗਊ ਬਾਬਤ ਪੁੱਛ ਕੀਤੀ ਕਿ ਕਿੱਧਰ ਗਈ ਹੈ।

ਹਾਥ ਸਾਥ ਦਿਜ ਸ਼ਾਰਤ ਕਰੀ।
ਗਹੀ ਜਾਇ ਪਾਪੀ ਦੁਖ ਭਰੀ॥
ਇੱਤਯਾਦਿਕ ਸਚ ਤਜਹੁ ਬਿਚਾਰੇ॥
ਪਰ ਹਿਤ ਕੀਜੈ ਕੂਰ ਉਚਾਰੈ॥੮॥

ਬ੍ਰਾਹਮਣ ਨੇ ਹੱਥ ਨਾਲ ਇਸ਼ਾਰਾ ਕੀਤਾ ਕਿ ਏਧਰ ਨੂੰ ਗਈ ਹੈ। ਕਸਾਈ ਦੇ ਆਦਮੀਆਂ ਨੇ ਜਾ ਕੇ ਗਾਂ ਨੂੰ ਪਕੜ ਲਿਆ ਅਤੇ ਉਹ ਪਾਪੀਆਂ ਦੇ ਹੱਥੋਂ ਦੁੱਖ ਭਰ ਕੇ ਜ਼ਿਬਹ ਹੋ ਗਈ। ਇਸ ਪ੍ਰਕਾਰ ਦੇ ਅੰਨ੍ਹੇਵਾਹ ਸੱਚ ਦਾ ਵਿਚਾਰ ਕਰਕੇ

ਤਿਆਗ ਕਰਨਾ ਚਾਹੀਦਾ ਹੈ। ਪਰਾਏ ਹਿੱਤ ਲਈ ਕਿਸੇ ਸਮੇਂ ਝੂਠ ਉਚਾਰਨਾ ਵੀ ਯੋਗ ਹੈ।

ਅਪਰ ਜਿਤਕ ਜਗ ਕੇ ਬਿਵਹਾਰੇ॥
ਸਚਿ ਕੇ ਸਹਿਤ ਕਰਹੁ ਹਿਤ ਧਾਰੇ॥
ਸਿੱਖ ਹੋਇ ਕਿਸ ਜੂਠ ਨ ਖਾਵੈ॥
ਸਿੱਖ ਹੋਇ ਧਨ ਪਰੇਮ ਨ ਲਾਵੈ॥੯॥

ਹੋਰ ਜਿਤਨੇ ਜੱਗ ਦੇ ਬਿਉਹਾਰ ਹਨ, ਉਹ ਬੜੀ ਦ੍ਰਿੜ੍ਹਤਾ ਨਾਲ ਸੱਚ ਦੇ ਮਾਰਗ ਉੱਤੇ ਚਲਦਿਆਂ ਹੀ ਨਿਭਾਉਣੇ ਚਾਹੀਦੇ ਹਨ। ਸਿੱਖ ਕਿਸੇ ਦਾ ਜੂਠਾ ਨਾ ਖਾਵੇ। ਸਿੱਖ ਧਨ ਦੌਲਤ ਨਾਲ ਕਦੇ ਪਿਆਰ ਨਾ ਪਾਵੇ।

ਸਿੱਖ ਪ੍ਰਸਾਦਿ ਬਾਂਟ ਕਰਿ ਖਾਇ॥
ਨੰਗੇ ਕੇਸ ਨਾ ਕਰਿ ਚਿਰ ਲਾਇ॥
ਮੈਥਨੁ ਸੁਪਤਨਿ, ਅਚਵਨ-ਆਦਿ॥
ਨੰਗੇ ਕੇਸ ਨ ਲੇ ਕੁਛ ਸ੍ਵਾਦ॥੧੦॥

ਸਿੱਖ ਭੋਜਨ ਨੂੰ ਵੰਡ ਕੇ ਖਾਵੇ। ਬਹੁਤਾ ਚਿਰ ਕੇਸ ਨੰਗੇ ਕਰਕੇ ਨਾ ਰੱਖੇ। ਮਿਲਣ, ਸੌਣ, ਖਾਣ ਸਮੇਂ ਕੇਸ ਨੰਗੇ ਨਾ ਰੱਖੇ।

ਪਠਿ ਜਪੁ ਜਾਪੁ ਨਾਮੁ ਗੁਰ ਲੇਇ॥
'ਤਵ ਪ੍ਰਸਾਦਿ' ਕਹਿ ਕਰਿ ਅਚਵੇਇ॥
ਨਗਨ ਨਾਇਕਾ ਨਾਹਿੰ ਨਿਹਾਰੈ॥
ਤ੍ਰਿਯ ਕੋ ਸਿਮਰਨ ਉਰ ਨਹਿੰ ਧਾਰੈ॥੧੧॥

ਜਪੁ ਅਤੇ ਜਾਪ ਸਾਹਿਬ ਦਾ ਪਾਠ ਕਰਕੇ ਵਾਹਿਗੁਰੂ ਨਾਮ ਦਾ ਸਿਮਰਨ ਕਰੇ। "ਤ੍ਵ-ਪ੍ਰਸਾਦਿ" ਕਹਿ ਕੇ ਭੋਜਨ ਖਾਵੇ। ਨੰਗੀ ਨਾਇਕਾ ਦਾ ਦਰਸ਼ਨ ਨਾ ਕਰੇ ਅਤੇ ਇਸਤ੍ਰੀ ਦਾ ਧਿਆਨ ਮਨ ਵਿੱਚ ਨਾ ਰੱਖੇ।

ਦੋਹਰਾ॥

ਖਰ ਪਰ ਧਨ ਕੋ ਛੁਏ ਨਹਿੰ, ਨੀਚ ਜਾਤਿ ਤੇ ਦੂਰ॥
ਕੁਠਯਾ ਮਾਸ ਨ ਖਾਈਏ, ਪਾਲਿਓ ਖਾਇਓ ਸੂਰ॥੧੨॥

ਗਧਾ, ਪਰ-ਇਸਤ੍ਰੀ ਅਤੇ ਨੀਚ ਜਾਤ ਨੂੰ ਸਪਰਸ਼ ਨਾ ਕਰੇ। ਕੁੱਠਾ ਮਾਸ ਅਤੇ ਪਾਲਤੂ ਸੂਅਰ ਦਾ ਮਾਸ ਨਾ ਖਾਵੇ।

ਚੌਪਈ

ਮਲ ਕੋ ਤਜਹਿ ਸੋਚ ਪੁਨ ਧਾਰਹਿ॥
ਲੇ ਮ੍ਰਿਤਕਾ ਕਰ ਚਰਨ ਪਖਾਰਹਿ॥

ਜਲ ਕੋ ਲੇਹੁ ਮੂਤ੍ਰ ਕੇ ਪਾਛੇ॥
ਜਾਮ ਜਾਮਨੀ ਮੱਜਹਿ ਆਛੇ॥੧੩॥

ਟੱਟੀ ਜਾਣ ਪਿੱਛੋਂ ਸੌਚ ਸਫ਼ਾਈ ਕਰੇ। ਪਹਿਲਾਂ ਮਿੱਟੀ ਨਾਲ ਅਤੇ ਪਿੱਛੋਂ ਪਾਣੀ ਨਾਲ, ਦਿਨ ਰਾਤ, ਜਦੋਂ ਵੀ ਪਿਸ਼ਾਬ ਕਰੇ, ਉਸ ਪਿੱਛੋਂ ਜਲ ਨਾਲ ਆਪਣੇ ਆਪ ਨੂੰ ਸਾਫ਼ ਕਰੇ।

ਸੀਤਲ ਜਲ ਕੋ ਅੰਗੀਕਾਰੇ॥
ਜੇ ਨਹਿੰ ਸ਼ਕਤਿ ਤਪਤ ਕਰਿ ਬਾਰੇ॥
ਬਿਨ ਇਸ਼ਨਾਨ ਨਾ ਦਿਵਸੁ ਬਿਤਾਵੈ॥
ਬਿਨ ਇਸ਼ਨਾਨ ਨਾ ਭੋਜਨ ਖਾਵੈ॥੧੪॥

ਇਸ਼ਨਾਨ ਆਦਿਕ ਲਈ ਠੰਢਾ ਪਾਣੀ ਵਰਤੇ, ਪਰ ਜੇ ਕਿਸੇ ਕਮਜ਼ੋਰੀ ਕਰਕੇ ਇਹ ਨਾ ਹੋ ਆਵੇ ਤਾਂ ਪਾਣੀ ਗਰਮ ਕਰਕੇ ਵਰਤ ਲਵੇ। ਇਸ਼ਨਾਨ ਤੋਂ ਬਿਨਾਂ ਦਿਨ ਨਾ ਬਿਤਾਵੇ ਅਤੇ ਨਾ ਹੀ ਇਸ਼ਨਾਨ ਤੋਂ ਬਿਨਾਂ ਭੋਜਨ ਖਾਵੇ।

ਮਹਾਂ ਦੋਸ਼ ਬਿਨ ਮੱਜਨ ਖਾਇ॥
ਸੁਚ ਕੋ ਰਾਖੈ ਸਦਾ ਬਨਾਇ॥
ਪ੍ਰਜਾ ਸਕਲ ਚਹੁ ਬਰਨਨਿ ਸਹਿਤ॥
ਇਨ ਤੇ ਰਾਖੈ ਨੱਯਾਰੀ ਰਹਿਤ॥੧੫॥

ਇਸ਼ਨਾਨ ਤੋਂ ਬਗੈਰ ਭੋਜਨ ਖਾਣਾ ਮਹਾਂ ਦੋਸ਼ ਹੈ। ਸਦਾ ਸੁੱਚ ਰੱਖੇ। ਹਿੰਦੂਆਂ ਦੇ ਚਾਰੇ ਵਰਣ ਅਤੇ ਹੋਰ ਜੋ ਲੋਕ ਹਨ, ਉਨ੍ਹਾਂ ਸਾਰਿਆਂ ਨਾਲੋਂ ਆਪਣੀ ਰਹਿਤ-ਬਹਿਤ ਵੱਖਰੀ ਰੱਖੇ।

ਸਭਿ ਕੈ ਸੰਗ ਰਖੈ ਬਿਵਹਾਰੇ॥
ਨਿਸ਼ਚਾ ਨੇਮ ਇਨਹੁ ਤੇ ਨਯਾਰੇ॥
ਜਗਤ ਜੂਠ ਤੇ ਰਹੀਐ ਦੂਰ॥
ਪਹਿਰੈ ਨਹੀਂ ਕਸੁੰਭਾ ਰੂਰ॥੧੬॥

ਵਿਉਹਾਰ ਇਨ੍ਹਾਂ ਸਭ ਨਾਲ ਰੱਖੇ, ਪਰ ਆਪਣਾ ਨਿਸ਼ਚਾ ਨਿਯਮ ਇਨ੍ਹਾਂ ਸਭਨਾਂ ਨਾਲੋਂ ਨਿਆਰਾ ਰੱਖੇ। ਹੁੱਕਾ, ਤਮਾਕੂ ਕੋਲੋਂ ਦੂਰ ਰਹੇ। ਗੂੜ੍ਹਾ ਲਾਲ ਰੰਗ ਨਾ ਪਹਿਨੇ।

ਦਿਨ ਮਹਿੰ ਸੁਰਮਾ ਨੈਨ ਨਾ ਪਾਵੈ॥
ਕਛ ਬਿਨ ਨਗਨ ਨਹੀਂ ਸੁਪਤਾਵੈ॥
ਕਛ ਬਿਹੀਨ ਚਿਰਕਾਲ ਨਾ ਰਹੈ॥
ਇਕ ਤਜਿ ਦੂਤੀ ਤੁਰਤ ਹੀ ਗਹੈ॥੧੭॥

ਦਿਨ ਵੇਲੇ ਅੱਖਾਂ ਵਿੱਚ ਸੁਰਮਾ ਨਾ ਪਾਵੇ। ਕਛਹਿਰੇ ਤੋਂ ਬਿਨਾਂ ਚਿਰਕਾਲ ਨਾ ਰਹੇ। ਇਕ ਲਾਹਵੇ ਤਾਂ ਦੂਜਾ ਝੱਟ ਪਾ ਲਵੇ।

ਸਿਮਰਨ ਸਤਿਨਾਮ ਕੋ ਧਰੈ॥
ਸੁਪਤਨ ਸਮੈ ਸੋਹਿਲਾ ਰਰੈ॥
ਬਿਘਨ ਅਨੇਕਨ ਕੋ ਹੋਇ ਨਾਸ਼॥
ਸਦਾ ਧਰੈ ਸਤਿਗੁਰ ਕੀ ਆਸ॥੧੮॥

ਸਤਿਨਾਮ ਦੇ ਸਿਮਰਨ ਦਾ ਅਭਿਆਸ ਕਰੇ। ਸੌਣ ਵੇਲੇ ਕੀਰਤਨ ਸੋਹਿਲਾ ਦਾ ਪਾਠ ਕਰੇ। ਸਤਿਗੁਰੂ ਦਾ ਭਰੋਸਾ ਸਦਾ ਰੱਖੇ। ਇਉਂ ਅਨੇਕਾਂ ਵਿਘਨਾਂ ਦਾ ਨਾਸ਼ ਹੁੰਦਾ ਹੈ।

ਦੋਹਰਾ॥

ਗੁਰ ਕੀ ਪਾਹੁਲ ਸਿਖ ਲੇ, ਰਹਿਤ ਕਮਾਵੈ ਗ੍ਰੰਥ॥
ਜਿਸ ਬੇੜੇ ਚੜਿ ਸੇਵਿ ਸੋ, ਭਰਮੈ ਅਪਰ ਨ ਪੰਥ॥੧੯॥

ਸਿੱਖ ਗੁਰੂ ਦੀ ਨਿਸ਼ਚਿਤ ਕੀਤੀ ਹੋਈ ਖੰਡੇ ਦੀ ਪਾਹੁਲ ਲਵੇ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਹੋਏ ਉਪਦੇਸ਼ਾਂ ਨੂੰ ਧਾਰਨ ਕਰੇ। ਜਿਸ ਬੇੜੀ ਉੱਤੇ ਚੜ੍ਹੇ, ਉਸੇ ਦਾ ਆਸਰਾ ਰਖੇ, ਹੋਰ ਦੂਜੇ ਪੰਥਾਂ ਪਿੱਛੇ ਭਰਮਦਾ ਨਾ ਫਿਰੇ।

ਅਸਨ ਅਚਹਿ ਗੁਰ ਸਿੱਖ ਕੋ, ਕੰਨਯਾ ਦੇ ਸਿਰ ਸੋਧ॥
ਅਨਰਿਣ, ਹਿਤਕਰਿ, ਬੇਦ ਬਿਧਿ, ਹੋਵੈ ਰਿਦੈ ਪ੍ਰਬੋਧ॥੨੦॥

ਭੋਜਨ ਗੁਰੂ ਦੇ ਸਿੱਖ ਨੂੰ ਖੁਆਏ। ਆਪਣੀ ਕੰਨਿਆ ਦਾ ਨਾਤਾ ਕਿਸੇ ਚੰਗੇ ਸਿੱਖ ਨੂੰ ਜਿਹੜਾ ਰਿਣੀ ਨਾ ਹੋਵੇ, ਭਲੇ ਸੁਭਾਵ ਦਾ ਹੋਵੇ, ਵੇਦਿ-ਵਿਧਿ ਦਾ ਧਾਰਨੀ ਅਤੇ ਗਿਆਨਵਾਨ ਹੋਵੇ, ਦੇਵੇ।

ਚੌਪਈ॥

ਸੁਤ ਬਰਜਹਿ ਨਹਿੰ ਬਿਰਹਿ ਕੁਸੰਗਤਿ॥
ਤਿਮ ਤ੍ਰਿਯ ਕੋ ਰਖ ਬਰਜ ਕੁਪੰਗਤਿ॥
ਗੁਰ ਮੰਤ੍ਰ ਕੋਂ ਨਿਸ ਦਿਨ ਰਰੈ॥
ਨਿਤ ਉਠਿ ਘਰ ਕੇ ਕਾਰਜ ਕਰੈ॥੨੧॥

ਆਪਣੇ ਪੁੱਤਰ ਅਤੇ ਆਪਣੀ ਇਸਤਰੀ ਨੂੰ ਭੈੜੀ ਸੰਗਤ ਵਿੱਚ ਜਾਣ ਤੋਂ ਰੋਕੇ। ਵਾਹਿਗੁਰੂ ਮੰਤ੍ਰ ਦਾ ਨਿਸ ਦਿਨ ਜਾਪ ਕਰੇ। ਆਪਣੀ ਉਪਜੀਵਕਾ ਦਾ ਕੰਮ ਹਰ ਰੋਜ਼ ਸਾਵਧਾਨ ਹੋ ਕੇ ਕਰੇ।

ਧਨ ਪੂਜਾ ਪਰ ਨਹਿੰ ਲਲਚਾਇ॥
ਨਿਤ ਕੜਾਹ ਰੇਚਕ ਲਗਿ ਖਾਇ॥

ਸੀਤ ਪ੍ਰਸਾਦਿ ਗੁਰਨ ਕੋ ਲੇਇ॥
ਜੋ ਅਰਦਾਸੀ ਬੰਟਤਿ ਦੇਇ॥੨੨॥

ਗੁਰਦੁਆਰੇ ਵਿੱਚ ਚੜ੍ਹੇ ਪੂਜਾ ਦੇ ਧਾਨ ਦਾ ਲਾਲਚ ਕਦੇ ਵੀ ਨਾ ਕਰੇ। ਜੋ ਕੜਾਹ ਪ੍ਰਸ਼ਾਦਿ ਨਿੱਤ ਗੁਰਦੁਆਰੇ ਵਿੱਚ ਵੰਡਿਆ ਜਾਂਦਾ ਹੈ, ਉਹ ਥੋੜ੍ਹਾ ਜਿਹਾ ਲੈ ਕੇ ਛੱਕ ਲਵੇ, ਹੋਰ ਕੋਈ ਝਾਕ ਗੁਰਦੁਆਰੇ ਦੇ ਧਨ ਧਾਨ ਵੱਲ ਨਾ ਰੱਖੇ।

ਜੋ ਪ੍ਰਸਾਦਿ ਕੋ ਬੰਟਨ ਕਰੈ॥
ਸਭਿ ਕੋ ਸਮ ਹੀ ਦੇ ਹਿਤ ਧਰੈ॥
ਕਰੈ ਈਰਖਾ ਲੋਭ ਵਧਾਵੈ॥
ਸੋ ਪ੍ਰਸਾਦਿ ਤਨ ਰੋਗ ਉਠਾਵੈ॥੨੩॥

ਜੋ ਸਿੱਖ ਗੁਰਦੁਆਰੇ ਵਿੱਚ ਕੜਾਹ ਪ੍ਰਸ਼ਾਦਿ ਵੰਡਦਾ ਹੈ, ਉਹ ਸਾਰੀ ਸੰਗਤ ਨੂੰ ਪ੍ਰੇਮ ਨਾਲ ਇਕੋ ਜਿਹਾ ਵਰਤਾਵੇ। ਜੋ ਕੜਾਹ ਪ੍ਰਸ਼ਾਦਿ ਈਰਖਾ ਲੋਭ ਨਾਲ ਲਿਆ, ਵਰਤਾਇਆ ਜਾਂਦਾ ਹੈ, ਉਸ ਨਾਲ ਤਨ ਨੂੰ ਰੋਗ ਲੱਗਦੇ ਹਨ।

ਦਾਰਿਦ ਦੇਤਿ ਦੋਖ ਸੋ ਹੋਇ॥
ਪੁਨ ਸਿਖ ਅਸਨ ਜੁ ਭੁਗਤਹਿ ਕੋਇ॥
ਉਠੇ ਨ ਛੋਡਹਿ ਥਿਰ ਜਿਸੁ ਥਾਂਇ॥
ਜੋ ਤਜਿ ਉਠਹਿ ਬਹੁਰ ਨਹਿ ਖਾਇ॥੨੪॥

ਇਹ ਭੋਜਨ ਦੁੱਖ ਭੁੱਖ ਦਾ ਕਾਰਨ ਬਣਦਾ ਹੈ। ਜਿਹੜਾ ਸਿੱਖ ਇਸ ਨੂੰ ਗ੍ਰਹਿਣ ਕਰਦਾ ਹੈ, ਉਹ ਇਸ ਮੰਦ ਕਰਮ ਦਾ ਫਲ ਭੁਗਤਦਾ ਹੈ।

ਜਿਸ ਵੇਲੇ ਖਾਣ ਬੈਠੇ ਤਾਂ ਵਿੱਚੋਂ ਉੱਠੇ ਨਾ। ਜੇ ਉਠ ਖੜ੍ਹਾ ਹੋਵੇ ਤਾਂ ਮੁੜ ਕੇ ਖਾਣ ਨਾ ਬੈਠੇ।

ਤੁਰਕ ਤੁਰਕਨੀ ਤੇ ਬਚ ਰਹੈ॥
ਗੁਰ ਕੇ ਸਿਖ ਪਰ ਤਰਕ ਨ ਕਹੈ॥
ਚਾਰਹੁ ਬਰਨ ਬਨਹਿ ਗੁਰ ਭਾਈ॥
ਸਾਦਰ ਭੋਜਨ ਖਾਇ ਖਵਾਈ॥੨੫॥

ਤੁਰਕ ਤੁਰਕਨੀ ਕੋਲੋਂ ਸਾਵਧਾਨ ਰਹੇ। ਗੁਰੂ ਦੇ ਸਿੱਖ ਉੱਤੇ ਤਰਕ ਨਾ ਕਰੇ। ਚਾਰੋਂ ਵਰਨ ਸਿੱਖ ਪੰਥ ਵਿੱਚ ਆ ਕੇ ਗੁਰ ਭਾਈ ਬਣ ਜਾਂਦੇ ਹਨ, ਉਨ੍ਹਾਂ ਸਾਰਿਆਂ ਨੂੰ ਸਤਿਕਾਰ ਸਹਿਤ ਭੋਜਨ ਖੁਆਵੇ॥

ਭੇਖੀਜਨ ਕੀ ਬਾਣੀ ਕੋ ਤਜੈ॥
ਖਾਇ ਨਾ ਅਸਨ ਸੀਤਲਾ ਜਜੈ॥

ਤੁਰਕ ਸੋ ਜਾਨਹਿ ਰੋਗਿ ਸਮਾਨੈ॥
ਅਚਹਿ ਨਾ ਕਲਮਾ ਅਸਨ ਬਖਾਨੈ॥੨੬॥

ਭੇਖੀਆਂ ਦੀ ਬਾਣੀ ਦਾ ਤਿਆਗ ਕਰੇ। ਸੀਤਲਾ ਆਦਿ ਦੇਵੀਆਂ ਨੂੰ ਮਣਸਿਆ ਹੋਇਆ ਪ੍ਰਸਾਦ ਨਾ ਖਾਵੇ। ਦੇਸ਼ ਦੇ ਵਿਦੇਸ਼ੀ ਹਾਕਮ ਤੁਰਕਾਂ ਨੂੰ ਰੋਗ ਵੱਤ ਸਮਝੇ ਅਤੇ ਉਨ੍ਹਾਂ ਦੇ ਧਰਮ ਵਿੱਚ ਧੱਕੇ, ਕਲਮਾਂ ਪੜ੍ਹਵਾਉਣ ਨੂੰ ਜੂਠ ਸਮਾਨ ਸਮਝ ਕੇ ਤਿਆਗੇ।

ਬੰਟਕ ਬਿਪਰ ਦਰਬ ਮੁਸਲੇਯ॥
ਭੇਖੀ ਸਿੱਖ ਭੁਲਾਵੈ ਜੇਯ॥
ਖੰਡਨ ਨਾਰੀ ਸੰਤਤਿ ਹੀਨ॥
ਦੇ ਬਿਸਵਾਸਘਾਤ ਜਿਨ ਕੀਨ॥੨੭॥

ਦੁਰਾਚਾਰੀ, ਬ੍ਰਾਹਮਣ, ਪਰਾਇਆ ਧਨ, ਭੇਖੀ ਅਤੇ ਦੰਭੀ ਸਿੱਖ, ਔਲਾਦ ਤੋਂ ਬਿਨਾਂ, ਸ਼ੁਭਾਚਾਰ ਰਹਿਤ ਇਸਤਰੀ ਅਤੇ ਵਿਸ਼ਵਾਸ਼ਘਾਤੀ,

ਇਨਕੋ ਤਯਾਗਤਿ ਬਿਲਮ ਨਾ ਲਾਵੈ॥
ਤਜਹਿ ਕੁਸੰਗੀ ਸੰਗ ਜਿ ਪਾਵੈ॥
ਪਾਵਨ ਤਨ ਪਾਵਨ ਕਰਿ ਥਾਨ॥
ਘ੍ਰਿਤ ਮੈਦਾ ਲੈ ਖੰਭ ਸਮਾਨ॥੨੮॥

ਇਹਨਾਂ ਸਾਰਿਆਂ ਨੂੰ ਝਟਪਟ ਤਿਆਗ ਦੇਵੇ। ਜੋ ਇਹਨਾਂ ਦੀ ਸੰਗਤ ਕਰਨ ਵਾਲੇ ਹੋਣ, ਉਨ੍ਹਾਂ ਦਾ ਵੀ ਤਿਆਗ ਕਰੇ। ਥਾਂ ਨੂੰ ਸਾਫ਼ ਕਰਕੇ ਅਤੇ ਆਪਣੇ ਸਰੀਰ ਨੂੰ ਇਸ਼ਨਾਨ ਨਾਲ ਸ਼ੁੱਧ ਕਰਕੇ, ਤਿੰਨੇ ਚੀਜ਼ਾਂ—ਘਿਉ, ਮੈਦਾ ਤੇ ਖੰਡ— ਇਕੋ ਜਿਹੀਆਂ ਲਵੇ।

ਕਰਹਿ ਕੜਾਹ ਜਪੁ ਪਾਠ ਸੁ ਠਾਨੈ॥
ਗੁਰ ਪ੍ਰਸਾਦਿ ਅਰਦਾਸ ਬਖਾਨੈ॥
ਹਾਥ ਜੋਰਿ ਠਾਂਢੋ ਹੁਇ ਕਰੈ॥
ਕੱਛ ਅਰੁ ਪਾਗ ਸਸਤ੍ਰ ਤਨ ਧਰੈ॥੨੯॥

ਇਉਂ ਜਪੁਜੀ ਸਾਹਿਬ ਦਾ ਪਾਠ ਕਰਕੇ ਕੜਾਹ ਪ੍ਰਸ਼ਾਦ ਤਿਆਰ ਕਰੇ। ਪੰਜੇ ਕਕਾਰਾਂ ਦੀ ਰਹਿਤ ਪੂਰੀ ਕਰਕੇ, ਸ਼ਰਧਾ ਭਰਪੂਰ ਹਿਰਦੇ ਨਾਲ ਖੜ੍ਹਾ ਹੋ ਕੇ, ਹੱਥ ਜੋੜ ਕੇ ਅਰਦਾਸ ਕਰੇ।

ਦੋਹਰਾ॥

ਜਿਤ ਕਾਰਜ ਗੁਰ ਭਾਵ ਹਿਤ ਹੋਹਿ ਭਾਵਨੀ ਪੂਰ॥
ਇਹਾਂ ਸਿਦਕ ਸਾਬਤ ਭਯੋ ਆਗੇ ਸੁਖ ਭਰਪੂਰ॥੩੦॥

ਇਉਂ ਜਿਸ ਕਾਰਜ ਸਿੱਧੀ ਲਈ ਸ਼ਰਧਾ ਨਾਲ ਅਰਦਾਸ ਕਰੇਗਾ, ਉਹ ਭਾਵਨੀ ਪੂਰੀ ਹੋਵੇਗੀ। ਇਸ ਸੰਸਾਰ ਵਿੱਚ ਸਿਦਕ ਸਾਬਤ ਰਹੇਗਾ ਅਤੇ ਅੱਗੇ ਸੁੱਖ ਭਰਪੂਰ ਗਤੀ ਹੋਵੇਗੀ।

ਚੌਪਈ॥

ਸਿੱਖ ਕੋ ਆਧਾ ਨਾਮ ਨਾ ਲੇਯ॥
ਲੇਯ ਜੁ ਜਮੁ ਕੇ ਵਸ ਹੋਇ ਤੇਯ॥
ਬਿਨਾ ਬਯਾਂਢ ਬਿਨ ਪਠੇ ਅਨੰਦ॥
ਪਰ ਤ੍ਰਿਯ ਰਮਹਿ ਨਾ ਹੇਤੁ ਅਨੰਦ॥੩੧॥

ਸਿੱਖ ਨੂੰ ਅੱਧੇ ਨਾਮ ਨਾਲ ਨਾ ਬੁਲਾਵੇ। ਇਉਂ ਕਰਨ ਨਾਲ ਮ੍ਰਿਤੂ ਸ਼ਕਤੀਆਂ ਦਾ ਪ੍ਰਭਾਵ ਮਨ ਉੱਤੇ ਪੈਂਦਾ ਹੈ। ਬਿਨਾਂ ਵਿਆਹ ਕਰਵਾਏ ਅਤੇ ਬਗ਼ੈਰ ਅਨੰਦ ਕਾਰਜ ਕੀਤੇ ਦੇ ਕੇਵਲ ਵਿਲਾਸ ਲਈ ਪਰਾਈ ਇਸਤਰੀ ਦਾ ਸੰਗ ਨਾ ਕਰੇ।

ਨਹਿੰ ਸੁਪਤਹਿੰ ਸਿੱਖ ਸੰਝ ਸਵੇਰੇ॥
ਅਸੁਚ ਜੂਠ ਕੇ ਜਾਇ ਨਾ ਨੇਰੇ॥
ਰਖਹਿ ਨਾ ਕੇਸ ਖੁਲੇ ਕਰਿ ਜੂੜਾ॥
ਦੇ ਦਸਵੰਧ ਗੁਰੂ ਕੇ ਰੂੜਾ॥੩੨॥

ਸਿੱਖ ਸੰਝ ਸਵੇਰੇ ਨਾ ਸਵੇਂ। ਅਸੁੱਚ ਅਤੇ ਜੂਠ ਦੇ ਨੇੜੇ ਨਾ ਜਾਵੇ। ਕੇਸਾਂ ਦਾ ਜੂੜਾ ਕਰਕੇ ਰੱਖੇ, ਕੇਸ ਖੁੱਲ੍ਹੇ ਨਾ ਰੱਖੇ। ਆਪਣੀ ਕਮਾਈ ਵਿੱਚੋਂ ਗੁਰੂ ਦਾ ਦਸਵੰਧ ਜ਼ਰੂਰ ਕੱਢੇ।

ਕਰਿਹ ਦੰਤ ਧਾਵਨ ਜਲ ਸਾਥਾ॥
ਪਠਿ ਗੁਰਬਾਣੀ ਟੇਕਹਿ ਮਾਥਾ॥
ਨਾਨਕ ਦਾਦਕ ਤਜਿ ਦੁਇ ਗੋਤ॥
ਸਾਕ ਗੁਰੂ ਸਿੱਖਨ ਸੰਗ ਹੋਤਿ॥੩੩॥

ਜਲ ਨਾਲ ਦਾਤਣ ਕਰੇ। ਗੁਰਬਾਣੀ ਦਾ ਭੋਗ ਪਾ ਕੇ ਮੱਥਾ ਟੇਕੇ। ਨਾਨਕਿਆਂ-ਦਾਦਕਿਆਂ ਦੇ ਦੋਇ ਗੋਤ ਛੱਡ ਕੇ ਗੁਰੂ ਦੇ ਸਿੱਖਾਂ ਨਾਲ ਸਾਕ ਸਕੀਰੀ ਕਰੇ।

ਇਸ ਪ੍ਰਕਾਰ ਗੁਰਮੁਖ ਕੇ ਲੱਛਨ॥
ਗੁਰ ਮਹਿ ਨਿਸਚਾ ਧਰਹਿ ਬਿਚੱਛਨ॥
ਮਰੇ ਸਿਖ ਤੇ ਕਰੇ ਕੜਾਹੁ॥
ਤਿਸ ਕੁਟੰਬ ਰੁਦਨਹਿ ਬਹੁ ਨਾਹ॥੩੪॥

ਇਹ ਗੁਰਮੁਖ ਦੇ ਲੱਛਣ ਹਨ, ਜਿਸ ਦਾ ਨਿਸ਼ਚਾ ਗੁਰੂ ਵਿੱਚ ਅਹਿੱਲ ਹੁੰਦਾ

ਹੈ। ਜਦੋਂ ਕਿਸੇ ਸਿੱਖ ਦੀ ਮ੍ਰਿਤੂ ਹੋ ਜਾਵੇ ਤਾਂ ਕੜਾਹ ਪ੍ਰਸ਼ਾਦ ਕਰਵਾਵੇ। ਉਸ ਮ੍ਰਿਤੂ ਪ੍ਰਾਪਤ ਸਿੱਖ ਦਾ ਕੁਟੰਬ ਬਹੁਤਾ ਰੁਦਨ ਨਾ ਕਰੇ।

ਤਜਹਿ ਸ਼ੋਕ ਸਭਿ ਅਨੰਦ ਬਢਾਇ॥
ਨਹਿ ਪੀਟਹਿ ਤ੍ਰਿਯਾ ਮਿਲ ਸਮੁਦਾਇ॥
ਪਢਹਿ ਸ਼ਬਦ ਕਿਰਤਨ ਕੋ ਕਰੈ॥
ਸੁਨਹਿ ਬੈਠ ਬੈਰਾਗ ਸੁਧਰੈ॥੩੫॥

ਸਭ ਸ਼ੋਕ ਦਾ ਤਿਆਗ ਕਰਨ। ਤ੍ਰੀਮਤਾਂ ਮਿਲ ਕੇ ਨਾ ਪਿੱਟਣ ਅਤੇ ਸਿਆਪਾ ਆਦਿ ਨਾ ਕਰਨ। ਕੀਰਤਨ ਕਰਨ ਅਤੇ ਗੁਰਬਾਣੀ ਦਾ ਪਾਠ ਕਰਨ। ਸਭ ਬੈਠ ਕੇ ਕੀਰਤਨ ਬਾਣੀ ਸੁਣਨ ਅਤੇ ਵੈਰਾਗ ਵਿੱਚ ਆਉਣ।

ਪੁੰਜ ਸੰਤ ਦਿਜ ਸਿੱਖ ਹਕਾਰੇ॥
ਜਥਾ ਸ਼ਕਿਤ ਕਰਿਵਾਇ ਅਹਾਰੈ॥
ਦਰਬ ਬਸਤਰ ਦ ਭੇਟਨ ਤਾਂਹੀ॥
ਰੀਤਿ ਬੇਦ ਕੀ ਤਯਾਗੈ ਨਾਂਹੀ॥੩੬॥

ਜਦੋਂ ਕਦੇ ਸੰਤਾਂ ਨੂੰ ਜਾਂ ਬ੍ਰਾਹਮਣ ਨੂੰ ਸਿੱਖ ਦੇਖੇ ਤਾਂ ਉਨ੍ਹਾਂ ਨੂੰ ਯਥਾਸ਼ਕਤ ਭੋਜਨ ਖੁਆਵੇ। ਧਨ ਬਸਤਰ ਆਦਿ ਭੇਟਾ ਉਨ੍ਹਾਂ ਨੂੰ ਦੇਵੇ। ਇਸ ਵੈਦਿਕ ਰੀਤੀ ਦਾ ਤਿਆਗ ਨਾ ਕਰੇ॥

ਕ੍ਰਿਆ ਸਮੇਤ ਸਿੱਖ ਕੋ ਸਾਰੈ॥
ਕੇਸ ਛਾਪ ਗੁਰ ਸਿਰ ਨ ਉਤਾਰੈ॥
ਪਾਹੁਲੀਆ ਸਿੱਖ ਰਖੈ ਅਦਾਬ॥
ਰਖਹਿ ਨ ਬੇਮੁਖ ਹ੍ਵੈ ਸੁ ਖਰਾਬ॥੩੭॥

ਗੁਰਸਿੱਖ ਦੀ ਸਾਰੀ ਕ੍ਰਿਯਾ ਕਰੇ। ਕੇਸਾਂ ਨੂੰ ਸਿਰ ਉੱਤੇ ਗੁਰੂ ਦੀ ਛਾਪ ਕਰਕੇ ਮੰਨੇ। ਅੰਮ੍ਰਿਤਧਾਰੀ ਸਿੱਖ ਦਾ ਅਦਬ ਕਰੇ। ਬੇਮੁੱਖ ਇਉਂ ਨਾ ਕਰਕੇ ਖ਼ੁਆਰ ਹੁੰਦਾ ਹੈ।

ਸਹੈ ਸਾਸਨਾ ਜਮ ਕੀ ਭਾਰੀ॥
ਪਰਹਿ ਨਰਕ ਮਹਿਂ ਹ੍ਵੈ ਨ ਉਬਾਰੀ॥
ਛਾਪ ਗੁਰੂ ਕੀ ਗੁਰ ਸਮ ਜਾਨੈ॥
ਗੁਰ ਸਮ ਅਦਬ ਕੇਸ ਕੋ ਠਾਨੈ॥੩੮॥

ਉਸ ਨੂੰ ਜਮ ਵੱਲੋਂ ਭਾਰੀ ਦੰਡ ਮਿਲਦਾ ਹੈ ਅਤੇ ਉਹ ਅਨੇਕਾਂ ਬਾਰ ਨਰਕਾਂ ਵਿੱਚ ਜਾਂਦਾ ਹੈ। ਗੁਰੂ ਕੀ ਛਾਪ ਨੂੰ ਗੁਰੂ ਸਮਾਨ ਸਮਝੇ ਅਤੇ ਕੇਸਾਂ ਨੂੰ ਗੁਰੂ ਸਮਾਨ ਜਾਣ ਕੇ ਅਦਬ ਕਰੇ।

ਜੋ ਉਤਰਾਹਿ ਤਾਹਿ ਤਜਿ ਦੇਨਾ॥
ਸਾਕ ਤਜਹਿ ਕਰ ਪਾਨ ਨ ਲੇਨਾ॥
ਖਾਨ ਪਾਨ ਜੋ ਦੇਵੈ ਤਾਹਿਂ॥
ਪਾਪ ਭਾਗ ਸੋ ਭੀ ਕੁਛ ਪਾਹਿ॥੩੯॥

ਜਿਹੜਾ ਸਿੱਖ ਕੇਸ ਮੁਨਾ ਦੇਵੇ, ਸਿੱਖਾਂ ਨੂੰ ਚਾਹੀਏ ਕਿ ਉਸ ਦਾ ਤਿਆਗ ਕਰ ਦੇਣ। ਉਸ ਨਾਲ ਕੋਈ ਸਾਕ ਸਕੀਰੀ ਨਾ ਰੱਖੇ, ਨਾ ਕਰੇ। ਉਸ ਦੇ ਹੱਥੋਂ ਅੰਨ ਜਲ ਵੀ ਗ੍ਰਹਿਣ ਨਾ ਕਰੇ। ਜਿਹੜਾ ਉਸ ਨੂੰ ਖੁਆਵੇ ਪਿਆਵੇ, ਉਹ ਵੀ ਕਿਸੇ ਹੱਦ ਤਕ ਪਾਪਾਂ ਦਾ ਭਾਗੀ ਹੁੰਦਾ ਹੈ।

ਤੁਰਕ ਮੀਤ ਕਰੀਐ ਨ ਵਿਸਾਹੂ॥
ਪਢਹਿ ਪਾਰਸੀ ਬੇਮੁਖ ਵਾਹੂ॥*
ਮਰਨ ਕਿ ਜਨਮ ਪੁਤ੍ਰ ਕੈ ਵਿਆਹੂ॥
ਬਖਸ਼ਾਵਹਿ ਤਨਖਾਹ ਸੁ ਰਾਹੂ॥੪੦॥

ਤੁਰਕ ਮਿੱਤਰ ਦਾ ਵਿਸਾਹ ਨਾ ਖਾਈਏ। ਫ਼ਾਰਸੀ ਦੇ ਮਦਰੱਸਿਆਂ ਵਿੱਚ ਪੜ੍ਹਨ ਵਾਲੇ ਬੇਮੁੱਖ ਹੋ ਜਾਂਦੇ ਹਨ। ਮਰਨ ਜੰਮਣ ਜਾਂ ਪੁੱਤਰ ਆਦਿ ਦੇ ਵਿਆਹ ਸਮੇਂ ਜਦੋਂ ਸੰਗਤ ਇਕੱਤਰ ਹੋਵੇ, ਤਾਂ ਆਪਣੀਆਂ ਭੁੱਲਾਂ ਬਖ਼ਸ਼ਾ ਲਵੇ।

ਮੋਨੇ ਕਰ ਅਹਾਰ ਨਹਿਂ ਖਾਨਾ॥
ਸਿਲਾ ਨਾ ਪੂਜਹਿ ਪਾਨ ਨ ਪਾਨਾ॥
ਬਰਨਾਸ਼੍ਰਮ ਕੀ ਰੀਤਿ ਬਿਰੋਧੀ॥
ਮਮ ਸਿਖ ਕਰਹਿ ਨਾ ਰਾਖਹਿ ਸੋਧੀ॥੪੧॥

ਮੋਨੇ ਦੇ ਹੱਥ ਦੀ ਬਣਾਈ ਹੋਈ ਰੋਟੀ ਸਿੱਖ ਨਾ ਖਾਵੇ। ਪੱਥਰ ਨਾ ਪੂਜੇ ਅਤੇ ਪਾਨ ਨਾ ਖਾਵੇ। ਵਰਨਾਸ਼੍ਰਮ ਆਦਿ ਦੀਆਂ ਵਿਰੋਧੀ ਰੀਤਾਂ ਮੇਰਾ ਸਿੱਖ ਨਾ ਕਰੇ, ਹੁਸ਼ਿਆਰ ਰਹੇ।

ਦੋਹਰਾ॥

ਬਹੁਤ ਕਰਮ ਸੰਸਾਰ ਕੇ, ਪਿਤਾ ਪਿਤਾਮਾ, ਦੇਵ॥
ਨਹਿਂ ਮਾਨਹਿਂ ਸਿਖ ਸੀਖ ਲੇ, ਰਖਿ ਭਰੋਸ ਗੁਰਦੇਵ॥੪੨॥

ਪਿਤਾ ਪਿਤਾਮਾ ਤੇ ਦੇਵਤਿਆਂ ਨਾਲ ਸਬੰਧਿਤ ਬਹੁਤ ਸਾਰੇ ਕਰਮ ਸੰਸਾਰ ਦੇ ਹਨ। ਗੁਰੂ ਕਾ ਸਿੱਖ ਗੁਰੂ ਉੱਤੇ ਭਰੋਸਾ ਰੱਖੇ ਅਤੇ ਉਨ੍ਹਾਂ ਨੂੰ ਨਾ ਮੰਨੇ।

---

* ਨਾ ਪਠੇਤ ਯਾਵਨੀ ਭਾਸ਼ਾ ਪਰਾਣ ਕੰਠ ਗਤੇਰਪਿ॥ —ਵਿਸ਼ਨੂਪੁਰਾਣ॥

ਜੋ ਗੁਰ ਕੇ ਘਰ ਜਨਮਯੋ ਬਡੇ ਕਹੈਂ ਜਿਹ ਬੇਦ॥
ਤਪਿ, ਜਪਿ, ਦਾਨੀ, ਭੂਪ, ਦਿਜ, ਇਨ ਕੋ ਦੇਯਨ ਖੇਦ॥੪੩॥

ਜਿਹੜੇ ਗੁਰੂ ਦੇ ਘਰ ਜਨਮੇ ਹਨ ਅਤੇ ਜਿਨ੍ਹਾਂ ਨੂੰ ਵੇਦ ਵੱਡਾ ਕਹਿੰਦੇ ਹਨ, ਅਰਥਾਤ ਬ੍ਰਾਹਮਣ, ਤਪੀ, ਜਪੀ, ਦਾਨੀ, ਰਾਜਾ, ਬ੍ਰਾਹਮਣ, ਇਨ੍ਹਾਂ ਨੂੰ ਸਿੱਖ ਖੇਦ ਨਾ ਦੇਣ।

ਰੋਵੈ ਬੇਦੀ ਭੇਦ ਬਿਨ, ਰੋਵੈ ਪਾਪੀ ਲੋਗ॥
ਵੇਮੁਖ ਗੁਰ ਫਿਟਕਾਰਿਆ ਰੋਵੈ ਦੀਰਘ ਰੋਗ॥੪੪॥

ਬੇਦੀ, ਭੇਦ ਜਾਣੇ ਤੋਂ ਬਿਨਾਂ ਰੋਂਦੇ ਹਨ। ਪਾਪੀ ਰੋਂਦੇ ਹਨ। ਗੁਰੂ ਦੇ ਫਿਟਕਾਰੇ ਹੋਏ ਬੇਮੁੱਖ ਰੋਂਦੇ ਹਨ। ਦੀਰਘ ਰੋਗ ਵਾਲੇ ਰੋਗੀ ਰੋਂਦੇ ਹਨ।

ਮੇਰੇ ਘਰ ਜੋ ਆਇਓ ਗੁਰੂ ਸਬਦ ਕਰ ਹੇਤ॥
ਗੁਰ ਸਿਖਯਾ ਸੁਣ ਧਾਰੀਐ ਰਹਿਣੀ ਰਹੈ ਸੁਚੇਤ॥੪੫॥

ਜਿਹੜਾ ਵੀ ਗੁਰੂ ਦੇ ਸ਼ਬਦ ਨਾਲ ਹਿੱਤ ਕਰਕੇ ਮੇਰੇ ਘਰ ਆਇਆ ਹੈ, ਉਹ ਗੁਰੂ ਦੀ ਸਿੱਖਿਆ ਸੁਣ ਕੇ ਉਸ ਨੂੰ ਧਾਰਨ ਕਰੇ ਅਤੇ ਸੁਚੇਤ ਹੋ ਕੇ ਰਹਿਣੀ ਰਹੇ।

ਚੌਪਈ॥

ਮੈਂ ਬਖਸੌਂਗਾ ਦਯੋਂ ਪਦ ਸੋਇ॥
ਜਹਾਂ ਨ ਪਹੁੰਚ ਸਕੈ ਕਬਿ ਕੋਇ॥
ਸ਼ੰਕਰ, ਦੱਤ, ਰਾਮਾਨੁਜ ਨਾਂਹੀ॥
ਗੋਰਖ ਮੁਹੰਮਦ ਪਹੁੰਚ ਨਾ ਤਾਂਹੀ॥੪੬॥

ਮੈਂ ਅਜਿਹੇ ਗੁਰਸਿੱਖ ਨੂੰ ਬਖ਼ਸ਼ ਲਵਾਂਗਾ ਅਤੇ ਅਜਿਹੀ ਪਦਵੀ ਉਸ ਨੂੰ ਦਿਆਂਗਾ, ਜਿੱਥੇ ਕੋਈ ਕਦੇ ਨਹੀਂ ਅਪੜ ਸਕਿਆ, ਸ਼ੰਕ੍ਰ, ਦੱਤ, ਰਾਮਾਨੁੱਜ, ਗੋਰਖ, ਮੁਹੰਮਦ ਆਦਿ ਦੀ ਉੱਥੇ ਪਹੁੰਚ ਨਹੀਂ।

ਜਥਾ ਧਰਨਿ ਪਰ ਬਰਖਾ ਬਰਸੈ॥
ਖੇਤੀ ਖੂਬ ਉਗਹਿ ਫਲ ਸਰਸੈ॥
ਤਯੋਂ ਗੁਰ ਸਨਮੁਖ ਸੰਗਰੇ ਧਰਮ॥
ਕਹੈ ਗੁਰੂ ਫਲ ਦੇਂ ਬਿਨ ਭਰਮ॥੪੭॥

ਜਿਵੇਂ, ਜਦੋਂ ਧਰਤੀ ਉੱਤੇ ਬਰਖਾ ਹੁੰਦੀ ਹੈ ਅਤੇ ਕਈ ਪ੍ਰਕਾਰ ਦੇ ਫੱਲ ਫੁੱਲ ਉੱਗਮ ਪੈਂਦੇ ਹਨ, ਇਉਂ ਹੀ ਜੋ ਸਿੱਖ ਗੁਰੂ ਦੇ ਸਨਮੁੱਖ ਰਹਿੰਦਾ ਹੈ, ਉਸ ਦੇ ਗੁਰੂ ਹੁਕਮ ਵਿੱਚ ਕੀਤੇ ਹੋਏ ਸਭ ਧਰਮ ਸਫ਼ਲ ਹੁੰਦੇ ਹਨ।

ਕਹਯੋ ਮੁਕਤਿ ਨਾਮਾ ਸੁਨ ਪਯਾਰੇ॥
ਨ੍ਹਾਇ ਮੁਕਤਸਰ ਇਸਹਿ ਉਚਾਰੇ॥

ਬੁਰੇ ਕਰਮ ਤੇ ਸੋ ਛੁੱਟ ਜਾਇ॥
ਮਰ ਕਰਿ ਗੁਰ ਕੇ ਸਦਨ ਸਿਧਾਇ॥੪੮॥

ਇਹ ਮੁਕਤਨਾਮਹ ਅਸਾਂ ਕਿਹਾ ਹੈ। ਇਸ ਨੂੰ ਪਿਆਰ ਨਾਲ ਸ੍ਰਵਣ ਕਰੋ ਅਤੇ ਮੁਕਤਸਰ ਵਿੱਚ ਇਸ਼ਨਾਨ ਕਰਕੇ ਇਸ ਦਾ ਉਚਾਰਣ ਕਰੋ। ਜੋ ਇਉਂ ਕਰੇਗਾ, ਉਹ ਬੁਰੇ ਕਰਮਾਂ ਤੋਂ ਛੁੱਟਕਾਰਾ ਪਾਵੇਗਾ ਅਤੇ ਮਰ ਕੇ ਗੁਰੂ ਧਾਮ ਵਿੱਚ ਪੁੱਜੇਗਾ।

ਗੁਰ ਕੇ ਬਾਕ ਰਹਿਤ ਇਹ ਕਹੀ॥
ਛੂਟਹਿ ਚੁਰਾਸੀ ਜਿਨ ਇਹ ਲਹੀ॥
ਰਹਿਣੀ ਰਹੇ ਜਾਨੀਐ ਨੀਕੀ॥
ਅਘ ਤੇ ਛੁਟਹਿ ਸੋਝ ਹੁਇ ਜੀਕੀ॥੪੯॥

ਇਹ ਗੁਰੂ ਦੀ ਕਥੀ ਹੋਈ ਰਹਿਤ ਵਰਨਣ ਕੀਤੀ ਹੈ। ਜਿਹੜਾ ਇਸ ਨੂੰ ਧਾਰਨ ਕਰੇਗਾ, ਉਸ ਦਾ ਜਨਮ ਮਰਨ ਛੁੱਟ ਜਾਵੇਗਾ। ਇਸ ਰਹਿਣੀ ਨੂੰ ਚੰਗਾ ਜਾਣ ਕੇ ਇਸ ਨੂੰ ਧਾਰਨ ਕਰੇ ਤਾਂ ਦੁੱਖ ਤੋਂ ਛੁੱਟਕਾਰਾ ਪਾਵੇਗਾ ਅਤੇ ਉਸ ਦੀ ਕਲਿਆਣ ਹੋਵੇਗੀ।

ਜੋ ਨਰ ਪਚੀ ਅਧਿਕ ਸੰਸਾਰੀ॥
ਫਸੇ ਕਰਮ ਮਹਿਂ ਜਯੋਂ ਮਧ ਜਾਰੀ॥
ਤਿਨ ਤੇ ਸੁਣ ਸੁਣ ਮਾਨਹਿਂ ਨਹੀਂ॥
ਧਰਹੁ ਸਦਾ ਸਤਿਗੁਰ ਜਿਮ ਕਹੀ॥੫੦॥

ਜਿਹੜੇ ਪੁਰਸ਼ ਸੰਸਾਰ ਦੇ ਬੰਧਨਾਂ ਵਿੱਚ ਫਸੇ ਹੋਏ ਹਨ ਅਤੇ ਜਿਵੇਂ ਮੱਖੀ ਸ਼ਹਿਦ ਵਿੱਚ ਲਿਪਟ ਜਾਂਦੀ ਹੈ, ਇਉਂ ਕਰਮਾਂ ਵਿੱਚ ਖੱਚਿਤ ਹਨ, ਉਨ੍ਹਾਂ ਦੇ ਉਪਦੇਸ਼ਾਂ ਉੱਤੇ ਧਿਆਨ ਨਾ ਧਰੇ। ਜੋ ਹੁਕਮ ਗੁਰੂ ਨੇ ਕੀਤੇ ਹਨ, ਉਨ੍ਹਾਂ ਨੂੰ ਧਾਰਨ ਕਰੇ।

ਇਸ ਬਿਧਿ ਕਹਿ ਗੁਰ ਰਹਿਤ ਬਿਬੇਕ॥
ਆਦਿ ਲਹੌਰਾ ਸਿੰਘ ਅਨੇਕ॥
ਨੰਦ ਸਿੰਘ ਕੋ ਸਭ ਸਮਝਾਈ॥
ਸੁਨਤ ਅਨੰਦ ਰਿਦੈ ਸਮੁਦਾਈ॥੫੧॥

ਇਉਂ ਗੁਰੂ ਨੇ ਇਹ ਬਿਬੇਕ ਗਿਆਨ ਦੀ ਰਹਿਤ, ਲਾਹੌਰਾ ਸਿੰਘ, ਨੰਦ ਸਿੰਘ ਆਦਿ ਅਨੇਕ ਸਿੱਖਾਂ ਨੂੰ ਸਮਝਾਈ। ਸੁਣ ਕੇ ਸਭ ਦੇ ਹਿਰਦੇ ਅਨੰਦ ਪੂਰਤ ਹੋਏ।

[ਰੁਤਿ ੩/ਅੰਸੂ ੫੦।]

ਸਾਨੂੰ ਉਸ ਬ੍ਰਾਹਮਣ ਦੀ ਚਤੁਰਤਾ ਦੀ ਦਾਦ ਦੇਣੀ ਪੈਂਦੀ ਹੈ, ਜਿਸ ਨੇ 'ਸੌ ਸਾਖੀ' ਵਿੱਚ ਲੋੜੀਂਦੇ ਵਾਧੇ ਕਰਕੇ ਜਾਤ-ਪਾਤ ਦੀ ਸਥਾਪਤੀ ਤੇ ਬ੍ਰਾਹਮਣਾਂ ਦੀ ਉੱਚਤਾ ਨੂੰ ਸਿੱਧ ਕਰਨ ਦਾ ਯਤਨ ਕੀਤਾ ਹੈ। ਜੇ 'ਮੁਸਲਮਾਨ' ਤੋਂ ਭਾਵ ਉਹ ਆਦਮੀ ਲਈਏ, ਜੋ ਵਿਦੇਸ਼ੀ ਤੇ ਜੇਤੂ ਤੁਰਕ ਕਬੀਲਿਆਂ ਨਾਲ ਸਬੰਧਿਤ ਸੀ ਜਾਂ ਉਨ੍ਹਾਂ ਦੇ ਰਾਜਸੀ ਸਿਸਟਮ ਦਾ ਹਾਮੀ ਸੀ ਤਾਂ ਅਸੀਂ ਸਮਝ ਸਕਦੇ ਹਾਂ ਕਿ 'ਮੁਸਲਮਾਨ' ਦਾ ਕਦਾਚਿਤ ਵਿਸਾਹ ਨਾ ਕਰਨ ਬਾਰੇ ਕਿਉਂ ਕਿਹਾ ਗਿਆ ਹੈ। ਇਸ ਤਰ੍ਹਾਂ ਇਸਲਾਮੀ ਮਕਤਬਾਂ ਵਿੱਚ ਪੜ੍ਹਨ ਤੋਂ ਰੋਕਿਆ ਗਿਆ ਹੈ, ਕਿਉਂਕਿ ਇਹ ਮੁਸਲਮ ਸਰਕਾਰ ਦੀ ਮਦਦ ਨਾਲ ਚੱਲਦੇ ਸਨ। ਇਸ ਨੁਕਤੇ ਤੋਂ ਦੇਖਿਆਂ ਇਹ ਦੋਵੇਂ ਹਦਾਇਤਾਂ ਬੜੀਆਂ ਨਿੱਗਰ ਤੇ ਨਰੋਈਆਂ ਹਨ, ਕਿਉਂਕਿ ਆਪਣੀ ਹਸਤੀ ਨੂੰ ਕਾਇਮ ਰੱਖਣ ਲਈ ਇਹ ਗੱਲਾਂ ਜ਼ਰੂਰੀ ਸਨ ਅਤੇ ਜੇ ਇਨ੍ਹਾਂ ਨੂੰ ਹਿੰਦੂ ਜਾਤੀ ਦੀ ਰਾਜਨੀਤੀ ਤੋਂ ਹੀਣੀ ਤੇ ਸੁਧੀ ਦਾਰਸ਼ਨਿਕ ਜ਼ਹਿਨੀਅਤ ਨਾਲ ਮੇਲ ਕੇ ਦੇਖੀਏ ਤਾਂ ਇਹ ਦੋਵੇਂ ਹਦਾਇਤਾਂ ਹੋਰ ਵੀ ਹੈਰਾਨ ਕਰਨ ਵਾਲੀਆਂ ਤੇ ਉਸਾਰੂ ਲੱਗਣਗੀਆਂ।

ਚੀਨ

ਚੀਨ ਬੜਾ ਮਹਾਨ ਅਤੇ ਸਾਡਾ ਗਵਾਂਢੀ ਦੇਸ਼ ਹੈ ਅਤੇ ਹੁਣ ਇਸ ਦੇਸ਼ ਵਿੱਚ ਜੋ ਲੋਕਤੰਤਰ ਸਾਮਵਾਦੀ ਰਾਜ, ਮਾਓ ਜੇ ਤੂੰਗ ਦੀ ਜੱਥੇਦਾਰੀ ਹੇਠ ਸਥਾਪਿਤ ਹੋ ਗਿਆ ਹੈ, ਇਸ ਕਾਰਨ ਚੀਨ ਆਧੁਨਿਕ ਸੰਸਾਰ ਦੀਆਂ ਜੀਉਂਦੀਆਂ ਸ਼ਕਤੀਆਂ ਵਿੱਚ ਇਕ ਪ੍ਰਮਾਣੀਕ ਸਥਾਨਪਤੀ ਬਣ ਗਿਆ ਹੈ। ਚੀਨ ਇਕ ਬੜਾ ਪ੍ਰਾਚੀਨ ਦੇਸ਼ ਹੈ ਅਤੇ ਚੀਨ ਦੇ ਵਾਸੀ ਇਕ ਮਹਾਨ ਪ੍ਰਾਚੀਨ ਅਤੇ ਗੌਰਵਸ਼ਾਲੀ ਸੱਭਿਅਤਾ ਦੇ ਮਾਲਿਕ ਅਤੇ ਸੰਚਾਲਿਕ ਹਨ। ਅਸਾਡੇ ਦੇਸ਼ ਦੇ ਸੱਭਿਆਚਾਰਕ ਸੰਬੰਧ, ਚੀਨ ਦੇਸ਼ ਨਾਲ ਕੋਈ ਢਾਈ ਹਜ਼ਾਰ ਵਰ੍ਹੇ ਪੁਰਾਣੇ ਹਨ। ਇਸ ਲਈ ਚੀਨ ਦੇਸ਼ ਦੇ ਵਾਸੀਆਂ ਅਤੇ ਉਨ੍ਹਾਂ ਦੇ ਸਭਿਆਚਾਰ ਬਾਰੇ ਕੁਝ ਵਾਕਫ਼ੀ ਦੇਣਾ ਤੇ ਸਮਝਣਾ, ਸਭ ਲਈ ਹੀ ਮਨੋਰੰਜਕ ਅਤੇ ਲਾਭਵੰਦ ਹੈ।

ਚੀਨੇ ਆਪਣੀ ਸੱਭਿਅਤਾ ਨੂੰ ਸੰਸਾਰ ਭਰ ਵਿੱਚ ਸਭ ਨਾਲੋਂ ਪ੍ਰਾਚੀਨ ਸੱਭਿਅਤਾ ਗਿਣਦੇ ਹਨ। ਭਾਰਤੀ ਸੱਭਿਅਤਾ ਨੂੰ ਛੱਡ ਕੇ, ਬਾਕੀ ਜੋ ਵੀ ਸੰਸਾਰ ਦੀਆਂ ਪ੍ਰਾਚੀਨ ਸੱਭਿਅਤਾ ਹਨ, ਉਨ੍ਹਾਂ ਸਭਨਾਂ ਨਾਲੋਂ ਚੀਨੀ ਸਭਿਅਤਾ ਨਿਰਸੰਦੇਹ ਵਧੇਰੇ ਬਿਰਧ ਹੈ। ਯਵਨ ਸੱਭਿਅਤਾ ਅਤੇ ਯਹੂਦੀ ਸੱਭਿਅਤਾ ਜਦੋਂ ਅਜੇ ਜਨਮ ਲੈ ਰਹੀਆਂ ਸਨ, ਉਸ ਵੇਲੇ ਚੀਨੀ ਸੱਭਿਅਤਾ ਆਪਣਾ ਯੋਵਨ-ਕਾਲ ਬਤੀਤ ਕਰਕੇ ਪੱਕ ਚੁੱਕੀ ਸੀ। ਕਈ ਯੁੱਧ-ਸੰਗ੍ਰਾਮ, ਪਰਿਵਰਤਨ ਅਤੇ ਵਿਦੇਸ਼ੀ ਹਮਲੇ ਚੀਨੀ ਸੱਭਿਅਤਾ ਨੇ ਆਪਣੀ ਛਾਤੀ ਉੱਤੇ ਸਹੇ ਹਨ ਅਤੇ ਜਿਉਂਦੀ ਜਾਗਦੀ ਰਹੀ ਹੈ। ਨਾ ਕੇਵਲ ਆਪ ਜੀਵਤ ਹੀ ਰਹੀ ਹੈ, ਸਗੋਂ ਆਪਣੇ ਗਵਾਂਢੀ ਦੇਸ਼ਾਂ, ਜਪਾਨ, ਕੋਰੀਆ, ਤਿੱਬਤ, ਅੱਨਾਮ ਆਦਿ ਉੱਤੇ ਵੀ ਭਰਪੂਰ ਪ੍ਰਭਾਵ ਪਾਉਂਦੀ ਰਹੀ ਹੈ, ਜਿਸ ਦਾ ਸਿੱਟਾ ਇਹ ਹੈ ਕਿ ਇਨ੍ਹਾਂ ਦੇਸ਼ਾਂ ਦੀ ਸੱਭਿਅਤਾ ਦੀ ਰੂਪ-ਰੇਖਾ ਚੀਨੀ ਸੱਭਿਅਤਾ ਦੇ ਮੁਹਾਂਦਰੇ ਦੀ ਹੀ ਬਣ ਗਈ ਹੈ। ਏਥੇ ਹੀ ਬਸ ਨਹੀਂ। ਭਾਰਤੀ ਸੱਭਿਅਤਾ ਨਾਲ ਤਾਲ ਮੇਲ ਖਾ ਕੇ ਚੀਨੀ ਸੱਭਿਅਤਾ ਨੇ ਬਰਮਾ, ਸਿਆਮ, ਮਲਾਇਆ, ਜਾਵਾ, ਬਾਲੀ ਆਦਿ ਦੇਸ਼ਾਂ ਉੱਤੇ ਵੀ ਭਰਪੂਰ ਪ੍ਰਭਾਵ ਪਾਇਆ ਹੈ। ਵਿਦੇਸ਼ੀ ਜਾਤੀਆਂ, ਜਿਨ੍ਹਾਂ ਨੂੰ ਕਿ ਚੀਨੀ ਸਦਾ "ਵਿਦੇਸ਼ੀ ਜਾਂਗਲੂ" ਕਰਕੇ ਬੁਲਾਉਂਦੇ ਹਨ, ਜਿਵੇਂ ਭਾਰਤਵਾਸੀ ਆਪਣੀ ਸੱਭਿਅਤਾ ਦੀ ਗੌਰਵਤਾ ਦੇ ਮਾਣ

ਵਿੱਚ ਵਿਦੇਸ਼ੀਆਂ ਨੂੰ 'ਮਲੇਛ' ਕਰਕੇ ਬੁਲਾਉਂਦੇ ਰਹੇ ਹਨ, ਅਜਿਹੀਆਂ ਸਭ ਜਾਤੀਆਂ, ਜਿਨ੍ਹਾਂ ਨੇ ਚੀਨ ਦੀ ਧਰਤੀ ਉੱਤੇ ਹਮਲਾ ਕਰਕੇ ਚੀਨੀਆਂ ਨੂੰ ਪ੍ਰਾਜੈ ਕੀਤਾ ਅਤੇ ਚੀਨ ਵਿਚ ਆਪਣਾ ਰਾਜ ਸਥਾਪਤ ਕਰਕੇ, ਉਥੇ ਟਿਕ ਗਏ, ਉਹ ਸਮਾਂ ਪਾਕੇ, ਚੀਨੀ ਸੱਭਿਅਤਾ ਕੋਲੋਂ ਆਪ ਹੀ ਪ੍ਰਾਜੈ ਹੋ ਗਏ ਅਤੇ ਅੰਤ ਚੀਨੀ ਹੀ ਬਣ ਗਏ। ਮੁਸਲਮਾਨਾਂ ਦੇ ਭਾਰਤ ਵਿੱਚ ਪ੍ਰਵੇਸ਼ ਤੋਂ ਪਹਿਲਾਂ ਜਿੰਨੀਆਂ ਵੀ ਵਿਦੇਸ਼ੀ ਜਾਤੀਆਂ ਭਾਰਤ ਵਿੱਚ ਆਈਆਂ, ਉਹ ਵੀ ਇਸੇ ਪ੍ਰਕਾਰ ਭਾਰਤ ਦੀ ਸੱਭਿਅਤਾ ਵਿੱਚ ਲੀਨ ਹੋ ਕੇ, ਸਮਾਂ ਪਾ ਕੇ ਭਾਰਤੀ ਹੀ ਬਣ ਗਈਆਂ ਸਨ।

ਚੀਨ ਦੀ ਸੱਭਿਅਤਾ ਵਿੱਚ ਇਹ ਸਰਵ-ਭਕਸ਼ਨ ਸ਼ਕਤੀ ਕਿੱਥੋਂ ਆਈ ? ਕਿਹਾ ਗਿਆ ਹੈ ਕਿ ਇਸ ਸ਼ਕਤੀ ਦਾ ਸੋਮਾ ਚੀਨੇ ਲੋਕਾਂ ਦੀਆਂ ਸਨਾਤਨੀ ਰੁੱਚੀਆਂ ਹਨ। ਉਹ ਸਵੈਭਾਵਕ ਹੀ ਪ੍ਰਾਚੀਨ ਨੂੰ ਪਿਆਰਦੇ ਤੇ ਸਤਿਕਾਰਦੇ ਹਨ ਅਤੇ ਨਵੀਨ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ, ਪਰ ਜੇ ਕੇਵਲ ਇਹ ਸੁਭਾਵ ਹੀ ਚੀਨ ਦੀ ਪੁਰਾਤਨ ਸੱਭਿਅਤਾ ਦੀ ਦ੍ਰਿੜ੍ਹਤਾ ਦਾ ਕਾਰਨ ਹੈ, ਤਾਂ ਮੰਨਣਾ ਪਵੇਗਾ ਕਿ ਹੁਣ ਚੀਨ ਵਿੱਚ ਜੋ ਮਹਾਨ ਸਾਮਵਾਦੀ ਪਰਿਵਰਤਨ ਮਾਊ ਜ਼ੇ ਤੁੰਗ ਦੀ ਜੱਥੇਦਾਰੀ ਹੇਠਾਂ ਵਾਪਰਿਆ ਹੈ, ਉਹ ਚੀਨਿਆਂ ਦੀਆਂ ਸੁਭਾਵਿਕ ਰੁੱਚੀਆਂ ਦੇ ਬਿਲਕੁਲ ਹੀ ਪ੍ਰਤਿਕੂਲ ਹੈ। ਪਰ ਵਿਦਵਾਨ ਲੋਕ ਇਹੋ ਜਿਹੀ ਮਨੌਤ ਛੇਤੀ-ਛੇਤੀ ਕਰਦੇ ਨਹੀਂ ਅਤੇ ਤਵਾਰੀਖੀ ਘਟਨਾਵਾਂ ਦੇ ਕਾਰਨ, ਭੂਤਕਾਲ ਦੇ ਚੌਗਿਰਦੇ ਅਤੇ ਜਾਤੀਆਂ ਦੇ ਗੁਣ ਸੁਭਾਵ ਵਿੱਚ ਲੱਭਣ ਦਾ ਯਤਨ ਕਰਦੇ ਹਨ। ਇਉਂ ਕਿਹਾ ਗਿਆ ਹੈ ਜੋ ਚੀਨੀ ਜਾਤੀ ਦੇ ਸਨਾਤਨੀ ਸੁਭਾਵ ਦੇ ਕਾਰਨ ਵੀ ਕੁਝ ਹੋਰ ਹੀ ਹਨ। ਇਨ੍ਹਾਂ ਕਾਰਣਾਂ ਵਿੱਚੋਂ ਵੱਡਾ ਕਾਰਣ ਤਾਂ ਚੀਨ ਦੀ ਪ੍ਰਾਚੀਨ ਲਿੱਪੀ ਹੈ, ਜਿਸ ਵਿੱਚ ਕਿ ਚੀਨ ਦੀ ਬੋਲੀ ਅਤੇ ਚੀਨ ਦਾ ਸਾਹਿਤ ਹਜ਼ਾਰਾਂ ਵਰ੍ਹਿਆਂ ਤੋਂ ਲਿਖੀਂਦਾ ਚਲਾ ਆ ਰਿਹਾ ਹੈ। ਚੀਨ ਦੀ ਬੋਲੀ ਦੀ ਲਿੱਪੀ ਅੱਖਰ ਵਰਨ-ਮਾਲਾ ਨਹੀਂ, ਜਿਵੇਂ ਕਿ ਬਾਕੀ ਦੇਸ਼ਾਂ ਦੀਆਂ ਜਾਤੀਆਂ ਅਤੇ ਬੋਲੀਆਂ ਦੀਆਂ ਲਿਪੀਆਂ ਹਨ। ਅੱਖਰ ਵਰਨ-ਮਾਲਾ ਇਉਂ ਹੁੰਦੀ ਹੈ ਕਿ ਬੋਲੀ ਨੂੰ ਉਸ ਦੇ ਸ਼ਬਦ-ਰੂਪ ਦੇ ਵੱਖੋ-ਵੱਖਰੇ ਅੰਗਾਂ ਵਿੱਚ ਨਿਖੇੜ ਲਿਆ ਜਾਂਦਾ ਹੈ ਅਤੇ ਹਰ ਅੰਗ ਲਈ ਇਕ ਲਿੱਪੀ ਦਾ ਅੱਖਰ ਨੀਯਤ ਕਰ ਦਿੱਤਾ ਜਾਂਦਾ ਹੈ। ਫੇਰ ਜਦੋਂ ਕੋਈ ਸ਼ਬਦ ਉਸ ਬੋਲੀ ਦਾ ਲਿਖਣਾ ਹੋਵੇ ਤਾਂ ਉਨ੍ਹਾਂ ਅੱਖਰਾਂ ਵਿੱਚੋਂ ਲੋੜੀਂਦੇ ਅੱਖਰ ਚੁਣ ਕੇ ਉਨ੍ਹਾਂ ਅੱਖਰਾਂ ਨੂੰ ਜੋੜ ਦਈਦਾ ਹੈ ਅਤੇ ਇਉਂ ਲੋੜੀਂਦਾ ਸ਼ਬਦ ਲਿਖਿਆ ਜਾਂਦਾ ਹੈ। ਉਦਾਹਰਣ, ਪੰਜਾਬੀ ਦੀ ਲਿੱਪੀ, ਗੁਰਮੁਖੀ ਪੈਂਤੀ ਅੱਖਰੀ ਦੀ ਲੈ ਲਵੋ! ਪੰਜਾਬੀ ਬੋਲੀ ਵਿੱਚ ਜਿੰਨੀਆਂ ਸੁਰਾਂ, ਵਿਅੰਜਨ ਆਦਿ ਹਨ, ਉਹ ਨਿਖੇੜ ਕੇ ਪੈਂਤੀਸ ਨੀਯਤ ਹੁੰਦੇ ਹਨ ਅ, ਸ, ਕ, ਖ, ਹ ਆਦਿ ਅਤੇ ਇਨ੍ਹਾਂ ਪੈਂਤੀਆਂ ਲਈ ਵੱਖੋ-ਵੱਖਰੇ ਅੱਖਰ ਨੀਯਤ ਕਰ ਲਏ ਗਏ ਹਨ। ਕੁਝ ਕਾਰਣਾਂ ਕਰਕੇ, ਜਿਨ੍ਹਾਂ ਵਿੱਚ ਕਿ ਏਥੇ ਜਾਣ

ਦੀ ਲੋੜ ਨਹੀਂ, 'ਅ' ਸੁਰ ਲਈ ਤਿੰਨ ਅੱਖਰ ਨੀਯਤ ਹੋ ਗਏ ਹਨ, ੳ, ਅ, ੲ। ਫਿਰ ਇਨ੍ਹਾਂ ਸੁਰਾਂ ਦੇ ਵਿਅੰਜਨਾਂ ਨਾਲ ਮੇਲ ਦਰਸਾਉਣ ਲਈ ਲਗਾਂ-ਮਾਤ੍ਰਾਂ ਨੀਯਤ ਕਰ ਲਈਆਂ ਗਈਆਂ ਹਨ ਅਤੇ ਇਉਂ ਪੰਜਾਬੀ ਬੋਲੀ ਦੀ ਲਿੱਪੀ ਬਣਾ ਲਈ ਗਈ ਹੈ। ਹੁਣ ਜਦੋਂ ਕੋਈ ਸ਼ਬਦ ਲਿਖਣਾ ਹੋਵੇ, ਜਿਵੇਂ 'ਗੁੜ' ਤਾਂ ਦੇਖ ਲਿਆ ਕਿ 'ਗੁੜ' ਸ਼ਬਦ ਦੇ 'ਗ' ਅਤੇ 'ੜ' ਦੋ ਅੰਗ ਹਨ ਅਤੇ ਦੋ ਸੁਰਾਂ ਦੇ ਮੇਲ ਨਾਲ ਬਣੇ ਭੇਦ ਜਿਨ੍ਹਾਂ ਨੂੰ ਪ੍ਰਗਟ ਕਰਨ ਲਈ ਔਂਕੜ ਅਤੇ ਟਿੱਪੀ ਲਗਾਂ-ਮਾਤ੍ਰਾਂ ਹਨ। ਬੱਸ ਇਨ੍ਹਾਂ ਦੋਹਾਂ ਲਗਾਂ-ਮਾਤ੍ਰਾਂ ਦੀ ਸਹਾਇਤਾ ਨਾਲ 'ਗ' ਅਤੇ 'ੜ' ਅੱਖਰ ਨੂੰ ਜੋੜ ਕੇ ਸ਼ਬਦ 'ਗੁੜ' ਲਿਖ ਲਿਆ ਜਾਂਦਾ ਹੈ। ਬਾਕੀ ਬੋਲੀਆਂ ਯੂਰਪ ਤੇ ਏਸ਼ੀਆ ਵਿੱਚ ਪ੍ਰਚੱਲਿਤ ਬੋਲੀਆਂ ਦੀਆਂ ਲਿਪੀਆਂ ਵੀ ਇਸੇ ਸਿਧਾਂਤ ਦੀ ਨੀਂਹ ਉੱਤੇ ਹੀ ਬਣਾਈਆਂ ਗਈਆਂ ਹਨ, ਪਰ ਚੀਨ ਦੀ ਲਿੱਪੀ ਦੀ ਉਸਾਰੀ ਇਸ ਸਿਧਾਂਤ ਉੱਤੇ ਬਿਲਕੁਲ ਨਹੀਂ ਹੋਈ। ਉਸ ਵਿੱਚ ਵੱਖ-ਵੱਖਰੇ ਸ਼ਬਦ ਲਈ ਵੱਖ-ਵੱਖਰੇ ਲਿੱਪੀ ਦਾ ਚਿੰਨ੍ਹ ਹੈ, ਜਿਸਦਾ ਆਧਾਰ ਸ਼ਬਦਾਂਗ ਨਹੀਂ ਸਗੋਂ ਚਿਤ੍ਰਾਂਗ ਹੈ। ਜੇ 'ਆਦਮੀ' ਸ਼ਬਦ ਚੀਨੀ ਲਿਪੀ ਵਿੱਚ ਲਿਖਣਾ ਹੋਵੇ ਤਾਂ ਇਸ ਸ਼ਬਦ ਨੂੰ ਇਸ ਦੇ 'ਅ' 'ਦ' 'ਮ' ਸ਼ਬਦਾਂਗਾਂ ਵਿੱਚ ਵੰਡ ਕੇ ਹਰ ਸ਼ਬਦਾਂਗ ਲਈ ਵੱਖਰਾ ਅੱਖਰ ਨੀਯਤ ਨਹੀਂ ਕੀਤਾ ਜਾਵੇਗਾ, ਸਗੋਂ ਆਦਮੀ ਦਾ ਚਿੱਤਰ ਦ੍ਰਿਸ਼ ਅਟਾ-ਸਟਾ ਵਾਹ ਦਿੱਤਾ ਜਾਵੇਗਾ। ਹੁਣ ਜੇ ਲਿਖਣਾ ਹੋਵੇ, "ਆਦਮੀ ਘਰ ਵਿੱਚ ਬੈਠਾ ਹੈ", ਤਾਂ ਬੈਠੇ ਆਦਮੀ ਦਾ ਚਿੱਤਰ ਦ੍ਰਿਸ਼ ਨੀਯਤ ਢੰਗ ਨਾਲ ਜੋੜ ਦਿੱਤੇ ਜਾਣਗੇ। ਬਸ ਇਹ ਪੂਰਾ ਵਾਕ ਲਿਖਿਆ ਗਿਆ। ਇਉਂ ਚੀਨੀ ਬੋਲੀ ਜਿਸ ਨੇ ਸਿੱਖਣੀ ਹੋਵੇ ਉਸ ਨੂੰ ਹਜ਼ਾਰਾਂ ਲੱਖਾਂ ਮੂਰਤ-ਚਿੰਨ੍ਹ ਚੇਤੇ ਕਰਨੇ ਪੈਣਗੇ। ਨਿਰਾ ਤੀਹ ਪੈਂਤੀ ਅੱਖਰ ਚੇਤੇ ਕਰਨ ਨਾਲ ਕੰਮ ਨਹੀਂ ਚੱਲੇਗਾ।

ਬੋਲੀ ਦੀ ਲਿਪੀ ਨੀਯਤ ਕਰਨ ਦੇ ਇਸ ਢੰਗ ਦਾ ਚੀਨੀ ਸੱਭਿਅਤਾ ਦੀ ਪ੍ਰਾਚੀਨਤਾ ਦੀ ਦ੍ਰਿੜ੍ਹਤਾ ਨਾਲ ਕੀ ਸਬੰਧ ਹੈ ? ਇਹ ਸਬੰਧ ਬੜਾ ਭਾਰੀ ਅਤੇ ਬੁਨਿਆਦੀ ਹੈ। ਜਿਉਂ-ਜਿਉਂ ਸਦੀਆਂ, ਸਹੰਸ੍ਰਬਦੀਆਂ ਬੀਤਦੀਆਂ ਜਾਂਦੀਆਂ ਹਨ, ਲੋਕਾਂ ਵਿੱਚ ਵਰਤੀਆਂ ਜਾਣ ਵਾਲੀਆਂ ਅਤੇ ਨਿਤਾਪ੍ਰਤ ਰਹਿਣ-ਬਹਿਣ ਵਿੱਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਬਦਲਦੀਆਂ ਰਹਿੰਦੀਆਂ ਹਨ ਅਤੇ ਸਮਾਂ ਪਾ ਕੇ ਇਕੋ ਉਹਨਾਂ ਖ਼ਿਆਲਾਂ ਨੂੰ ਪ੍ਰਗਟ ਕਰਨ ਲਈ ਸ਼ਬਦ ਅਤੇ ਉਨ੍ਹਾਂ ਸ਼ਬਦਾਂ ਦੇ ਉਚਾਰਣ ਢੰਗ ਰੂਪ ਵਟਾ ਜਾਂਦੇ ਹਨ ਅਤੇ ਸਿਆਣੇ ਨਹੀਂ ਜਾਂਦੇ। ਜਿਵੇਂ ਅੱਜ ਤੋਂ ਕੋਈ ਪੰਦਰਾਂ ਸੌ ਵਰ੍ਹੇ ਪਹਿਲਾਂ, 'ਘਰ' ਸ਼ਬਦ ਦਾ ਉਚਾਰਣ ਪੰਜਾਬੀ ਦੇ ਮੁੱਢਲੇ ਰੂਪ ਅਪਭ੍ਰੰਸ਼ ਵਿੱਚ 'ਘਾਰ' ਕਰਕੇ ਹੁੰਦਾ ਸੀ। ਪੋਠੋਹਾਰ ਛੱਛ ਦੇ ਇਲਾਕਿਆਂ ਵਿੱਚ ਅਜੇ ਵੀ 'ਘਰ' ਦੇ ਉਚਾਰਣ ਵੇਲੇ 'ਘ' ਨੂੰ ਲਮਕਾ ਕੇ ਉਚਾਰਦੇ ਹਨ। ਪਰ 'ਘਾਰ' ਲਿਖਿਆ ਹੋਇਆ ਸ਼ਬਦ, 'ਘਰ' ਸ਼ਬਦ ਦੇ ਅਰਥਾਂ

ਵਿੱਚ ਅੱਜਕੱਲ੍ਹ ਦਾ ਸਰਵ-ਸਾਧਾਰਨ ਪੰਜਾਬੀ ਨਹੀਂ ਸਮਝ ਸਕੇਗਾ, ਪਰ ਚੀਨ ਵਿੱਚ ਜੇ ਮੂਰਤ-ਦ੍ਰਿਸ਼ 'ਘਰ' ਸ਼ਬਦ ਲਈ ਨੀਯਤ ਹੋ ਚੁੱਕਾ ਹੈ, ਉਸ ਦਾ ਉਚਾਰਣ ਢੰਗ ਸਦੀਆਂ ਬੀਤ ਜਾਣ ਪਿੱਛੋਂ ਭਾਵੇਂ ਕਿੰਨਾ ਹੀ ਬਦਲ ਗਿਆ ਹੋਵੇ, ਉਸ ਦਾ ਲਿਖਣ ਢੰਗ ਉੱਕਾ ਨਹੀਂ ਬਦਲ ਸਕਦਾ ਅਤੇ ਜੋ ਚੀਨੀ ਲਿਖੇ ਹੋਏ ਚੀਨੀ ਸ਼ਬਦ 'ਘਰ' ਨੂੰ ਜੋ ਕਿ ਦੋ ਹਜ਼ਾਰ ਵਰ੍ਹੇ ਪਹਿਲਾਂ ਲਿਖਿਆ ਗਿਆ ਹੈ ਅੱਜ ਉਠਾਏਗਾ, ਉਹ ਭਾਵੇਂ ਉਸ ਦਾ ਉਚਾਰਣ ਕੁਝ ਹੀ ਕਿਉਂ ਨਾ ਕਰੇ, ਉਸ ਦਾ ਅਰਥ ਉਹੋ ਸਮਝੇਗਾ, ਜੋ ਅਰਥ ਕਿ ਉਸ ਮੂਰਤ-ਦ੍ਰਿਸ਼ ਦਾ ਦੋ ਹਜ਼ਾਰ ਵਰ੍ਹੇ ਪਹਿਲਾਂ ਸੀ। ਇਹ ਨਹੀਂ ਕਿ 'ਘਾਰ' ਲਿਖਿਆ ਹੋਇਆ ਤੱਕ ਕੇ ਸੋਚਾਂ ਵਿੱਚ ਪੈ ਜਾਵੇ ਕਿ ਇਸ ਦੇ ਅਰਥ ਕੀ ਹੋਏ ? ਇਉਂ ਅੱਜਕੱਲ੍ਹ ਦੇ ਅੰਗਰੇਜ਼ ਨੂੰ ਪੰਜ ਛੇ ਸੌ ਵਰ੍ਹੇ ਪਹਿਲਾਂ, ਚਾੱਸਰ ਦੀ ਲਿਖੀ ਹੋਈ ਅੰਗਰੇਜ਼ੀ ਬੋਲੀ ਸਮਝਣੀ ਕਠਿਨ ਜਾਪਦੀ ਹੈ ਅਤੇ ਅੱਜ ਤੋਂ ਇਕ ਹਜ਼ਾਰ ਵਰ੍ਹਾ ਪਹਿਲਾਂ ਦੀ ਲਿਖੀ ਹੋਈ ਪੰਜਾਬੀ ਸਾਨੂੰ ਸਮਝਣੀ ਕਠਿਨ ਜਾਪਦੀ ਹੈ। "ਢੋਲਾ ਮਾਰੂ ਰਾ ਦੂਹਾ" ਜੋ ਕਿ ਗਿਆਰ੍ਹਵੀ ਸਦੀ ਦਾ ਪੰਜਾਬੀ ਕਾਵਯ ਹੈ, ਵਿੱਚ ਇਕ ਦੋਹਾ ਇਉਂ ਹੈ :

ਆੜਾ ਡੂੰਗਰ ਦੂਰ ਘਰ,
ਵਣੈ ਨਾ ਜਾਣੈ ਭਿੱਤ॥
ਸੱਜਣ ਸੰਦੇ ਕਾਰਣੈ,
ਹੀਉ ਹਲੂਸੇ ਨਿੱਤ॥

ਅਰਥਾਤ, ਵਿਚਕਾਰ ਥੱਲ ਅਤੇ ਘਰ ਦੂਰ ਹੈ ਅਤੇ ਬਣ ਵਿੱਚ ਰਾਹ ਨਹੀਂ ਲੱਭਦਾ, ਸੱਜਣ ਦੀ ਜੁਦਾਈ ਦੇ ਕਾਰਨ, ਦਿਲ ਨਿੱਤ ਬੇਤਾਬ, ਬਿਹਬਲ ਹੁੰਦਾ ਹੈ। ਹੁਣ ਜਿੰਨਾ ਚਿਰ ਇਹ ਅਰਥ ਨਹੀਂ ਕਰ ਦਿੱਤੇ ਗਏ, ਇਸ ਦੋਹੇ ਦਾ ਅਰਥ ਝਟਪਟ ਸਰਵ-ਸਾਧਾਰਣ ਪੰਜਾਬੀ ਦੀ ਸਮਝ ਵਿੱਚ ਨਹੀਂ ਆਵੇਗਾ। ਚੀਨੀ ਬੋਲੀ ਦੀ ਮੂਰਤ-ਦ੍ਰਿਸ਼ ਆਧਾਰ ਲਿਪੀ ਵਿੱਚ ਇਹ ਦੋਸ਼ ਨਹੀਂ। ਜੋ ਕੁਛ ਦੋ ਹਜ਼ਾਰ ਵਰ੍ਹੇ ਪਹਿਲਾਂ ਲਿਖਿਆ ਜਾ ਚੁੱਕਾ ਹੈ, ਉਸ ਲਿਖਤ ਨੂੰ ਅੱਜ ਦਾ ਚੀਨੀ ਜਦੋਂ ਉਠਾਵੇਗਾ ਤਾਂ ਉਸ ਦਾ ਓਹੀ ਭਾਵ ਸਮਝੇਗਾ, ਜੋ ਕਿ ਦੋ ਹਜ਼ਾਰ ਵਰ੍ਹੇ ਪਹਿਲਾਂ ਲਿਖਣ ਵਾਲੇ ਦੇ ਮਨ ਵਿੱਚ ਸੀ। ਇਸ ਕਾਰਨ ਚੀਨੀ ਜਾਤੀ ਦੇ ਬੁਨਿਆਦੀ ਖ਼ਿਆਲ ਆਪਣੀਆਂ ਪ੍ਰਾਚੀਨ ਅਤੇ ਸਨਾਤਨ ਪੱਧਰਾਂ ਉੱਤੇ ਹਜ਼ਾਰਾਂ ਵਰ੍ਹੇ ਬੀਤ ਜਾਣ ਦੇ ਉਪਰੰਤ ਵੀ ਦ੍ਰਿੜ੍ਹ ਰਹੇ ਹਨ। ਇਹ ਇਕ ਵੱਡਾ ਅਤੇ ਬੁਨਿਆਦੀ ਕਾਰਨ ਚੀਨੀ ਸੱਭਿਅਤਾ ਦੀ ਦ੍ਰਿੜ੍ਹਤਾ ਦਾ ਦਿੱਸ ਆਉਂਦਾ ਹੈ। ਦੂਜਾ ਕਾਰਨ, ਇਉਂ ਭਾਸਦਾ ਹੈ ਕਿ ਚੀਨੀ ਜਾਤੀ ਦੀ ਪਿਤ੍ਰੀ ਪੂਜਾ ਦੀ ਪ੍ਰਪਾਟੀ। ਇਹ ਪ੍ਰਪਾਟੀ ਚੀਨੀ ਧਰਮ ਦਾ ਸਾਰੰਸ਼ ਹੈ ਅਤੇ ਇਹ ਪ੍ਰੰਪਰਾ ਚੀਨੀ ਜਾਤੀ ਨੂੰ ਭਵਿਸ਼ ਕਾਲ ਨਾਲ ਬੰਨ੍ਹੀ ਰੱਖਦੀ ਹੈ। ਇਹ ਦੂਜਾ ਵੱਡਾ ਕਾਰਨ ਪ੍ਰਾਚੀਨ ਚੀਨੀ ਸੱਭਿਅਤਾ ਦੀ ਦ੍ਰਿੜ੍ਹਤਾ ਦਾ ਹੈ। ਤੀਜਾ ਵੱਡਾ

ਕਾਰਨ ਇਸ ਦੀ ਦ੍ਰਿੜ੍ਹਤਾ ਦਾ ਇਹ ਹੈ ਕਿ ਅੱਜ ਤੋਂ ਕੋਈ ਦੋ ਕੁ ਹਜ਼ਾਰ ਵਰ੍ਹੇ ਪਹਿਲਾਂ ਚੀਨੀ ਰਿਸ਼ੀਆਂ ਨੇ ਚੀਨੀ ਸਭਿਅਤਾ ਦੀ ਰੂਪ-ਰੇਖਾ ਨੂੰ ਨਿਰਣਯ ਕਰਕੇ ਉਸ ਦਾ ਰੂਪ ਅਤੇ ਅਕਾਰ ਪੱਕੇ ਤੌਰ ਉੱਤੇ ਬੰਨ੍ਹ ਦਿੱਤਾ ਸੀ ਅਤੇ ਉਸ ਰੂਪਾਕਾਰ ਨੂੰ ਬਦਲਨ ਦਾ ਹੌਸਲਾ ਅੱਜ ਤੱਕ ਕਿਸੇ ਚੀਨੀ ਨੂੰ ਨਹੀਂ ਪਿਆ। ਭਾਰਤ ਵਰਸ਼ ਵਿੱਚੋਂ ਗਏ ਬੁੱਧ ਧਰਮ ਨੇ ਇਸ ਸੱਭਿਅਤਾ ਦੇ ਮੁਹਾਂਦਰੇ ਨੂੰ ਕੁਛ ਪਲਟਾਇਆ, ਪਰ ਇਸ ਦੀ ਆਤਮਾ ਵਿੱਚ ਕੋਈ ਬੁਨਿਆਦੀ ਪਰੀਵਰਤਨ ਓਦੋਂ ਵੀ ਨਾ ਆਇਆ। ਹੁਣ ਮਾਉ-ਜ਼ੇ ਤੁੰਗ ਦੀ ਜੱਥਦਾਰੀ ਹੇਠਾਂ ਜੋ ਆਰਥਿਕ ਅਤੇ ਰਾਜਸਿਕ ਪਰਿਵਰਤਨ ਚੀਨ ਵਿੱਚ ਹੋਇਆ, ਉਹ ਅਜੇ ਬਹੁਤ ਅਜੋਕਾ ਹੈ ਤੇ ਗੰਭੀਰਤਾ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਸ ਦਾ ਪੱਕਾ ਪ੍ਰਭਾਵ ਚੀਨੀ ਸੱਭਿਅਤਾ ਉੱਤੇ ਕਿਹੋ ਜਿਹਾ ਅਤੇ ਕਿਸ ਰੂਪ ਰੰਗ ਦਾ ਪੈਂਦਾ ਹੈ।

ਚੀਨ ਦੀ ਸੱਭਿਅਤਾ ਦਾ ਮੁੱਢ ਕਈ ਹਜ਼ਾਰ ਵਰ੍ਹੇ ਪਹਿਲਾਂ 'ਪੱਥਰ-ਯੁਗ' ਤੋਂ ਆਰੰਭ ਹੁੰਦਾ ਹੈ, ਜਦੋਂ ਕਿ ਅਜੇ ਧਾਤਾਂ ਦੀ ਵਰਤੋਂ ਮਨੁੱਖ ਨੇ ਨਹੀਂ ਸੀ ਸਿੱਖੀ। ਉਦੋਂ ਕੁਛ ਚੀਨੀ ਕਬੀਲੇ ਚੀਨ ਦੇਸ਼ ਦੇ ਮਹਾਨ ਦਰਿਆ, ਭਗਵਾ-ਨਦ (Yellow River) ਦੇ ਕੰਢਿਆਂ ਉੱਤੇ ਆਬਾਦ ਹੋ ਗਏ। ਇਸ ਦਰਿਆ ਵਿੱਚ ਹਰ ਸਾਲ ਭਾਰੀ ਹੜ੍ਹ ਆਉਂਦਾ ਹੈ ਅਤੇ ਇਸ ਹੜ੍ਹ ਤੋਂ ਆਪਣੀ ਰੱਖਿਆ ਕਰਨ ਲਈ ਇਨ੍ਹਾਂ ਚੀਨੀ ਕਬੀਲਿਆਂ ਨੇ ਇਕੱਠੇ ਹੋ ਕੇ ਵੱਟਾਂ ਮਾਰਨੀਆਂ ਅਤੇ ਬੰਨ੍ਹ ਬਨਾਉਣੇ ਸਿੱਖੇ ਅਤੇ ਇਉਂ ਇਨ੍ਹਾਂ ਵਿੱਚ ਜੱਥੇਬੰਦੀ ਦੀ ਪਿਰਤ ਪਈ ਤੇ ਚੀਨੀ ਸੱਭਿਅਤਾ ਦਾ ਮੁੱਢ ਬੱਝਾ। ਇਉਂ ਹੀ ਮਿਸਰ ਦੇਸ਼ ਦੀ ਪ੍ਰਾਚੀਨ ਸੱਭਿਅਤਾ ਅਸੀਰੀਆ ਦੀ ਪ੍ਰਾਚੀਨ ਸੱਭਿਅਤਾ ਅਤੇ ਭਾਰਤ ਦੀ ਪ੍ਰਾਚੀਨ ਸੱਭਿਅਤਾ ਨੇ ਨੀਲ, ਦਜਲਾ, ਸਿੰਧ, ਗੰਗਾ ਆਦਿ ਮਹਾਨ ਦਰਿਆਵਾਂ ਦੀਆਂ ਵਾਦੀਆਂ ਵਿੱਚ ਜਨਮ ਲਿਆ ਸੀ।

ਚੀਨ ਦੀ ਪ੍ਰਾਚੀਨ ਸੱਭਿਅਤਾ ਦੀ ਤਵਾਰੀਖ ਵਿੱਚ ਜੋ ਪ੍ਰਸਿੱਧ ਸੰਗ ਮੀਲ ਹਨ, ਉਹ ਇਸ ਕਰਕੇ ਪ੍ਰਤੱਖ ਦਿੱਸ ਆਉਂਦੇ ਹਨ, ਕਿਉਂਕਿ ਉਹ ਪ੍ਰਾਚੀਨ ਚੀਨੀ ਮਹਾਰਾਜਿਆਂ ਪਾਤਸ਼ਾਹਾਂ ਦੇ ਲਿਖਵਾਏ ਹੋਏ ਇਤਿਹਾਸਾਂ ਵਿੱਚ ਭਲੀ ਪ੍ਰਕਾਰ ਅੰਕਿਤ ਹਨ। ਅੱਜ ਤੋਂ ਕੋਈ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਤੱਕ ਦਾ ਲਗਭਗ ਮੁਸਲਸਲ ਇਤਿਹਾਸ ਇਉਂ ਅੰਕਿਤ ਹੋਇਆ ਮਿਲ ਜਾਂਦਾ ਹੈ। ਭਾਰਤੀ ਸੱਭਿਅਤਾ ਦੀ ਤਵਾਰੀਖ ਲਿਖਣ ਲੱਗਿਆਂ ਪ੍ਰਾਚੀਨ ਸਮਿਆਂ ਬਾਬਤ ਲਿਖਤੀ ਇਤਿਹਾਸ ਦੀ ਅਣਹੋਂਦ ਇਕ ਵੱਡੀ ਔਕੜ ਅਤੇ ਦੁੱਖ ਦਾ ਕਾਰਣ ਬਣਦੀ ਹੈ। ਚੀਨ ਦੀ ਸੱਭਿਅਤਾ ਦੀ ਤਵਾਰੀਖ ਵਿੱਚ ਪਹਿਲਾਂ ਹਲ੍ਹ ਦੀ ਕਾਢ ਕੱਢੀ ਗਈ ਤੇ ਫੇਰ ਕੁਝ ਸਮਾਂ ਪਾ ਕੇ ਪਹੀਏ ਦੀ ਅਤੇ ਇਸ ਤੋਂ ਪਿੱਛੋਂ ਕੱਤਣ ਵਾਲੇ ਚਰਖੇ ਦੀ। ਇਸ ਚਰਖੇ ਨਾਲ ਰੇਸ਼ਮ ਦੀਆਂ ਤਾਰਾਂ ਨੂੰ ਕੱਤ ਕੇ ਸਿਲਕ ਜਿਸ ਨੂੰ ਸੰਸਕ੍ਰਿਤ ਵਿੱਚ 'ਚੀਨਮ'

ਕਹੀਦਾ ਹੈ, ਦੇ ਲੀੜੇ ਬੁਣਦੇ ਸਨ ਅਤੇ ਇਹ ਸਿਲਕ ਨੂੰ ਕੱਤਣ ਦਾ ਢੰਗ ਚੀਨੀਆਂ ਨੇ ਕਈ ਹਜ਼ਾਰ ਵਰ੍ਹੇ ਬਾਕੀ ਸੰਸਾਰ ਕੋਲੋਂ ਲੁਕਾ ਕੇ ਰਖਿਆ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਕਈ ਸਹੰਸ੍ਰਬਦੀਆਂ ਸਾਰਾ ਯੂਰਪ ਤੇ ਏਸ਼ੀਆ ਦਾ ਕੁਝ ਭਾਗ ਵੀ ਚੀਨ ਦੇਸ਼ ਤੋਂ ਰੇਸ਼ਮ ਦੇ ਲੀੜੇ ਖ਼ਰੀਦਣ ਉੱਤੇ ਮਜਬੂਰ ਰਿਹਾ। ਅੱਜ ਤੋਂ ਦੋ ਹਜ਼ਾਰ ਵਰ੍ਹੇ ਪਹਿਲਾਂ, ਜਦੋਂ ਰੋਮਨ ਜਾਤੀ ਆਪਣੇ ਪੂਰੇ ਗੌਰਵ ਵਿੱਚ ਸੀ ਅਤੇ ਸਾਰੇ ਯੂਰਪ ਉੱਤੇ ਉਨ੍ਹਾਂ ਦਾ ਅਧਿਕਾਰ ਸੀ ਤਾਂ ਉਹ ਚੀਨ ਦੇਸ਼ ਤੋਂ ਸਿਲਕ, ਰੇਸ਼ਮ ਦੇ ਕੱਪੜੇ ਖਰੀਦਣ ਉੱਤੇ ਮਜਬੂਰ ਸਨ, ਕਿਉਂਕਿ ਕਪਾਹੀ ਸੂਤ ਦੇ ਲੀੜੇ ਯੂਰਪ ਨੂੰ ਪਤਾ ਹੀ ਨਹੀਂ ਸਨ, ਜੋ ਕਿਵੇਂ ਬਣਾਈ ਬੁਣਦੇ ਹਨ। ਰੋਮਨ ਲੋਕ, ਚੀਨ ਦੇਸ਼ ਨੂੰ 'ਸਰੀਕਾ-ਦੇਸ਼' ਅਰਥਾਤ ਸਿਲਕ-ਉਪਜਾਊ ਦੇਸ਼ ਕਰਕੇ ਬੁਲਾਉਂਦੇ ਸਨ। ਅੱਜ ਤੋਂ ਕੋਈ ਚਾਰ ਹਜ਼ਾਰ ਵਰ੍ਹੇ ਪਹਿਲਾਂ ਚੀਨ ਦੇ ਜਿਯੋਤਸ਼ੀਆਂ ਨੇ ਸਵਰਜ-ਪੰਚਾਗ ਅਤੇ ਚੰਦ੍ਰ-ਪੰਚਾਂਗ ਦੀ ਗਣਿਤ ਕਰਕੇ ਦਿਨ ਤਿੱਥਾਂ ਨੀਯਤ ਕਰ ਲਈਆਂ ਸਨ, ਜਿਨ੍ਹਾਂ ਦੇ ਆਧਾਰ ਉੱਤੇ ਉਹ ਫ਼ਸਲਾਂ ਦੀ ਬਜਾਈ ਆਦਿ ਨੀਯਤ ਕਰਦੇ ਸਨ। ਇਨ੍ਹਾਂ ਪੰਚਾਂਗਾਂ ਦੇ ਆਧਾਰ ਉੱਤੇ ਹੀ, ਪ੍ਰਾਚੀਨ ਸਮਿਆਂ ਤੋਂ ਚਲਾ ਆ ਰਿਹਾ ਹੈ ਅਤੇ ਅੱਜ ਤਕ ਮਨਾਇਆ ਜਾ ਰਿਹਾ ਕੌਮੀ ਉਤਸਵ ਨੀਯਤ ਕੀਤਾ ਗਿਆ ਸੀ, ਜਿਸ ਨੂੰ ਕਿ 'ਮੱਖੀਆਂ ਮਾਰੂ ਉਤਸਵ' ਕਹਿੰਦੇ ਹਨ ਅਤੇ ਜੋ ਅਸਾਡੇ ਦੇਸ਼ ਦੀ ਬਸੰਤ ਦੇ ਨੇੜੇ-ਤੇੜੇ ਜਾ ਕੇ ਆਉਂਦਾ ਹੈ। ਜੇ ਅੱਜ ਵੀ ਅਸੀਂ ਹੋਲੀ ਦਾ ਘੌਰੂ-ਪਾਊ ਉਤਸਵ ਮਨਾਉਣ ਦੀ ਥਾਂ ਜਾਂ ਇਸ ਦੇ ਨਾਲ-ਨਾਲ, 'ਮਾਖੀ-ਮਕਸ਼ਚਰ ਘਾਤ-ਕਰਣ ਉਤਸਵ' ਮਨਾਉਣਾ ਪ੍ਰਾਰੰਭ ਕਰ ਦਈਏ, ਤਦ 'ਸੋਸ਼ਲਿਸਟ ਪੈਟਰਨ ਆਫ਼ ਸੋਸਾਇਟੀ' (Socialist Pattern of Society) ਵੱਲ ਇਹ ਵੱਡਾ ਨਿੱਗਰ ਕਦਮ ਉੱਠ ਸਕਦਾ ਹੈ।

ਚੀਨ ਨੇ ਕਈ ਹਜ਼ਾਰ ਵਰ੍ਹੇ ਹੋਏ ਲਿਖਣ ਦੇ ਢੰਗ ਦੀ ਕਾਢ ਕੱਢ ਲਈ ਸੀ। ਸ਼ਾਂਗ ਨਾਮੀ ਰਾਜ ਘਰਾਣਾ ਜੋ ਕਿ ਚੀਨ ਵਿੱਚ ਸੰਨ 1766-1122 ਪ੍ਰਿਥਮ ਮਸੀਹ (B.C.) ਵਿੱਚ ਹੋਇਆ ਹੈ, ਉਸ ਸਮੇਂ ਦੇ ਹੱਡੀਆਂ ਅਤੇ ਕੱਛੂਕੁੰਮੇ ਦੀ ਖੋਪਰੀ ਉੱਤੇ ਉਕਰੀਆਂ ਹੋਈਆਂ ਚੀਨੀ ਲਿਖਤਾਂ ਹੁਣ ਲੱਭ ਪਈਆਂ ਹਨ। ਇਹ ਹੁਣ ਮੰਨ ਲਿਆ ਗਿਆ ਹੈ ਕਿ ਚੀਨ ਨੇ ਹੀ ਪਹਿਲੋਂ ਪਹਿਲ ਛਾਪੇਖਾਨੇ ਦੀ ਕਾਢ ਕੱਢੀ ਸੀ। ਇਹ ਸਿੱਧ ਹੋ ਚੁੱਕਾ ਹੈ ਕਿ ਸੱਤਵੀਂ ਸ਼ਤਾਬਦੀ ਮਸੀਹ ਵਿੱਚ ਚੀਨ ਵਿੱਚ ਛਾਪੇਖ਼ਾਨੇ ਨਾਲ ਕਿਤਾਬਾਂ ਦੀ ਛਪਾਈ ਹੁੰਦੀ ਸੀ।

ਚੀਨੀਆਂ ਬਾਬਤ ਆਮ ਖ਼ਿਆਲ ਹੈ ਕਿ ਉਹ ਸ਼ਾਂਤ ਸੁਭਾਅ ਲੋਕ ਹਨ, ਪਰ ਉਨ੍ਹਾਂ ਦੀ ਤਵਾਰੀਖ ਜੰਗਾਂ ਜਦਲਾਂ ਨਾਲ ਭਰੀ ਪਈ ਹੈ। ਯੁਧਰੱਥ ਬੜੇ ਪ੍ਰਾਚੀਨ ਸਮਿਆਂ ਵਿੱਚ ਚੀਨੀ ਲੋਕ ਵਰਤਦੇ ਸਨ। ਜਦੋਂ ਮੰਗੋਲਾਂ ਅਤੇ 'ਹੋਣ' ਜਾਤੀ ਦੇ ਵਿਦੇਸ਼ੀ ਹਮਲਾਵਾਰਾਂ ਨੇ ਚੀਨੀਆਂ ਨੂੰ ਅਤੇ ਚੀਨ ਦੇਸ਼ ਦੇ ਉੱਤਰੀ ਭਾਗਾਂ ਨੂੰ ਪ੍ਰਾਜੇ

ਕੀਤਾ ਤਾਂ ਚੀਨੀਆਂ ਨੇ ਘੋੜੇ ਉੱਤੇ ਚੜ੍ਹਨਾ ਸਿੱਖਿਆ ਤੇ ਹੁੰਦੇ-ਹੁੰਦੇ ਚੀਨੀ ਬੜੇ ਸਾਹਸਵਾਰ ਸਿਪਾਹੀ ਬਣ ਗਏ। ਦਸਵੀਂ ਸਦੀ ਮਸੀਹੀ ਤਕ ਭਾਰਤ ਦੇ ਰਾਜੇ ਤੇ ਕਸ਼ੱਤ੍ਰੀ ਵੀ ਆਪਣੀ ਯੁੱਧ-ਸੈਨਾ ਵਿੱਚ ਬਹੁਤ ਕਰਕੇ ਰੱਥ ਤੇ ਹਾਥੀ ਹੀ ਵਰਤਦੇ ਸਨ, ਪਰ ਮੁਸਲਮਾਨ ਤੁਰਕੀ ਹਮਲਾਵਰਾਂ ਤੋਂ ਹਾਰ ਖਾ-ਖਾ ਕੇ, ਹੌਲੀ-ਹੌਲੀ ਘੋੜ ਚੜ੍ਹੇ ਬਣਨ ਲੱਗੇ। ਕਿਤੇ ਅਠਾਰ੍ਹਵੀਂ ਸਦੀ ਵਿੱਚ ਜਾ ਕੇ ਮਰਹੱਟੇ ਅਤੇ ਸਿੱਖ ਸਾਹਸਵਾਰ ਘੁੜ ਚੜ੍ਹੇ ਸਿਪਾਹੀ ਕਾਮਯਾਬੀ ਨਾਲ ਬਣੇ ਤਾਂ ਵਿਦੇਸ਼ੀ ਮੁਸਲਮਾਨੀ ਘੁੜ-ਚੜ੍ਹਿਆਂ ਦੇ ਹਮਲੇ ਦੇਸ਼ ਉੱਤੇ ਰੁਕੇ। ਚੀਨ ਦੇਸ਼ ਦੀ ਦੋ ਹਜ਼ਾਰ ਮੀਲ ਲੰਬੀ ਕੰਧ, ਜੋ ਕਿ ਸੰਸਾਰ ਭਰ ਦਾ ਇਕ ਮਹਾਨ ਅਜੂਬਾ ਸਮਝੀ ਜਾਂਦੀ ਹੈ, ਉਹ ਚੀਨੀਆਂ ਨੇ ਇਨ੍ਹਾਂ ਵਿਦੇਸ਼ੀ ਹਮਲਾਵਰਾਂ ਨੂੰ ਰੋਕਣ ਲਈ ਹੀ ਬਣਾਈ ਸੀ। ਬਾਰੂਦ ਦੀ ਕਾਢ ਵੀ ਪਹਿਲੋਂ-ਪਹਿਲ ਚੀਨੀਆਂ ਨੇ ਕੱਢੀ, ਪਰ ਚੀਨੀਆਂ ਨੇ ਬਾਰੂਦ ਨੂੰ ਯੁੱਧ ਜੰਗਾਂ ਵਿੱਚ ਵਰਤਣ ਦੀ ਪਹਿਲ ਨਹੀਂ ਕੀਤੀ, ਸਗੋਂ ਇਸ ਨੂੰ ਬੱਚਿਆਂ ਲਈ ਪਟਾਕੇ ਆਦਿ ਬਣਾਉਣ ਲਈ ਵਰਤਦੇ ਰਹੇ। ਮੁਗਲਾਂ ਜਾਂ ਮੰਗੋਲਾਂ ਨੇ, ਚੰਗੇਜ਼ ਖ਼ਾਨ ਨੇ, ਪਹਿਲੋਂ-ਪਹਿਲ ਬਾਰੂਦ ਨੂੰ ਯੁੱਧਾਂ ਜੰਗਾਂ ਵਿੱਚ ਵਰਤਿਆ। ਸਾਡੇ ਦੇਸ਼ ਵਿੱਚ ਵੀ ਬਾਰੂਦ ਨਾਲ ਚੱਲਣ ਵਾਲੀਆਂ ਬੰਦੂਕਾਂ ਪਹਿਲੋਂ-ਪਹਿਲ ਬਾਬਰ ਨੇ ਪੰਦਰ੍ਹਵੀਂ ਸਦੀ ਵਿੱਚ ਲੋਧੀਆਂ ਨਾਲ ਲੜਾਈ ਲਈ ਵਰਤੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਸਾਡੇ ਦੇਸ਼ ਵਿੱਚ ਬਰੂਦ ਦੀ ਪਹਿਲੀ ਵਾਰ ਵਰਤੋਂ, ਮੁਗਲ ਕਰਦੇ ਆਪਣੇ ਅੱਖੀਂ ਦੇਖੇ ਸਨ। ਪਾਨੀਪਤ ਵਿੱਚ ਮੁਗ਼ਲਾਂ ਤੇ ਪਠਾਣਾਂ ਦੇ ਯੁੱਧ (ਸੰਨ 1526) ਬਾਰੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, "ਉਨ੍ਹਾਂ ਘੋੜੇ ਹਸਤ ਚੜ੍ਹਾਈ, ਉਨ੍ਹਾਂ ਤੁਪਕ ਚਲਾਈ।" ਰਵਾਇਤ ਹੈ ਕਿ ਜਦੋਂ ਕਸ਼ਮੀਰ ਦੇ ਪਠਾਣੀ ਹਾਕਮ, ਸਿਕੰਦਰ ਬੁਤ-ਸ਼ਿਕਨ ਨੇ ਮਾਰਤੰਡ ਦੇ ਮਹਾਨ ਪੱਥਰ ਦੇ ਮੰਦਰ ਨੂੰ ਢਾਅ ਢੇਰੀ ਕਰਨਾ ਚਾਹਿਆ ਤਾਂ ਉਹ ਮੰਦਰ ਇੰਨਾ ਪੱਕਾ ਸੀ ਕਿ ਹਥੌੜਿਆਂ ਆਦਿ ਨਾਲ ਉਹ ਨਾ ਢੱਠ ਸਕਿਆ। ਸਿਕੰਦਰ ਪਠਾਣ ਨੇ ਉਸ ਵੇਲੇ ਆਪਣੇ ਦੂਤ ਚੀਨ ਦੇਸ਼ ਵਿੱਚ ਭੇਜੇ ਕਿ ਉਹ ਉਥੋਂ ਬਹੁਤ ਸਾਰਾ ਵਧੀਆ ਬਾਰੂਦ ਲੈ ਆਉਣ, ਜਿਸ ਦੀ ਸਹਾਇਤਾ ਨਾਲ ਕਿ ਇਸ ਸਿਕੰਦਰ ਬੁੱਤ-ਸ਼ਿਕਨ ਨੇ ਮਾਰਤੰਡ ਦੇ ਮਹਾਨ ਮੰਦਰ ਨੂੰ ਢਹਿ-ਢੇਰੀ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਜਦੋਂ ਮਾਰਤੰਡ ਦੇ ਪ੍ਰਵੇਸ਼ ਦੁਆਰ ਦੀ ਮਹਿਰਾਬ ਡਿੱਗੀ, ਤਦ ਉਸ ਵਿੱਚੋਂ ਇਕ ਤਾਂਬਰ-ਪੱਤਰ ਮਿਲਿਆ, ਜਿਸ ਉੱਤੇ ਇਸ ਮੰਦਰ ਦੇ ਨਿਰਮਾਣ ਕਰਨ ਵੇਲੇ ਦੀ ਜਿਯੋਤਿਸ਼ ਕੁੰਡਲੀ ਬਣਾ ਕੇ, ਇਸ ਦੇ ਢੱਠਣ ਦਾ ਸਮਾਂ-ਕਾਲ ਉਕਰਿਆ ਹੋਇਆ ਸੀ, ਇਹ ਤੁਕ ਦੇ ਕੇ : "ਬਿੱਸਮਿਲਾਹਿ ਮੰਤ੍ਰਾਣੋ ਨਾਸ਼ੰਤਿ ਏਸ਼ੋ ਮੰਦਮ।" (ਬਿਸਮਿੱਲਾ ਮੰਤ੍ਰ ਪੜ੍ਹ ਕੇ ਇਹ ਮੰਦਰ ਢਾਇਆ ਜਾਏਗਾ)।

ਪ੍ਰੰਤੂ ਚੀਨੀ ਸੱਭਿਅਤਾ ਦੀਆਂ ਮਹਾਨ ਉੱਚੀਆਂ ਤੇ ਗੌਰਵਮਈ ਟੀਸੀਆਂ

ਚੀਨੀਆਂ ਦੀ ਚਿੱਤਰ-ਕਲਾ ਅਤੇ ਕਵਿਤਾ ਦੇ ਰੂਪ ਵਿੱਚ ਹਨ। ਚੀਨ ਵਿੱਚ ਅੱਜ ਕੱਲ੍ਹ ਵੀ ਮਹਾਨ ਕਵੀ ਕਈ ਹਨ, ਪਰ ਉਸ ਦੇ ਅੱਠਵੀਂ ਤੇ ਨੌਂਵੀਂ ਸਦੀ ਮਸੀਹੀ ਦੇ ਰੋਮਾਂਚਿਕ ਕਵੀ ਅੱਜ ਤੱਕ ਜਗਤ ਪ੍ਰਸਿੱਧ ਹਨ, ਲੀ.ਤਾਈ.ਪ੍ਰੋ. ਜਿਨ੍ਹਾਂ ਵਿੱਚੋਂ ਕਿ ਸਭ ਨਾਲੋਂ ਮਹਾਨ ਗਿਣਿਆ ਜਾਂਦਾ ਹੈ।

ਚੀਨੀ ਲੋਕ ਜ਼ਮੁਰਦ ਦੇ ਪੱਥਰ ਨੂੰ ਬੜਾ ਪ੍ਰਿਯ ਗਿਣਦੇ ਹਨ ਅਤੇ ਪ੍ਰੀਚੀਨ ਸਮਿਆਂ ਤੋਂ ਇਸ ਪੱਥਰ ਨੂੰ ਚੀਨੀ ਧਾਰਮਿਕ ਕੰਮਾਂ ਅਤੇ ਉੱਨਰ ਕਲਾ ਵਿੱਚ ਵਰਤਦੇ ਚਲੇ ਆਏ ਹਨ।

ਚੀਨੀ ਸੱਭਿਅਤਾ ਦੇ ਚਿੰਤਕਾਂ ਦਾ ਕੇਂਦਰੀ ਸਿਧਾਂਤ, ਇਹ ਹੈ ਕਿ ਹਰੇਕ ਮਨੁੱਖ, ਬਾਕੀ ਮਨੁੱਖਾਂ ਅਤੇ ਆਪਣੇ ਚੌਗਿਰਦੇ ਨਾਲ ਸਹਿਯੋਗ ਦੇ ਭਾਵ ਨਾਲ ਵਿਚਰੇ। ਉਸ ਨਾਲ ਟਾਕਰਾ ਨਾ ਕਰੇ। ਕੁਝ ਅਜਿਹੀ ਸਹਿਜ ਅਵਸਥਾ ਹੀ ਚੀਨੀ ਆਤਮਾ ਦਾ ਆਦਰਸ਼ ਹੈ, ਇਹੋ ਚੀਨ ਦੇ ਪ੍ਰਾਚੀਨ ਰਿਸ਼ੀਆਂ ਦਾ ਉਪਦੇਸ਼ ਹੈ ਤੇ ਇਹੋ ਉਪਦੇਸ਼ ਚੀਨ ਦੇ ਮਹਾਂ ਪ੍ਰਸਿੱਧ ਰਿਸ਼ੀ ਕੌਂ.ਫੂ.ਜ਼ੂ. ਦਾ ਹੈ ਅਤੇ ਇਹੋ ਉਪਦੇਸ਼ ਚੀਨੀ ਸੱਭਿਅਤਾ ਦਾ ਬੀਤ ਚੁੱਕੀਆਂ ਸਹਸ੍ਰਬਦੀਆਂ ਵਿੱਚ ਮੂਲਾਧਾਰ ਚਲਾ ਆਇਆ ਹੈ। ਚੀਨ ਦੇ ਪ੍ਰਾਚੀਨ ਰਿਸ਼ੀਆਂ ਦੇ ਹੋਰ ਉਪਦੇਸ਼ ਜਿਨ੍ਹਾਂ ਉੱਤੇ ਕਿ ਪ੍ਰਾਣੀ ਮਾਤ੍ਰ ਨੂੰ ਚੱਲਣਾ ਚਾਹੀਏ, ਉਨ੍ਹਾਂ ਵਿੱਚੋਂ ਕੁਝ ਇਹ ਹਨ : "ਜੋ ਕੁਛ ਤੁਸੀਂ ਨਹੀਂ ਚਾਹੁੰਦੇ ਕਿ ਲੋਕ ਤੁਹਾਡੇ ਨਾਲ ਕਰਨ, ਉਹ ਤੁਸੀਂ ਲੋਕਾਂ ਨਾਲ ਵੀ ਕਦਾਚਿਤ ਨਾ ਕਰੋ। ਜੋ ਕੁਛ ਕਰੋ, ਉਹ ਹੱਦਾਂ ਦੇ ਅੰਦਰ ਰਹਿ ਕੇ ਕਰੋ। ਆਪਣੇ ਅਚਾਰ ਸ਼ੁਭ ਰੱਖੋ। ਵਿੱਦਿਆ ਪੜ੍ਹਨ ਤੇ ਵੀਚਾਰਨ ਦਾ ਯਤਨ ਕਰੋ। ਆਪਣੇ ਮਾਤਾ-ਪਿਤਾ ਅਤੇ ਪਿੱਤ੍ਰਾਂ ਦਾ ਸਤਿਕਾਰ ਕਰੋ।" ਰਾਜ ਸ਼ਾਸਨ ਬਾਬਤ ਚੀਨੀਆਂ ਦਾ ਸਿਧਾਂਤ ਇਹ ਹੈ ਕਿ ਰਾਜੇ ਦੇ ਕਰਮਚਾਰੀਆਂ ਨੂੰ ਆਪਣਾ ਰਹਿਣ-ਬਹਿਣ ਅਜਿਹਾ ਰੱਖਣਾ ਚਾਹੀਦਾ ਹੈ, ਜਿਸ ਤੋਂ ਕਿ ਲੋਕ ਸ਼ੁਭ ਅਸਰ ਲੈਣ। ਉਂਜ ਕਾਨੂੰਨਾਂ ਨਾਲ ਲੋਕਾਂ ਨੂੰ ਚੰਗੇ ਤੇ ਭਲੇ ਬਣਾਉਣ ਦਾ ਕੰਮ ਰਾਜੇ ਅਤੇ ਰਾਜ ਕਰਮਚਾਰੀਆਂ ਦਾ ਨਹੀਂ ਸਮਝਿਆ ਜਾਂਦਾ।

ਕੋਈ ਹਜ਼ਾਰ ਵਰ੍ਹਾ ਹੋਇਆ ਕਿ ਚੀਨ ਵਿੱਚ ਖੁਲ੍ਹਾ ਮੁਕਾਬਲਾ ਕਰਕੇ ਸਰਕਾਰੀ ਨੌਕਰੀਆਂ ਵਿੱਚ ਭਰਤੀ ਕਰਨ ਦਾ ਰਿਵਾਜ ਚੱਲਿਆ, ਜੋ ਕਿ ਅੱਜ ਕੱਲ੍ਹ ਸਾਰੇ ਸੱਭਿਆ ਦੇਸ਼ਾਂ ਵਿੱਚ ਪ੍ਰਚੱਲਿਤ ਹੈ।

ਚੀਨ ਦੀ ਤਵਾਰੀਖ਼ ਵਿੱਚ ਇਕ ਬੱਝਵੀਂ ਕਰਮ-ਗਤੀ ਘੜੀ ਮੁੜੀ ਪ੍ਰਗਟ ਹੁੰਦੀ ਦਿੱਸ ਆਉਂਦੀ ਹੈ। ਪਹਿਲਾਂ ਹੌਲੀ-ਹੌਲੀ ਚੀਨੀ ਲੋਕਾਂ ਦੀ ਸੱਭਿਅਤਾ ਪ੍ਰਫੁੱਲਿਤ ਹੁੰਦੀ ਹੈ। ਫੇਰ ਕਿਸੇ ਸ਼ਕਤੀਸ਼ਾਲੀ ਰਾਜ ਘਰਾਣੇ ਦੇ ਅਸਰ ਹੇਠਾਂ ਉਸ ਦਾ ਐਸ਼ਵਰਜ ਸਿਖ਼ਰ 'ਤੇ ਪੁੱਜਦਾ ਹੈ। ਫਿਰ ਉਸ ਦਾ ਬੁਢੇਪਾ ਤੇ ਗਿਰਾਵਟ ਸ਼ੁਰੂ ਹੁੰਦੀ ਹੈ ਅਤੇ ਅੰਤ ਕੋਈ ਵਿਦੇਸ਼ੀ ਹਮਲਾਵਰ ਉਸ ਦਾ ਅੰਤ ਕਰ ਦਿੰਦਾ ਹੈ। ਇਉਂ ਕਈ ਵਾਰੀ ਅਤੇ ਘੜੀ ਮੁੜੀ ਚੀਨ ਦੀ ਲੰਮੀ ਤਵਾਰੀਖ਼ ਵਿੱਚ ਹੋਇਆ ਹੈ।

ਚੀਨੀ ਤਵਾਰੀਖ਼ ਦੇ ਕਾਲਾਂ ਨੂੰ ਰਾਜ ਘਰਾਣਿਆਂ ਦੇ ਨਾਮਾਂ ਨਾਲ ਸਬੰਧਿਤ ਕਰਕੇ, ਉਨ੍ਹਾਂ ਕਾਲਾਂ ਦਾ ਨਾਮ ਰੱਖਦੇ ਹਨ, ਜਿਵੇਂ ਕਿ ਅਸੀਂ ਆਪਣੇ ਦੇਸ਼ ਦੀ ਤਵਾਰੀਖ ਵਿੱਚ ਕਹਿੰਦੇ ਹਾਂ, ਗੁਪਤ ਕਾਲ, ਮੌਰਯ ਕਾਲ, ਪਠਾਣੀ ਕਾਲ, ਸਿੱਖ ਰਾਜ ਅਤੇ ਮੁਗ਼ਲ ਕਾਲ ਆਦਿ। ਸਭ ਤੋਂ ਪਹਿਲਾ ਕਾਲ ਜੋ ਚੀਨੀ ਤਵਾਰੀਖ ਦਾ ਗਿਣਦੇ ਹਨ, ਉਹ ਤ੍ਰੀ-ਰਾਜ ਕਾਲ ਕਰਕੇ ਪ੍ਰਸਿੱਧ ਹੈ ਅਤੇ ਉਸ ਦਾ ਸਮਾਂ ਸੰਨ 2850-2205 'ਪ੍ਰਿਥਿਮ ਮਸੀਹ' (B.C.) ਮਿਥਿਆ ਹੋਇਆ ਹੈ। ਉਸ ਤੋਂ ਪਿੱਛੋਂ 'ਹਸੀਆ' (Hsia) ਰਾਜ ਘਰਾਣੇ ਦਾ ਕਾਲ ਗਿਣਦੇ ਹਨ, ਜਿਸ ਦਾ ਸਮਾਂ ਕਿ ਸੰਨ 2205-1766 ਪ੍ਰਿਥਿਮ ਮਸੀਹ ਗਿਣਦੇ ਹਨ। ਇਸ ਤੋਂ ਪਿੱਛੋਂ 'ਸ਼ਾਂਗ' ਰਾਜ ਘਰਾਣੇ ਦਾ ਸਮਾਂ ਆਉਂਦਾ ਹੈ। ਫੇਰ ਸੰਨ 1122-255 ਪ੍ਰਿਥਿਮ ਮਸੀਹ ਦਾ ਸਮਾਂ "ਚਊ" ਰਾਜ ਘਰਾਣੇ ਦਾ ਹੈ। ਇਸ ਕਾਲ ਦੇ ਅੰਤ ਉੱਤੇ ਹੀ ਚੀਨ ਦੇ ਪ੍ਰਸਿੱਧ ਰਿਸ਼ੀ ਕੌਂ.ਫ਼ੂ.ਜ਼ੂ. ਆਦਿ ਹੋਏ ਹਨ। ਇਸ ਕਾਲ ਦਾ ਅੰਤ ਅੰਦਰੂਨੀ ਗੜਬੜ ਅਤੇ ਬੈਰੂਨੀ ਹਮਲਿਆਂ ਨਾਲ ਹੋਇਆ ਤੇ ਓਦੋਂ ਹੀ ਚੀਨ ਦੀ ਮਹਾਨ ਕੰਧ (Great Wall) ਦੀ ਉਸਾਰੀ ਕੀਤੀ ਗਈ। ਕੁਝ ਸਮੇਂ ਪਿੱਛੋਂ 'ਹੋਆਂਗ. ਤੀ. ਰਾਜ ਘਰਾਣੇ ਨੇ ਫੇਰ ਦੇਸ਼ ਵਿੱਚ ਪੱਕਾ ਰਾਜ ਸਥਾਪਤ ਕਰ ਲਿਆ, ਪਰ ਇਸ ਹੋਆਂਗ.ਤੀ.ਕਾਲ ਵਿੱਚ ਸੱਭਿਅਤਾ ਤੇ ਸੰਸਕ੍ਰਿਤੀ ਨੂੰ ਬਹੁਤ ਧੱਕਾ ਲੱਗਾ ਤੇ ਇਸ ਕਾਲ ਨੂੰ "ਪੁਸਤਕ-ਅਗਨੀ ਭੇਟ" ਕਾਲ ਵੀ ਕਹਿੰਦੇ ਹਨ, ਕਿਉਂਕਿ ਉਸ ਕਾਲ ਵਿੱਚ ਬਹੁਤ ਸਾਰੇ ਗ੍ਰੰਥ, ਜਿਨ੍ਹਾਂ ਵਿੱਚ ਕਿ ਚੀਨੀ ਰਿਸ਼ੀਆਂ ਦੇ ਧਰਮ ਗ੍ਰੰਥ ਵੀ ਸ਼ਾਮਿਲ ਹਨ, ਅਗਨੀ ਭੇਟ ਕਰ ਦਿੱਤੇ ਗਏ। ਕੁਝ ਸਮਾਂ ਪਾ ਕੇ ਦੇਸ਼ ਵਿੱਚ ਅਮਨ ਤੇ ਸ਼ਾਂਤੀ ਹੋ ਗਈ ਤੇ "ਹੱਨ" ਰਾਜ ਘਰਾਣੇ ਦੀ ਛੱਤ੍ਰ ਛਾਇਆ ਹੇਠ ਚੀਨੀ ਸੱਭਿਅਤਾ ਨੇ ਫੇਰ ਉੱਨਤੀ ਕੀਤੀ। ਇਹੋ ਸਮਾਂ ਹੈ ਜਦੋਂ ਕਿ ਸਾਰੇ ਏਸ਼ੀਆ ਵਿੱਚ ਚੀਨੀ ਸਿਲਕ ਦਾ ਪ੍ਰਚਾਰ ਹੋਇਆ ਅਤੇ ਚੀਨੀ ਸਿਲਕ ਨੂੰ ਦੂਰ-ਦੁਰਾਡੇ ਦੇਸ਼ਾਂ ਵਿੱਚ ਭੇਜਣ ਲਈ, ਉਹ ਮਹਾਨ ਜਰਨੈਲੀ ਸੜਕ, ਜਿਸ ਨੂੰ ਕਿ ਸਿਲਕ ਰਾਜ-ਪੰਥ ਕਹਿੰਦੇ ਹਨ, ਸਥਾਪਤ ਹੋਇਆ। ਇਸੇ ਸਮੇਂ ਭਾਰਤ ਵਰਸ਼ ਵਿੱਚੋਂ ਬੁੱਧ ਧਰਮ ਨੇ ਚੀਨ ਵਿੱਚ ਪ੍ਰਵੇਸ਼ ਕੀਤਾ। ਇਹ ਸਮਾਂ ਸੰਨ 206 ਪ੍ਰਿਥਿਮ ਮਸੀਹ ਤੋਂ ਲੈ ਕੇ ਸੰਨ 220 ਈਸਵੀ ਤੱਕ ਦਾ ਹੈ। ਇਸ ਤੋਂ ਪਿੱਛੋਂ ਚੀਨ ਉੱਤੇ ਫੇਰ ਵਿਦੇਸ਼ੀ ਹਮਲਾਵਰਾਂ ਦੇ ਹੱਲੇ ਆਰੰਭ ਹੋ ਗਏ। ਸੰਨ 589 ਈਸਵੀ ਵਿੱਚ "ਸੂਈ" ਰਾਜ ਘਰਾਣੇ ਨੇ ਫੇਰ ਦੇਸ਼ ਵਿੱਚ ਅਮਨ ਸਥਾਪਿਤ ਕਰ ਦਿੱਤਾ ਅਤੇ ਸੰਨ 618 ਈਸਵੀ ਤੋਂ ਚੀਨੀ ਸੱਭਿਅਤਾ ਦਾ ਸਭ ਨਾਲੋਂ ਮਹਾਨ ਅਤੇ ਗੌਰਵਮਈ ਕਾਲ ਆਰੰਭ ਹੁੰਦਾ ਹੈ। ਇਸ ਨੂੰ "ਤਾਂਗ" ਰਾਜ ਘਰਾਣੇ ਦਾ ਕਾਲ ਕਹਿੰਦੇ ਹਨ।

"ਤਾਂਗ" ਰਾਜ ਘਰਾਣੇ ਦੇ ਕਾਲ ਵਿੱਚ ਚੀਨ ਫਿਰ ਇਕ ਬੜਾ ਮਹਾਨ ਸਾਮਰਾਜ ਬਣ ਗਿਆ। ਜਿਵੇਂ ਈਸਵੀ ਸੰਮਤ ਦੇ ਆਰੰਭ ਤੋਂ ਪਹਿਲਾਂ ਰੋਮ ਸੀ, ਜਾਂ

ਜਿਵੇਂ ਉਨ੍ਹੀਵੀਂ ਮਸੀਹੀ ਸ਼ਤਾਬਦੀ ਦੇ ਪਿਛਲੇਰੇ ਅੱਧ ਵਿੱਚ ਲੰਡਨ ਸੀ, ਇਉਂ "ਤਾਂਗ" ਰਾਜ ਘਰਾਣੇ ਦੇ ਕਾਲ ਵਿੱਚ ਚੀਨ ਦੇਸ਼ ਦੀ ਰਾਜਧਾਨੀ ਸੱਭਿਆ ਸੰਸਾਰ ਦਾ ਕੇਂਦਰ ਬਣ ਗਈ। ਚੀਨ ਦੀ ਕਵਿਤਾ ਅਤੇ ਚਿੱਤਰ-ਕਲਾ, ਇਸ ਕਾਲ ਵਿੱਚ ਆਪਣੇ ਗੌਰਵ ਦੇ ਸਿਖ਼ਰ ਉੱਤੇ ਪੁੱਜ ਗਈਆਂ ਅਤੇ ਸੰਸਾਰ ਪ੍ਰਸਿੱਧ ਲਿਸ਼ਕਣੀਆਂ ਚੀਨੀ ਗਾਗ੍ਰਿਕਾਂ (Porcelain) ਦਾ ਉੱਨਰ ਇਸ ਸਮੇਂ ਵਿੱਚ ਆਪਣੇ ਕਮਾਲ 'ਤੇ ਪਹੁੰਚ ਗਿਆ। ਇਸ ਕਾਲ ਦਾ ਅੰਤ ਵੀ ਉੱਤਰ ਵੱਲੋਂ ਤਾਤਾਰ ਵਿਦੇਸ਼ੀਆਂ ਦੇ ਹਮਲੇ ਨੇ ਕਰ ਦਿੱਤਾ, ਪਰ ਦੱਖਣ ਵਿੱਚ "ਸੂੰਗ" ਰਾਜ ਘਰਾਣਾ ਕੋਈ ਸਾਢੇ ਚਾਰ ਸੌ ਵਰ੍ਹੇ ਤੱਕ ਰਾਜ ਕਰਦਾ ਰਿਹਾ। "ਸੂੰਗ" ਰਾਜ ਘਰਾਣੇ ਦੀ ਛੱਤਰ ਛਾਇਆ ਹੇਠਾਂ ਚੀਨੀ-ਚਿੱਤਰ ਕਲਾ ਅਤੇ ਚੀਨੀ ਗਾਗ੍ਰਿਕ-ਉਨਰ ਨੇ ਬੜੀ ਉੱਨਤੀ ਕੀਤੀ।

ਸੰਨ 1206 ਈਸਵੀ ਵਿੱਚ ਮਹਾਂ ਕਰੂਰ ਚੰਗੇਜ਼ ਖਾਂ ਮੰਗੋਲ ਨੇ ਚੀਨ ਉੱਤੇ ਚੜ੍ਹਾਈ ਕਰਕੇ ਸਾਰੇ ਦੇਸ਼ ਨੂੰ ਪੈਰਾਂ ਹੇਠ ਮਧੋਲ ਸਿੱਟਿਆ। ਸਣੇ-ਸਣੇ ਮੰਗੋਲ ਚੀਨ ਵਿੱਚ ਰਾਜ ਕਰਦੇ-ਕਰਦੇ ਚੀਨੀ ਹੀ ਬਣਦੇ ਗਏ ਤੇ ਇਉਂ ਕੁਬਲਾਈ ਖ਼ਾਂ ਮੰਗੋਲ ਸ਼ਾਹਿਨਸ਼ਾਹ ਦੀ ਛਤਰ ਛਾਇਆ ਹੇਠ, ਚੀਨ ਫੇਰ ਇਕ ਭਾਰੀ ਸਾਮਰਾਜ ਬਣ ਗਿਆ ਅਤੇ ਇਸ ਸਾਮਰਾਜ ਦੀ ਰਾਜਧਾਨੀ ਪੀਕਿੰਗ ਜਗਤ-ਪ੍ਰਸਿੱਧ ਹੋ ਗਈ। ਇਸ ਕੁਬਲਾਈ ਖ਼ਾਂ ਦੇ ਦਰਬਾਰ ਵਿੱਚ ਹੀ ਮਸ਼ਹੂਰ ਸੈਲਾਨੀ ਮਾਰਕੋ ਪੋਲੋ, ਵੀਨਸ ਤੋਂ ਆਇਆ ਸੀ, ਜਿਸਦਾ ਕਿ ਸਫ਼ਰਨਾਮਾ ਜਗਤ ਪ੍ਰਸਿੱਧ ਹੈ।

ਸੰਨ 1368 ਈਸਵੀ ਵਿੱਚ ਇਕ ਹੋਰ ਚੀਨੀ ਰਾਜ ਘਰਾਣੇ, 'ਮੀਂਗ' ਦਾ ਰਾਜ ਚੀਨ ਦੇਸ਼ ਵਿੱਚ ਸਥਾਪਤ ਹੋ ਗਿਆ। ਜਿਵੇਂ ਪੰਜਵੀਂ ਸਦੀ ਮਸੀਹੀ ਤੋਂ ਪਿੱਛੋਂ ਸਾਡੇ ਦੇਸ਼ ਵਿੱਚ ਹੋਇਆ ਸੀ, ਇਉਂ ਹੀ ਇਸ 'ਮੀਂਗ' ਰਾਜ ਘਰਾਣੇ ਨੇ ਚੀਨ ਦੇਸ਼ ਨੂੰ ਬਾਕੀ ਸੰਸਾਰ ਨਾਲੋਂ ਵੱਖਰਾ ਰੱਖਣ ਦੀ ਪਾਲਿਸੀ ਅਖ਼ਤਿਆਰ ਕਰ ਲਈ; ਤੇ ਇਸ ਤੋਂ ਪਿੱਛੋਂ ਵੀਹਵੀਂ ਸਦੀ ਦੇ ਆਰੰਭ ਤੱਕ ਚੀਨ ਦੇਸ਼ ਬਾਕੀ ਸੰਸਾਰ ਨਾਲੋਂ ਅਲੱਗ-ਥਲੱਗ ਆਪਣਾ ਜੀਵਨ ਬਤੀਤ ਕਰਦਾ ਰਿਹਾ। ਇਸ ਕਾਲ ਵਿੱਚ ਚੀਨ ਦੀ ਸੰਸਕ੍ਰਿਤੀ ਨੇ ਬੜਾ ਭਾਰੀ ਵਿਕਾਸ ਕੀਤਾ। ਇਸੇ ਕਾਲ ਵਿੱਚ ਹੀ ਸ਼ਹਿਨਸ਼ਾਹ "ਯੂੰਗ ਹੋ" ਨੇ ਪੀਕਿੰਗ ਰਾਜ ਨਗਰ ਨੂੰ ਬਹੁਤ ਸੋਹਣਾ ਬਣਾਇਆ ਅਤੇ ਚੀਨੀ ਵਿਸ਼ਵ-ਕੋਸ਼ (Encyclopaedia) ਲਿਖਵਾਇਆ, ਜਿਸ ਦੇ ਕਿ ਕੋਈ ਦਸ ਲੱਖ ਪਤਰੇ ਹਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸਤਾਰ੍ਹਵੀਂ ਸਦੀ ਦੇ ਅੰਤ ਵਿੱਚ 'ਵਿਦਿਆਧਰ ਗ੍ਰੰਥ' ਨਾਮੀ ਵਿਸ਼ਵ ਕੋਸ਼ ਜਿਹੜਾ ਤਿਆਰ ਕਰਵਾਇਆ ਸੀ ਅਤੇ ਜਿਸ ਦੇ "ਸੂਖ਼ਮ ਲਿਖਤ" ਪਤ੍ਰਿਆ ਦਾ ਭਾਰ ਨੌਂ ਮਣ ਸੀ ਅਤੇ ਜੋ ਸੰਨ 1705 ਈਸਵੀ ਵਿੱਚ ਅਨੰਦਪੁਰ ਸਾਹਿਬ ਛੱਡਣ ਵੇਲੇ 'ਗੁਰੂਮਾਰੀ ਸਰਸਾ', ਸਰਸਾ ਨਦੀ ਵਿੱਚ ਰੁੜ੍ਹ ਗਿਆ ਸੀ। ਉਸ ਦਾ ਸਨਾਤਨ-ਰੂਪ (Prototype) ਇਹ ਚੀਨੀ ਵਿਸ਼ਵ-ਕੋਸ਼ ਹੀ ਹੈ।

ਸੰਨ 1644 ਈਸਵੀ ਵਿੱਚ ਮਾਂਚੂ ਜਾਤੀ ਦੇ ਵਿਦੇਸ਼ੀਆਂ ਨੇ ਚੀਨ ਨੂੰ ਪ੍ਰਾਜੈ ਕਰ ਲਿਆ ਅਤੇ ਮੀਂਗ ਰਾਜ ਘਰਾਣੇ ਦਾ ਅੰਤ ਕਰ ਦਿੱਤਾ। ਚੀਨ ਦੀ ਤਵਾਰੀਖ ਦੇ ਦੋ ਮਹਾਨ ਸ਼ਹਿਨਸ਼ਾਹ, "ਕਾਂਗ ਹੀਸ" ਅਤੇ "ਚੀਏਨ ਹੂੰਗ" ਮਾਂਚੂ ਰਾਜ ਘਰਾਣੇ ਦੇ ਹੀ ਸਨ ਅਤੇ ਇਹ ਦੋਵੇਂ ਪੂਰੇ ਸੱਠ-ਸੱਠ ਸਾਲ ਰਾਜ ਸਿੰਘਾਸਨ ਉੱਤੇ ਬੈਠੇ ਰਹੇ। "ਮਾਂਚੂ" ਕਾਲ ਵਿੱਚ ਚੀਨ ਫਿਰ ਇਕ ਵਿਸ਼ਾਲ ਸਾਮਰਾਜ ਦੇ ਰੂਪ ਵਿੱਚ ਇਸਥਿਤ ਹੋ ਗਿਆ ਅਤੇ ਮੱਧ-ਏਸ਼ੀਆ ਅਤੇ ਤਿੱਬਤ ਆਦਿ ਦੇਸ਼ ਓਦੋਂ ਹੀ ਚੀਨੀ ਸਾਮਰਾਜ ਦਾ ਭਾਗ ਬਣੇ। ਉਨ੍ਹੀਵੀਂ ਸ਼ਤਾਬਦੀ ਮਸੀਹੀ ਵਿੱਚ ਚੀਨ ਦੀ ਰਾਜ ਸੱਤਾ ਅਤੇ ਸਭਿਅਕ ਆਤਮਾ ਮੁੜ ਬੁੱਢੀ ਹੋ ਗਈ ਅਤੇ ਪੱਛਮੀ ਯੂਰਪੀਨ ਦੇਸ਼ਾਂ ਨੇ ਚੀਨ ਉੱਤੇ ਬਾਹਰੋਂ ਦਬਾਓ ਪਾਉਣਾ ਆਰੰਭ ਦਿੱਤਾ। ਇਉਂ ਦੇਸ਼ ਵਿੱਚ ਸੜ੍ਹਿਹਾਂਦ ਫੁੱਟ ਨਿਕਲੀ ਅਤੇ ਰਾਜ ਰੌਲਾ ਪੈ ਗਿਆ। ਸੰਨ 1911 ਈਸਵੀ ਵਿੱਚ ਚੀਨ ਦੇ ਕੌਮੀ ਨੇਤਾ, "ਸੂਨ ਯਤ ਸੇਨ" ਦੀ ਜੱਥੇਦਾਰੀ ਹੇਠ ਚੀਨੀ ਲੋਕਾਂ ਨੇ "ਮਾਂਚੂ" ਰਾਜ ਘਰਾਣੇ ਦਾ ਅੰਤ ਕਰ ਦਿੱਤਾ ਅਤੇ ਲੋਕ ਰਾਜ ਸਥਾਪਤ ਕਰ ਲਿਆ। ਹੁਣੇ-ਹੁਣੇ ਜੋ ਸਮਾਜਵਾਦੀ ਲੋਕ ਰਾਜ ਮਾਉ-ਜ਼ੇ-ਤੂੰਗ ਦੀ ਜੱਥੇਦਾਰੀ ਹੇਠਾਂ ਚੀਨ ਦੇਸ਼ ਵਿੱਚ ਸਥਾਪਤ ਹੋਇਆ ਸੀ, ਇਹ ਸੰਨ 1911 ਈਸਵੀ ਵਿੱਚ ਹੋਏ ਚੀਨੀ ਪਰਿਵਰਤਨ ਦੀ ਇਕ ਕੜੀ ਹੀ ਹੈ ਅਤੇ ਜੇ ਇਹ ਵਿਸ਼ਵਾਸ ਕਰ ਲਿਆ ਜਾਵੇ ਕਿ ਚੀਨੀ ਇਤਿਹਾਸ ਦੀ ਰੂਪ-ਰੇਖਾ ਅਤੇ ਕਰਮ ਗਤੀ ਆਪਣੇ ਪਿਛਲੇ ਸਵਭਾਵਧਰਮ ਅਨੁਸਾਰ ਹੀ ਚੱਲੇਗੀ ਤਾਂ ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਭਵਿਸ਼ ਵਿੱਚ ਚੀਨ ਮੁੜ ਇਕ ਮਹਾਨ, ਸੱਭਿਅ, ਅਤੇ ਜਗਤ ਨੈਤਿਕ ਦੇਸ਼ਾਂ ਵਿੱਚੋਂ ਇਕ ਬਣ ਜਾਵੇਗਾ।

ਚੀਨੀ ਜਾਤੀ ਗਿਣਤੀ ਦੇ ਆਧਾਰ 'ਤੇ ਵੀ ਸੰਸਾਰ ਭਰ ਵਿੱਚ ਵੱਡੀ ਜਾਤੀ ਹੈ। ਜਾਤੀ ਤੋਂ ਇਥੇ ਭਾਵ ਅਜਿਹੇ ਲੋਕ ਹਨ, ਜੋ ਕਿਸੇ ਇਕੋ ਕੇਂਦਰੀ ਰਾਜ ਹੇਠਾਂ ਹੋਣ ਅਤੇ ਜਿਨ੍ਹਾਂ ਦੀ ਬੋਲੀ, ਸੱਭਿਅਤਾ, ਸੰਸਕ੍ਰਿਤੀ, ਖ਼ੂਨ ਅਤੇ ਰਹਿਣ-ਬਹਿਣ ਸਾਂਝਾ ਹੋਵੇ। ਤੁਲਸੀ ਨੇ ਕਿਹਾ ਹੈ ਕਿ ਛੇ ਗੁਣ ਇਕੋ ਜਿਹੇ ਦੋਹਾਂ ਮੁੰਡੇ ਕੁੜੀ ਵਿੱਚ ਹੋਣ ਤਾਂ ਉਨ੍ਹਾਂ ਦਾ ਵਿਆਹ ਕਰਨਾ ਯੋਗ ਹੈ : "ਆਸ਼ਾ ਇਸ਼ਟ, ਉਪਾਸ਼ਨਾ, ਖਾਣ, ਪਾਨ, ਪਹਿਰਾਨ। ਤੁਲਸੀ ਜਾ ਕੇ ਖੱਟ ਮਿਲੇਂ।" ਲਗਭਗ ਇਹੋ ਪਛਾਣ ਜਾਤੀ ਦੀ ਵੀ ਸਮਝਣੀ ਚਾਹੀਏ। ਚੀਨੀ ਜਾਤੀ ਦੀ ਸੰਖਿਆ ਲਗਭਗ ਪੰਜਾਹ ਕਰੋੜ ਹੈ। ਹਿੰਦੁਸਤਾਨ ਦੀ ਜਨ-ਸੰਖਿਆ ਲਗਭਗ 35 ਕਰੋੜ, ਰੂਸ ਦੀ 15 ਕਰੋੜ ਅਤੇ ਆਮ੍ਰਿਕ ਦੇਸ਼, (U.S.A.) ਦੀ 14 ਕਰੋੜ ਹੈ। ਚੀਨੀ ਜਾਤੀ ਮੰਗੋਲ ਨਸਲ ਦੀ ਹੈ, ਜਿਸ ਦਾ ਭਾਵ ਇਹ ਹੈ ਕਿ ਇਨ੍ਹਾਂ ਦੇ ਸਿੱਧੇ ਕਾਲੇ ਵਾਲ, ਪੀਤ ਤਵਚਾ, ਗੋਲ ਸਿਰ, ਫ਼ੀਨੇ ਨੱਕ ਅਤੇ ਤੰਗ ਟੇਢੀਆਂ ਅੱਖਾਂ ਹੁੰਦੀਆਂ ਹਨ, ਆਧੁਨਿਕ ਸਮਿਆਂ ਵਿੱਚ ਚੀਨੀ ਜਾਤੀ ਦੇ ਲੋਕ ਚੀਨ ਦੇਸ਼ ਤੋਂ ਬਾਹਰ ਵੀ ਪਸਰ

ਗਏ ਹਨ ਅਤੇ ਅੱਜ ਕੱਲ੍ਹ ਲਗਭਗ ਦੋ ਕਰੋੜ ਚੀਨੀ ਵਿਦੇਸ਼ਾਂ ਵਿੱਚ ਵਸਦੇ ਹਨ। ਖ਼ਾਸ ਕਰਕੇ ਮਲਾਯਾ, ਬਰਮਾ ਅਤੇ ਸਿਆਮ ਵਿੱਚ। ਚੀਨ ਦੇਸ਼ ਦੇ ਅੰਦਰ ਸ਼ੁੱਧ ਮੰਗੋਲ ਨਸਲ ਤੋਂ ਇਲਾਵਾ ਕੁਝ ਹੋਰ ਨਸਲਾਂ ਦੇ ਲੋਕ ਵੀ ਹਨ। ਚੀਨ ਦੇ ਉੱਤਰ-ਪੱਛਮੀ ਪੱਲੂ ਵਿੱਚ ਕੁਝ ਮੰਗੋਲ-ਤੁਰਕੀ ਮਿਲੀਜੁਲੀ ਨਸਲ ਦੇ ਲੋਕ ਵਸਦੇ ਹਨ ਅਤੇ ਚੀਨ ਦੇ ਕੁਝ ਹਿੱਸਿਆਂ ਵਿੱਚ ਅਰਬੀ ਨਸਲ ਦੇ ਮੁਸਲਮਾਨ ਵੀ ਵਸਦੇ ਹਨ, ਜਿਨ੍ਹਾਂ ਦੇ ਕਿ ਪਿਤਾ ਪਿਤਾਮਾ, ਹਿੰਦ ਸਾਗਰ ਦੇ ਰਸਤੇ ਚੀਨ ਵਿੱਚ ਆਏ ਸਨ। ਥੋੜ੍ਹੇ ਬਹੁਤ ਯੂਰਪੀਨ ਵੀ ਚੀਨ ਦੀਆਂ ਬੰਦਰਗਾਹਾਂ ਵਿੱਚ ਵਸਦੇ ਹਨ। ਬਾਕੀ ਸਾਰੇ ਚੀਨ ਵਾਸੀ ਨਸਲੀ ਅਤੇ ਸਭਿਅਕ ਤੌਰ ਉੱਤੇ ਲਗਭਗ ਇਕਸਾਰ ਹੀ ਹਨ।

ਪਿੱਛੇ ਦੱਸਿਆ ਜਾ ਚੁੱਕਾ ਹੈ ਕਿ 1911 ਈਸਵੀ ਵਿੱਚ ਚੀਨ ਅੰਦਰ ਭਾਰੀ ਇਨਕਲਾਬ ਆਇਆ ਅਤੇ ਉਥੇ "ਸੂਨ-ਯਤ ਸੇਨ" ਦੀ ਜੱਥੇਦਾਰੀ ਹੇਠਾਂ ਲੋਕ-ਰਾਜ ਸਥਾਪਤ ਹੋ ਗਿਆ। "ਸੂਨ-ਯੱਤ-ਸੇਨ" ਨੂੰ "ਪਰਿਵਰਤਨ-ਪਿਤਾ" ਕਰਕੇ ਬੁਲਾਉਂਦੇ ਹਨ ਅਤੇ ਜਿਸ ਰਾਜਸੀ ਪਾਰਟੀ ਦਾ ਉਹ ਆਗੂ ਸੀ, ਉਹ 'ਕੂਮਿੰਤਾਗ' ਕਹਾਉਂਦੀ ਹੈ, ਭਾਵ ਇਹ ਹੈ ਕਿ ਰਾਸ਼ਟਰ-ਪਾਰਟੀ। ਸੂਨ-ਯਤ-ਸੇਨ ਦਾ ਵਿਚਾਰ ਇਹ ਸੀ ਕਿ ਘੱਟ ਤੋਂ ਘੱਟ ਵੀਹ ਪੰਝੀ ਸਾਲ ਦੇਸ਼ ਉੱਤੇ 'ਕੂਮਿੰਤਾਂਗ' ਪਾਰਟੀ ਦਾ ਹੀ ਰਾਜ ਰਹਿਣਾ ਚਾਹੀਦਾ ਹੈ, ਜਿਸ ਕਾਰਨ ਦੇਸ਼ ਵਿੱਚੋਂ ਪਾਰਟੀਬਾਜ਼ੀ ਦੇ ਝਗੜੇ ਘੱਟ ਜਾਣਗੇ ਅਤੇ ਦੇਸ਼ ਸਬਲ ਹੋ ਜਾਵੇਗਾ। "ਸੂਨ-ਯਤ-ਸੇਨ." ਨੇ ਸਾਮਵਾਦੀ ਰੂਸ ਵਿੱਚੋਂ ਕਮਿਊਨਿਸਟ ਸਲਾਹਕਾਰ ਮੰਗਵਾ ਕੇ ਰੱਖੇ ਹੋਏ ਸੀ, ਜਿਨ੍ਹਾਂ ਦੀ ਸੰਗਤ ਨਾਲ ਚੀਨ ਵਿੱਚ ਕਮਿਊਨਿਸਟ ਖ਼ਿਆਲਾਂ ਦੀ ਪਾਰਟੀ ਪੱਕੇ ਪੈਰਾਂ 'ਤੇ ਹੋ ਗਈ। ਇਸ ਪਾਰਟੀ ਦਾ ਕੌਮੀ ਪਾਰਟੀ ਨਾਲ ਆਪਸੀ ਵਿਰੋਧ ਹੋ ਗਿਆ ਅਤੇ ਜਦੋਂ ਕੌਮੀ ਪਾਰਟੀ ਦੇ ਹੱਥ ਰਾਜ ਸ਼ਕਤੀ ਆ ਵੀ ਗਈ ਤਾਂ ਵੀ ਕਮਿਊਨਿਸਟ ਪਾਰਟੀ ਨਾ ਮਰੀ ਅਤੇ ਕਮਿਊਨਿਸਟਾਂ ਨੇ ਚੀਨ ਦੇ ਉੱਤਰ-ਪੱਛਮ ਵਿੱਚ ਕਮਿਊਨਿਸਟ ਰਾਜ ਸਥਾਪਤ ਕਰ ਲਿਆ। ਕੌਮੀ ਪਾਰਟੀ ਦਾ ਨੇਤਾ, 'ਚਿਆਂਗ ਕਾਈ ਸ਼ੇਕ' ਸੀ ਅਤੇ ਕਮਿਊਨਿਸਟ ਪਾਰਟੀ ਦਾ ਨੇਤਾ 'ਮਾਊਂ-ਜ਼ੇ-ਤੁੰਗ'। ਜਦੋਂ ਸੰਨ 1936 ਵਿੱਚ ਜਪਾਨ ਨੇ ਚੀਨ ਉੱਤੇ ਹਮਲਾ ਕੀਤਾ ਤਾਂ ਦੋਹਾਂ ਪਾਰਟੀਆਂ ਨੇ ਆਪਸ ਵਿੱਚ ਸੁਲਹ ਕਰ ਲਈ ਅਤੇ ਦਸ ਸਾਲ, ਜਿੰਨਾ ਚਿਰ ਜਪਾਨ ਨਾਲ ਲੜਾਈ ਹੁੰਦੀ ਰਹੀ, ਇਹ ਸੁਲਹ ਕਾਇਮ ਰਹੀ। ਸੰਨ 1945 ਈਸਵੀ ਵਿੱਚ ਜਦੋਂ ਜਪਾਨ ਨੇ ਹਥਿਆਰ ਸੁੱਟ ਦਿੱਤੇ ਅਤੇ ਲੜਾਈ ਬੰਦ ਹੋ ਗਈ ਤਾਂ ਚੀਨ ਵਿੱਚ ਕੌਮੀ ਪਾਰਟੀ ਅਤੇ ਕਮਿਊਨਿਸਟ ਪਾਰਟੀ ਦੀ ਸੁਲਹ ਵੀ ਟੁੱਟ ਗਈ ਅਤੇ ਖਾਨਾ ਜੰਗੀ ਦਾ ਅੰਤ ਹੁਣ ਸਾਰੇ ਚੀਨ ਵਿੱਚ 'ਮਾਊ.ਜ਼ੇ.ਤੁੰਗ.' ਦੀ ਜੱਥੇਦਾਰੀ ਹੇਠ ਸਾਮਵਾਦੀ ਲੋਕ-ਰਾਜ ਦੀ ਸਥਾਪਨਾ ਨਾਲ ਹੋ ਗਿਆ ਜਾਪਦਾ ਹੈ, ਪਰ ਚਿਆਂਗ.ਕਾਈ.ਸ਼ੇਕ.' ਨੇ ਅਜੇ ਹਥਿਆਰ ਨਹੀਂ ਸੁੱਟੇ ਅਤੇ ਬੜੀ ਭਾਰੀ ਅਤੇ ਸਬਲ ਸੈਨਾ ਨਾਲ, ਫਾਰਮੋਸਾ ਨਾਮੀ

ਟਾਪੂ ਵਿੱਚ ਆਕੀ ਹੋਇਆ ਬੈਠਾ ਹੈ ਅਤੇ ਵੰਗਾਰ ਰਿਹਾ ਹੈ ਕਿ ਉਹ ਮੁੜ ਚੀਨ ਉੱਤੇ ਚੜ੍ਹਾਈ ਕਰਕੇ ਉੱਥੋਂ ਕਮਿਊਨਿਸਟਾਂ ਦਾ ਜੋਰਾ-ਤੋਰਾ ਸੰਪੂਰਨ ਕਰ ਦੇਵੇਗਾ।

ਚੀਨੀ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ ਦਾ ਵਿਸਤਾਰ ਵੀ ਬੜਾ ਮਨੋਰੰਜਕ ਹੈ। ਅੱਜ ਦੇ ਚੀਨ ਵਿੱਚ ਇਹ ਕਹਿਣਾ ਬੜਾ ਕਠਿਨ ਹੈ ਕਿ ਚੀਨ ਵਿੱਚ ਕੌਣ ਚੀਨ ਦੇ ਪ੍ਰਾਚੀਨ ਧਰਮਾਂ ਦੇ ਅਨੁਯਾਈ ਹਨ, ਕੌਣ ਬੁੱਧ ਹਨ, ਕੌਣ ਈਸਾਈ ਅਤੇ ਕੌਣ ਮਾਰਕਸੀ ਵਿਸ਼ਵਾਸ਼ਾਂ ਦੇ ਹਨ। ਪਰ ਚੀਨੀ ਕਿਹਾ ਕਰਦੇ ਹਨ ਕਿ ਈਸਾਈ ਮੱਤ ਦੇ ਚੀਨ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਚੀਨ ਵਿੱਚ ਤਿੰਨ ਮੱਤ ਪ੍ਰਧਾਨ ਸਨ: ਕੋਂ.ਫੂ.ਜ਼ੂ. ਮੱਤ, ਦਾਓ ਮੱਤ ਤੇ ਬੁੱਧ ਮੱਤ। ਚੀਨੀਆਂ ਦੇ ਨਿਤਾਪ੍ਰਤ ਦੇ ਜੀਵਨ ਵਿੱਚ ਕੋਂ.ਫੂ.ਜ਼ੂ. ਮੱਤ ਪ੍ਰਧਾਨ ਸੀ ਅਤੇ ਖ਼ਾਸ-ਖ਼ਾਸ ਮੌਕਿਆਂ ਲਈ ਦਾਓ ਮੱਤ, ਜਿਵੇਂ ਕਿ ਪੁੱਛ ਪੁਆਉਣ ਲਈ, ਟੂਣਾ ਮੰਤਰ ਕਰਵਾਉਣ ਲਈ, ਜਾਂ ਭੂਤ ਚੁੜੇਲ ਕੱਢਣ ਸਮੇਂ। ਮ੍ਰਿਤੂ ਸਮੇਂ ਦੇ ਸੰਸਕਾਰ ਕਰਵਾਉਣ ਲਈ ਅਤੇ ਅੰਤੇਸ਼ਟੀ ਕਰਮ ਕਰਨ ਵੇਲੇ ਬੁੱਧ ਮੱਤ ਪ੍ਰਧਾਨ ਸੀ।

ਚੀਨੀਆਂ ਦਾ ਸਨਾਤਨ ਅਤੇ ਪ੍ਰਾਚੀਨ ਧਰਮ ਉਹੋ ਜਾਪਦਾ ਹੈ, ਜੋ ਕਿ ਸੰਸਾਰ ਭਰ ਦੀਆਂ ਪ੍ਰਾਚੀਨ ਜਾਤੀਆਂ ਦਾ ਰਿਹਾ ਹੈ, ਭੂਤ, ਪ੍ਰੇਤ, ਦੇਵੀ, ਦੇਉਲ, ਮੜ੍ਹੀ ਮਸਾਣਾਂ ਦੀ ਪੂਜਾ। ਹਜ਼ਾਰਾਂ ਵਰ੍ਹੇ ਇਹੋ ਧਰਮ ਚੀਨ ਵਿੱਚ ਪ੍ਰਧਾਨ ਰਿਹਾ ਜਾਪਦਾ ਹੈ। ਪੰਜਵੀਂ ਸਦੀ ਪ੍ਰਿਥਮ ਮਸੀਹ ਵਿੱਚ, ਜਦੋਂ ਕਿ ਯੂਨਾਨ ਦੇਸ਼ ਅਤੇ ਭਾਰਤ ਵਰਸ਼ ਵਿੱਚ ਵੀ ਮਹਾਨ ਧਾਰਮਿਕ ਪਰਿਵਰਤਨ ਵਾਪਰ ਰਹੇ ਸਨ, ਚੀਨ ਵਿੱਚ ਵੀ ਧਾਰਮਿਕ ਖ਼ਿਆਲਾਂ ਵਿੱਚ ਬੜਾ ਮਹਾਨ ਪਰਿਵਰਤਨ ਆਇਆ। ਉਸ ਵੇਲੇ ਚੀਨ ਵਿੱਚ ਬੜੀ ਖਾਨਾ ਜੰਗੀ ਅਤੇ ਅਫ਼ਰਾ-ਤਫ਼ਰੀ ਪਈ ਹੋਈ ਸੀ। ਇਸ ਸਮੇਂ ਨੂੰ ਚੀਨ ਦੀ ਤਵਾਰੀਖ਼ ਵਿੱਚ ਸ਼ਤ-ਦਰਸ਼ਨ-ਕਾਲ (The Hundred Schools of Philosophy) ਕਹਿੰਦੇ ਹਨ। ਇਨ੍ਹਾਂ ਅਨੇਕ ਦਰਸ਼ਨਾਂ ਵਿੱਚੋਂ ਇਕ ਦਰਸ਼ਨ ਦਾ ਨਿਰਮਾਤਾ ਕੋਂ.ਫੂ.ਜ਼ੂ. ਸੀ, ਜਿਸ ਦੇ ਆਸ਼ਰਮ ਵਿੱਚ ਬੜੇ ਸ਼ਿਸ਼ ਸਨ। ਕੋਂ.ਫੂ.ਜ਼ੂ. ਤੋਂ ਪਿੱਛੋਂ ਹੋਰ ਵੀ ਕਈ ਰਿਸ਼ੀ ਚੀਨ ਵਿੱਚ ਹੋਏ, ਪਰ ਉਨ੍ਹਾਂ ਸਭਨਾਂ ਦਾ ਮੂਲ ਉਪਦੇਸ਼ ਇਹ ਸੀ ਕਿ ਧਰਮ ਵਿੱਚ ਸ਼ੁੱਧ ਆਚਾਰ ਹੀ ਸਰਵੋਤਮ ਉਪਦੇਸ਼ ਹੈ। ਇਸੇ ਕੇਂਦਰੀ ਉਪਦੇਸ਼ ਨੂੰ ਗੁਰੂ ਨਾਨਕ ਦੇਵ ਜੀ ਨੇ ਇਉਂ ਕਿਹਾ ਹੈ : "ਮਨ ਹਠ ਬੁਧੀ ਕੇਤੀਆਂ, ਕੇਤੇ ਵੇਦ ਵੀਚਾਰ॥.....ਸਚੋਂ ਉਰੇ ਸਭ ਕੋ, ਉਪਰ ਸਚ ਅਚਾਰ।" ਕੋਂ. ਫੂ.ਜ਼ੂ. ਨੇ ਖ਼ਾਸ ਕਰਕੇ ਸ਼ੁੱਧ ਅਚਾਰ ਉੱਤੇ ਬਹੁਤ ਜ਼ੋਰ ਦਿੱਤਾ ਤੇ ਕਿਹਾ ਕਿ ਮੈਂ

---

1. ਯਦਾ ਕਦਾਪਿ ਸਥਿਤੋ ਧਰਮੇ ਸਦਾਚਾਰ ਪਰੋ ਯਦਾ,
ਯਾਯਾਦ ਅਵਸ਼ਯਮ ਕਲਿਯਾਣਮ, ਇਤੀ ਦਰਸ਼ਨੀ ਸ੍ਰੇਸ਼ਟਮ॥
—ਸਰਵਦਰਸ਼ਨਸਮਗ੍ਰਹਿ, ੩॥੨੪੫॥

ਪ੍ਰਮਾਤਮਾ, ਅਕਾਸ਼ ਲੋਕ, (Heaven) ਵੱਲੋਂ ਸ਼ੁੱਧ ਅਚਾਰ ਦਾ ਪ੍ਰਚਾਰ ਕਰਨ ਆਇਆ ਹਾਂ, ਜਿਵੇਂ ਕਿ ਗੀਤਾ ਵਿੱਚ ਕਿਹਾ ਹੈ : "ਧਰਮ ਸੰਸਥਾਪਨਾਰਥਾਜ, ਸੰਭ੍ਰਾਮਿ ਯੁਗੇ ਯੁਗੇ।' ਇਕ ਹੋਰ ਦਰਸ਼ਨ ਜਿਸ ਦਾ ਨਿਰਮਾਤਾ ਕਿ ਲਾਓ.ਜ਼ੂ. (Laotzu) ਨਾਮੀ ਰਿਸ਼ੀ ਸੀ ਅਤੇ ਜਿਸ ਦੇ ਉਪਦੇਸ਼ ਦਾਓ ਮੱਤ ਅਖਵਾਂਦੇ ਹਨ, ਦਾ ਸਿਧਾਂਤ ਸੀ ਕਿ ਮਨੁੱਖ ਨੂੰ ਸ਼ਾਂਤ, ਸਹਿਜ ਅਤੇ ਨਿਸ਼ਕਰਮ ਅਵਸਥਾ ਵਿੱਚ ਵਿਚਰਨਾ ਚਾਹੀਏ, ਕਿਉਂਕਿ ਏਹੋ ਵਿਸ਼ਵ ਦਾ ਮੂਲ ਧਰਮ ਹੈ। ਇਸ ਉਪਦੇਸ਼ ਨੂੰ "ਮਹਾਨ ਦਾਓ" ਕਹਿੰਦੇ ਹਨ। ਇਸ "ਮਹਾਨ ਦਾਓ" ਅਨੁਸਾਰ ਜੀਵਨ ਜਾਚ ਨੂੰ ਚੀਨੀ ਲੋਕ "ਵੂ-ਵਈ" ਕਹਿੰਦੇ ਹਨ, ਜਿਸ ਦੇ ਅਰਥ ਹਨ—ਨਿਸ਼ਕਰਮ ਅਵਸਥਾ। ਰਾਜਸੀ ਪੱਧਰ ਉੱਤੇ 'ਵੂ-ਵਈ' ਦਾ ਭਾਵ ਇਹ ਹੈ ਕਿ ਰਾਜਾ ਪਰਜਾ ਉੱਤੇ ਘੱਟ ਤੋਂ ਘੱਟ ਕਾਨੂੰਨ ਦੇ ਬੰਧਨ ਲਾਵੇ ਅਤੇ ਰਾਜਾ ਅਤੇ ਰਾਜ ਕਰਮਚਾਰੀ ਅੱਤ ਧਾਰਮਿਕ ਅਤੇ ਸੁੱਚਾ ਜੀਵਨ ਬਤੀਤ ਕਰਨ ਅਤੇ ਪਰਜਾ ਨੂੰ ਸੁਤੰਤਰ ਵਿਚਾਰਨ ਦੇਣ। ਸਾਡੇ ਦੇਸ਼ ਵਿੱਚ ਇਸੇ ਸਿਧਾਂਤ ਨੂੰ ਕਹਿੰਦੇ ਸਨ ਕਿ ਰਾਜਾ ਪਰਜਾ ਨੂੰ 'ਅਭਯਿਦਾਨ' ਪ੍ਰਦਾਨ ਕਰੇ। ਇਕ ਹੋਰ ਰਿਸ਼ੀ, ਮੋ.ਤੀ. ਹੋਇਆ ਹੈ, ਜਿਸ ਦਾ ਕਿ ਉਪਦੇਸ਼ ਸੀ ਕਿ ਮਨੁੱਖ ਦੇ ਸਰਬ ਦੁੱਖਾਂ ਦੀ ਔਸ਼ਧੀ ਵਿਸ਼ਵ-ਵਿਆਪੀ ਪ੍ਰੇਮ ਵਿੱਚ ਹੈ। ਕੋਂ.ਫੂ.ਜ਼ੂ (Confucius) ਦਾ ਇਕ ਉੱਤਰ ਅਧਿਕਾਰੀ 'ਮੇਂ.ਜ਼ੂ' (Meneius) ਨਾਮੀ ਹੋਇਆ ਹੈ, ਜਿਸਦਾ ਉਪਦੇਸ਼ ਸੀ ਕਿ ਮਨੁੱਖ ਦੀਆਂ ਬੁਨਿਆਦੀ ਰੁੱਚੀਆਂ ਧਾਰਮਿਕ ਅਤੇ ਸ਼ੁੱਭ ਹਨ ਅਤੇ ਉਹ ਅਗਿਆਨ ਦੇ ਕਾਰਨ ਹੀ ਪਾਪ ਖਚਿਤ ਹੁੰਦਾ ਹੈ। ਇਸ ਲਈ ਮਨੁੱਖਾਂ ਨੂੰ ਧਰਮ ਦਾ ਉਪਦੇਸ਼ ਦੇਣਾ ਉੱਚਿਤ ਹੈ। ਇਹੋ ਸਿਧਾਂਤ ਮਹਾਨ ਯਾਵਨੀ ਦਰਸ਼ਨ-ਵੇਤਾ ਤੇ ਫ਼ਿਲਾਸਫ਼ਰ ਸੁਕਰਾਤ (Socrates) ਦਾ ਸੀ। ਪਰ ਚੀਨ ਵਿੱਚ ਉਨ੍ਹਾਂ ਸਮਿਆਂ ਵਿੱਚ ਹੀ ਕੁਝ ਅਜਿਹੇ ਰਿਸ਼ੀ ਵੀ ਹੋਏ ਹਨ, ਜਿਨ੍ਹਾਂ ਦਾ ਸਿਧਾਂਤ ਇਸ ਦੇ ਬਿਲਕੁਲ ਹੀ ਉਲਟ ਸੀ। ਉਨ੍ਹਾਂ ਦਾ ਮਤ ਇਹ ਸੀ ਕਿ ਮਨੁੱਖ ਦੀਆਂ ਜਮਾਂਦਰੂ ਅਤੇ ਮੌਲਿਕ ਰੁੱਚੀਆਂ ਪਾਪ-ਮੁੱਖੀ ਹਨ, ਇਸੇ ਲਈ ਰਾਜੇ ਦਾ ਧਰਮ ਹੈ ਕਿ ਉਹ ਸਖ਼ਤੀ ਨਾਲ ਰਾਜ ਸ਼ਾਸਨ ਅਤੇ ਰਾਜ-ਦੰਡ ਦੇ ਭੈਅ ਦੁਆਰਾ ਪਰਜਾ ਦੇ ਜੀਵਨ ਨੂੰ ਸਿੱਧੇ ਰਾਹ ਉੱਤੇ ਤੋਰੇ। ਡਿਕਟੇਟਰਸ਼ਾਹੀ ਅਥਵਾ ਸਾਮਰੱਥ-ਵਿਅਕਤੀ-ਰਾਜ ਦੇ ਜਿੰਨੇ ਵੀ ਸਿਧਾਂਤ ਅੱਜ ਸੰਸਾਰ ਵਿੱਚ ਪ੍ਰਚੱਲਿਤ ਜਾਂ ਪ੍ਰਮਾਣੀਕ ਹਨ, ਉਨ੍ਹਾਂ ਦਾ ਆਧਾਰ ਚੀਨੀ ਰਿਸ਼ੀਆਂ ਦੇ ਇਸ ਸਿਧਾਂਤ ਉੱਤੇ ਹੀ ਹੈ। ਨਾ ਹੀ ਚੀਨੀ ਰਿਸ਼ੀ ਅਤੇ ਨਾ ਹੀ ਅੱਜ ਕੱਲ੍ਹ ਦੇ ਸਾਮਰਥ ਸੱਤਾਵਾਦੀ ਇਸ ਗੱਲ ਦਾ ਨਿਰਣਾ ਕਰਦੇ ਹਨ ਕਿ ਜਦੋਂ ਮਨੁੱਖ ਸੁਭਾਵਿਕ ਹੀ ਪਾਪ-ਖਚਿਤ ਹੈ ਤਾਂ ਇਸ ਗੱਲ ਦਾ ਕੀ ਭਰੋਸਾ ਹੈ ਕਿ ਸਾਮਰੱਥ ਡਿਕਟੇਟਰ ਉਨ੍ਹਾਂ ਦੇ ਰਾਜ ਕਰਮਚਾਰੀ ਧਰਮ ਅਨੁਸਾਰ ਹੀ ਰਾਜ ਕਰਨਗੇ।

ਇਸ ਰਾਜ-ਰੌਲੇ ਅਤੇ ਖਾਨਾ ਜੰਗੀ ਦੇ ਸਮੇਂ ਦਾ ਜਦੋਂ ਅੰਤ ਹੋਇਆ, ਜਿਸ

ਕਾਲ ਵਿੱਚ ਚੀਨ ਦੇ ਸ਼ੱਤ-ਦਰਸ਼ਨ ਨਿਰਮਤ ਹੋਏ, ਤਾਂ ਦੇਸ਼ ਉੱਤੇ ਇਕ ਸਾਮੱਰਥ ਜਾਂ ਡਿਕਟੇਟਰ ਨੇ ਆਪਣਾ ਅਧਿਕਾਰ ਕਾਇਮ ਕਰ ਲਿਆ। ਇਸ ਭੱਦਰ ਪੁਰਸ਼ ਦਾ ਨਾਮ 'ਹੋਆਂਗ-ਤੀ' ਸੀ ਅਤੇ ਇਸ ਦਾ ਮਨੋਰਥ ਸਾਰੇ ਚੀਨ ਨੂੰ ਇਕ ਸ਼ਕਤੀਸ਼ਾਲੀ ਕੇਂਦਰ ਦੇ ਤਹਿਤ ਵਿੱਚ ਕਰ ਲੈਣਾ ਸੀ। ਉਸ ਨੇ ਹੁਕਮ ਜਾਰੀ ਕੀਤਾ ਕਿ ਕੋਂ.ਫੂ.ਜ਼ੂ ਆਦਿ ਰਿਸ਼ੀਆਂ ਦੀਆਂ ਸਭ ਪੁਸਤਕਾਂ ਅਗਨੀ ਭੇਟ ਕਰ ਦਿੱਤੀਆਂ ਜਾਣ ਅਤੇ ਕੇਵਲ ਦਾਓ ਮੱਤ ਦੀਆਂ ਪੁਸਤਕਾਂ ਹੀ ਬਚਾਈਆਂ ਜਾਣ। ਚੀਨ ਦਾ ਮਹਾਨ ਪ੍ਰਾਚੀਨ ਸਾਹਿਤ ਇਸ ਪੁਸਤਕ-ਅਗਨਿ-ਭੇਟ ਕਾਲ ਵਿੱਚ ਹੀ ਨਾਸ਼ ਹੋਇਆ। ਦੇਵ ਨੇਤ ਨਾਲ 'ਕੋਂ.ਫੂ.ਜ਼ੂ.' ਦੇ ਕੁਝ ਸਦੀਆਂ ਬੀਤਣ ਪਿੱਛੋਂ, ਜਦ 'ਹੱਨ' ਰਾਜ ਘਰਾਣੇ ਦਾ ਕਾਲ ਆਇਆ ਤਾਂ ਓਦੋਂ ਕੋਂ.ਫੂ.ਜ਼ੂ. ਦੇ ਉਪਦੇਸ਼ਾਂ ਨੂੰ ਫਿਰ ਅਤੀ-ਉੱਤਮ ਮੰਨਿਆ ਗਿਆ ਅਤੇ ਕੋਂ.ਫੂ.ਜ਼ੂ. ਦੀ ਪੂਜਾ ਪ੍ਰਤਿਸ਼ਠਾ ਲਈ ਮੰਦਰ ਸਥਾਪਤ ਕੀਤੇ ਗਏ।

ਕੋਂ.ਫੂ.ਜ਼ੂ. ਦੀ ਸਰਕਾਰੀ ਤੌਰ ਉੱਤੇ ਇਹ ਮਾਨ ਤੇ ਪ੍ਰਤਿਸ਼ਠਾ ਉਨੀਵੀਂ ਸਦੀ ਤੱਕ ਚੀਨ ਵਿੱਚ ਪ੍ਰਚੱਲਿਤ ਰਹੀ ਹੈ, ਪਰ ਦਾਓ ਮੱਤ ਵਾਲੇ ਇਸ ਕਾਰਨ ਹਥਿਆਰ ਨਹੀਂ ਸਨ ਸੁੱਟ ਬੈਠੇ। ਜਿਉਂ-ਜਿਉਂ ਕੋਂ.ਫੂ.ਜ਼ੂ. ਮੱਤ ਲੋਕਾਂ ਦੇ ਨਿਤਾਪ੍ਰਤ ਜੀਵਨ ਦਾ ਭਾਗ ਬਣਦਾ ਗਿਆ, ਦਾਓ ਮੱਤ, ਚੀਦਾ ਚੀਦਾ ਠਰਕੀਆਂ ਦਾ ਗੋਹਜ ਮੱਤ ਬਣਦਾ ਗਿਆ। ਕੀਮੀਆਂ ਜਾਂ ਰਸਾਇਣ ਵਿੱਦਿਆ, ਨੀਚ ਧਾਤੂਆਂ ਨੂੰ ਸਵਰਨ ਧਾਤੂ ਵਿੱਚ ਬਦਲ ਲੈਣ ਦੇ ਗੁਰ ਅਤੇ ਅੰਮ੍ਰਿਤ ਔਸ਼ਧਿ ਦਾ ਨੁਸਖ਼ਾ ਲੱਭਣ ਦਾ ਯਤਨ ਆਦਿ ਠਰਕ ਦਾਓ ਮੱਤ ਦੇ ਅਨੁਯਾਈਆਂ ਦੇ ਸਦੀਆਂ ਤੋਂ ਚੱਲੇ ਆ ਰਹੇ ਰੁਝੇਵੇਂ ਹਨ।

ਮਸੀਹੀ ਸੰਮਤ ਦੇ ਆਰੰਭ ਵਿੱਚ ਬੁੱਧ ਮਤ ਨੇ ਚੀਨ ਦੇਸ਼ ਵਿੱਚ ਪ੍ਰਵੇਸ਼ ਕੀਤਾ। ਪਹਿਲਾਂ ਤਾਂ ਇਸ ਦਾ ਬਹੁਤਾ ਪ੍ਰਚਾਰ ਨਾ ਹੋਇਆ, ਪਰ ਚੌਥੀ ਪੰਜਵੀਂ ਸ਼ਤਾਬਦੀ ਮਸੀਹੀ ਵਿੱਚ ਬੁੱਧ ਮੱਤ ਚੀਨ ਦੇਸ਼ ਦਾ ਸਰਵਪ੍ਰਿਯ ਧਰਮ ਬਣ ਗਿਆ ਅਤੇ ਚੀਨ ਦੀ ਚਿੱਤਰ-ਕਲਾ ਉੱਤੇ ਵਿਸ਼ੇਸ਼ ਕਰਕੇ ਬੁੱਧ ਮਤ ਦਾ ਬੜਾ ਭਰਪੂਰ ਪ੍ਰਭਾਵ ਪਿਆ। ਚੀਨੀ ਲੋਕ ਕੋਂ.ਫੂ.ਜ਼ੂ. ਅਤੇ ਦਾਓ ਮੱਤ ਦੇ ਉਪਦੇਸ਼ਾਂ ਉੱਤੇ ਵੀ ਚੱਲਦੇ ਰਹੇ, ਪਰ ਲਗਭਗ ਸਾਰੇ ਦਾ ਸਾਰਾ ਚੀਨ, 'ਬੁਧਮ ਸ਼ਰਨਮ ਗੱਛਮਿ, ਧਰਮਮ ਸ਼ਰਨਮ ਗੱਛਮਿ' ਸੰਘਮ ਸ਼ਰਨਮ ਗੱਛਮਿ' ਦਾ ਜਾਪ ਕਰਨ ਲੱਗ ਪਿਆ।

ਇਉਂ ਕੋਈ ਪੰਜ ਸੌ ਵਰ੍ਹੇ ਬੀਤ ਗਏ ਤਾਂ ਚੀਨ ਵਿੱਚ ਇਕ ਨਵੀਨ ਕੋਂ.ਫੂ. ਜ਼ੂ. ਦਰਸ਼ਨ ਨੇ ਜਨਮ ਲਿਆ। ਇਸ ਦਰਸ਼ਨ ਦੇ ਨਿਰਮਤ ਕਰਨ ਵਾਲਿਆਂ ਵਿੱਚੋਂ ਅੰਤਿਮ ਰਿਸ਼ੀ, 'ਚੂ.ਹੀਸ.' ਨਾਮੀ ਸੀ। ਇਸ ਨੇ ਕੋਂ.ਫੂ.ਜ਼ੂ. ਮੱਤ ਦੇ ਉਪਦੇਸ਼ਾਂ ਦਾ ਨਵੀਨ ਭਾਸ਼ਯ ਕੀਤਾ। 'ਚੂ ਹੀਸ' ਨੇ 'ਆਕਾਸ਼ ਸੱਤਾ' (Heaven) ਬਾਰੇ ਜੋ ਲੋਕਾਂ ਦੇ ਪ੍ਰਚੱਲਿਤ ਵਿਸ਼ਵਾਸ ਸਨ, ਉਨ੍ਹਾਂ ਨੂੰ ਤਾਂ ਨਾ ਹਿਲਾਇਆ, ਪਰ ਕੋਂ.ਫੂ.ਜ਼ੂ. ਦੇ

ਉਪਦੇਸ਼ਾਂ ਨੂੰ ਇਕ ਨਵਾਂ ਦਾਰਸ਼ਨਿਕ ਰੂਪ ਦਿੱਤਾ। ਉਸ ਨੇ ਕਿਹਾ ਕਿ ਆਕਾਸ਼ ਸੱਤਾ ਧਰਮ ਦਾ ਹੀ ਨਾਮ ਹੈ ਅਤੇ ਧਰਮ ਹੀ ਵਿਸ਼ਵ ਦਾ ਆਧਾਰ ਅਤੇ ਮੂਲ ਕਾਰਨ ਹੈ।

ਇਉਂ ਚੀਨ ਦੇ ਧਾਰਮਿਕ ਅਤੇ ਸਭਿਅਕ ਜੀਵਨ ਵਿੱਚ ਤਿੰਨਾਂ ਅੰਗਾਂ ਦੀ ਪ੍ਰਧਾਨਤਾ ਸਥਾਪਤ ਹੋਈ। (1) ਪੜ੍ਹੇ ਲਿਖੇ ਅਤੇ ਵਿਦਵਾਨਾਂ ਲੋਕਾਂ ਵਿੱਚ ਪ੍ਰਾਚੀਨ ਚੀਨੀ ਰਿਸ਼ੀਆਂ ਦੇ ਉਪਦੇਸ਼ (2) ਅਨਪੜ੍ਹ ਅਤੇ ਸਰਵ ਸਾਧਾਰਣ ਜਨਤਾ ਵਿੱਚ ਦਾਓ ਮੱਤ ਅਤੇ (3) ਸਾਰੇ ਚੀਨਿਆਂ ਵਿੱਚ ਬੁੱਧ ਮੱਤ। ਸੋਲ੍ਹਵੀਂ ਸਦੀ ਤੱਕ ਬੁੱਧ ਮੱਤ ਇਉਂ ਚੀਨੀ ਜਨਤਾ ਦਾ ਪ੍ਰਮਾਣੀਕ ਧਰਮ ਰਿਹਾ। ਸੋਲ੍ਹਵੀਂ ਸਦੀ ਵਿੱਚ ਅਰਬੀ ਮੁਸਲਮਾਨ ਵਿਉਪਾਰੀ, ਹਿੰਦ ਸਾਗਰ ਦੇ ਰਸਤੇ ਚੀਨ ਵਿੱਚ ਆਏ ਅਤੇ ਉਥੇ ਇਸਲਾਮ ਦਾ ਕੁਝ ਪ੍ਰਚਾਰ ਹੋਇਆ। ਅੰਤ੍ਰੀਵ ਮੰਗੋਲੀਆ ਅਤੇ ਪੱਛਮੀ ਭਾਗਾਂ ਵਿੱਚ ਮੁਸਲਮਾਨ ਚੀਨੀਆਂ ਦੀ ਗਿਣਤੀ ਵੱਧਣ ਲੱਗੀ। ਸੰਨ 635 ਈਸਵੀ ਦੇ ਆਲੇ-ਦੁਆਲੇ, ਈਰਾਨ ਦੇ ਰਾਹ ਏਸ਼ਿਆਈ ਈਸਾਈ ਮੱਤ ਵੀ ਚੀਨ ਵਿੱਚ ਆਇਆ, ਪਰ ਉਸ ਦੇ ਪੈਰ ਦੇਸ਼ ਵਿੱਚ ਨਾ ਜੰਮੇ। ਫੇਰ 13ਵੀਂ ਅਤੇ 14ਵੀਂ ਸਦੀ ਵਿੱਚ ਸੰਤ ਫਰਾਂਸਿਸ ਸੰਘ ਦੇ ਈਸਾਈ ਪ੍ਰਚਾਰਕਾਂ ਨੇ ਈਸਾਈ ਮੱਤ ਦਾ ਪ੍ਰਚਾਰ ਕਰਨ ਦਾ ਯਤਨ ਚੀਨ ਵਿੱਚ ਕੀਤਾ, ਪਰ ਉਸ ਵਿੱਚ ਵੀ ਸਫ਼ਲਤਾ ਨਾ ਹੋਈ। ਸਤਾਰ੍ਹਵੀਂ ਸਦੀ ਵਿੱਚ ਜੇਸੂ ਪ੍ਰਚਾਰਕਾਂ (Jesuists) ਨੇ ਈਸਾਈ ਮੱਤ ਦਾ ਪ੍ਰਚਾਰ ਚੀਨ ਵਿੱਚ ਆਰੰਭਿਆ, ਜਿਸ ਨਾਲ ਕਿ ਕੁਝ ਈਸਾਈ ਚੀਨ ਵਿੱਚ ਬਣੇ। ਪਿਛਲੇ ਡੇਢ ਕੁ ਸੌ ਸਾਲ ਵਿੱਚ ਈਸਾਈਆਂ ਦੀ ਗਿਣਤੀ ਚੀਨ ਵਿੱਚ ਢੇਰ ਸਾਰੀ ਵੱਧ ਗਈ ਹੈ।

1911 ਦੇ ਇਨਕਲਾਬ ਤੋਂ ਪਿੱਛੋਂ ਚੀਨਿਆਂ ਦੀਆਂ ਧਾਰਮਿਕ ਰੁਚੀਆਂ ਵਿੱਚ ਬੜਾ ਮਹਾਨ ਅਤੇ ਬੁਨਿਆਦੀ ਪਰਿਵਰਤਨ ਹੋਇਆ ਹੈ। ਬੁੱਧ ਮੱਤ ਵੱਲੋਂ ਲੋਕਾਂ ਦੀਆਂ ਰੁੱਚੀਆਂ ਬਹੁਤ ਘੱਟ ਗਈਆਂ ਹਨ ਅਤੇ ਬੁੱਧ ਮੰਦਰ ਅਤੇ ਮੱਠ ਸੁਨੇ ਹੁੰਦੇ ਜਾ ਰਹੇ ਹਨ। ਬਹੁਤ ਸਾਰੇ ਲੋਕ ਈਸਾਈ ਬਣ ਰਹੇ ਹਨ, ਪਰ ਚੀਨੀਆਂ ਦਾ ਕੌ.ਫੂ.ਜ਼ੂ. ਦੇ ਉਪਦੇਸ਼ਾਂ ਦੀ ਗੌਰਵਤਾ ਉੱਤੇ ਮਾਨ ਉਸੇ ਤਰ੍ਹਾਂ ਕਾਇਮ ਹੈ ਅਤੇ ਉਹ ਈਸਾਈ ਮੱਤ ਨੂੰ ਕੌ.ਫੂ.ਜ਼ੂ. ਮੱਤ ਦੇ ਉਪਦੇਸ਼ਾਂ ਦਾ ਵਿਕਾਸ ਹੀ ਮੰਨਦੇ ਹਨ। ਨਵੇਂ ਸਾਮਵਾਦੀ ਕਮਿਊਨਿਸਟ ਰਾਜ ਦੀ ਸਥਾਪਨਾ ਦੇ ਕਾਰਨ ਪੜ੍ਹੇ-ਲਿਖੇ ਨੌਜਵਾਨ ਚੀਨੀ ਮਾਰਕਸੀ ਖ਼ਿਆਲਾਂ ਦੇ ਬਣ ਰਹੇ ਹਨ, ਜੋ ਕਿ ਇਕ ਤਰ੍ਹਾਂ ਦਾ ਮਜ਼ਬ ਹੀ ਹੈ।

ਕਿਵੇਂ ਵੀ ਹੋਵੇ, ਚੀਨੀ ਜਾਤੀ ਦੇ ਲੋਕਾਂ ਦੀ ਆਤਮਾ ਇੰਨੀ ਮਹਾਨ ਹੈ ਕਿ ਉਹ ਜੋ ਧਰਮ ਅਤੇ ਰਹੁ-ਰੀਤ ਅਖ਼ਤਿਆਰ ਕਰਨਗੇ, ਉਸ ਦੁਆਰਾ ਮਨੁੱਖੀ ਜੀਵਨ ਦੀ ਗੌਰਵਤਾ ਨੂੰ ਹਰ ਹਾਲ ਵਧਾਣਗੇ।

ਛੇ ਦਰਸ਼ਨ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਇਕ ਥਾਂ ਕਿਹਾ ਹੈ, "ਛਿਅ ਘਰ, ਛਿਅ ਗੁਰ, ਛਿਅ ਉਪਦੇਸ, ਗੁਰ ਗੁਰ ਏਕੋ ਵੇਸ ਅਨੇਕ।" ਭਾਵ ਇਹ ਕਿ ਛੇ ਦਰਸ਼ਨ ਅਥਵਾ ਸ਼ਾਸਤਰ ਹਨ, ਜਿਨ੍ਹਾਂ ਦੇ ਛੇ ਹੀ ਪ੍ਰਚਾਰ ਕਰਨ ਵਾਲੇ ਹਨ ਅਤੇ ਉਨ੍ਹਾਂ ਛਿਆਂ ਸ਼ਾਸਤਰਾਂ ਦੇ ਛੇ ਮੱਤ ਹਨ, ਪਰ ਗੁਰੂਆਂ ਦਾ ਗੁਰੂ–ਕਰਤਾਰ ਇਕੋ ਹੈ, ਅਰ ਉਸ ਦੇ ਅਨੇਕ ਰੂਪਾਂ ਦੇ ਦਰਸ਼ਨ ਲੋਕਾਂ ਨੇ ਕਲਪੇ ਅਤੇ ਵਰਨਣ ਕੀਤੇ ਹਨ। ਇਹ ਛੇ ਉਪਦੇਸ਼, ਛੇ ਸ਼ਾਸਤਰ, ਕਿਸੇ ਇਕ ਰੂਪ ਦੇ ਛੇ ਦਰਸ਼ਨ ਵੱਖੋ-ਵੱਖਰੇ ਲੋਕਾਂ ਨੇ ਵੇਖੇ ਅਤੇ ਵਰਨਣ ਕੀਤੇ, ਕੀ ਹਨ ?

ਭਾਰਤ ਵਰਸ਼ ਵਿੱਚ ਮੁੱਢ ਤੋਂ ਆਦਿ ਸਮਿਆਂ ਤੋਂ ਦੋ ਖ਼ਿਆਲ, ਦੋ ਸਿਧਾਂਤ, ਅਜਿਹੇ ਚਲੇ ਆਉਂਦੇ ਹਨ, ਜਿਨ੍ਹਾਂ ਦੀ ਸਚਿਆਈ ਬਾਰੇ ਕਦੀ ਵੀ ਸੰਸਾ ਨਹੀਂ ਕੀਤਾ ਗਿਆ ਅਤੇ ਜੋ ਸਾਡੇ ਦੇਸ਼ ਦੇ ਸਭ ਫ਼ਲਸਫ਼ਿਆਂ, ਮੱਤਾਂ, ਦਰਸ਼ਨਾਂ ਅਤੇ ਧਰਮਾਂ ਦੀਆਂ ਬੁਨਿਆਦੀ ਪੂਰਣ-ਕਲਪਨਾ (Postulate) ਹਨ, ਜਿਨ੍ਹਾਂ ਨੀਹਾਂ ਉੱਤੇ ਕਿ ਸਾਡੇ ਸਾਰੇ ਫ਼ਲਸਫ਼ੇ, ਦਰਸ਼ਨ ਅਤੇ ਧਰਮ ਉਸਰਦੇ ਹਨ। ਇਹ ਬੁਨਿਆਦੀ ਖ਼ਿਆਲ ਕਦੀ ਵੀ ਪੜਚੋਲ ਜਾਂ ਸਬੂਤ ਨਹੀਂ ਮੰਗਦੇ। ਇਹ ਹਰ ਬੁੱਧੀਵਾਨ, ਵਿਚਾਰਵਾਨ ਪੁਰਸ਼ ਨੂੰ ਇਉਂ ਸੁੱਝ ਆਉਂਦੇ ਹਨ, ਜਿਵੇਂ ਕਿ ਇਨ੍ਹਾਂ ਦੀ ਸਚਿਆਈ ਵਿੱਚ ਕਿਸੇ ਸ਼ੱਕ, ਸੰਸੇ ਦੀ ਗੁੰਜਾਇਸ਼ ਹੀ ਨਹੀਂ, ਜਿਵੇਂ ਕੋਈ ਚੀਜ਼ ਅੱਖੀਂ ਦੇਖ ਲਈਦੀ ਹੈ ਤੇ ਮੰਨ ਲਈਦਾ ਹੈ ਕਿ ਇਹ ਹੈ, ਹੋਰ ਕੋਈ ਸਬੂਤ ਉਸ ਦੀ ਹੋਂਦ ਦਾ ਨਹੀਂ ਲੋੜੀਂਦਾ, ਇਉਂ ਹੀ ਇਨ੍ਹਾਂ ਦੋਹਾਂ ਸਿਧਾਂਤਾਂ ਅਥਵਾ ਪੂਰਣ-ਕਲਪਨਾ ਬਾਬਤ ਮੰਨ ਲਿਆ ਗਿਆ ਹੈ ਕਿ ਇਹ ਬੁੱਧੀਵਾਨ ਤੇ ਵਿਚਾਰਵਾਨ ਪੁਰਸ਼ਾਂ ਨੂੰ ਅਨੁਭਵ ਹੋ ਆਉਂਦੇ ਹਨ ਤੇ ਹੋਰ ਕਿਸੇ ਸਬੂਤ ਦੇ ਮੁਥਾਜ ਨਹੀਂ। ਅਜਿਹੇ ਸਿਧਾਂਤਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਸੁੱਤੇ-ਸਿੱਧ ਸਿਧਾਂਤ ਹਨ। ਇਹ ਦੋ ਸੁੱਤੇ-ਸਿੱਧ ਤੇ ਬੁਨਿਆਦੀ ਸਿਧਾਂਤ ਸਾਡੇ ਦੇਸ਼ ਦੇ ਫ਼ਲਸਫ਼ੇ ਵਿੱਚ ਹਨ, 'ਬ੍ਰਹਮ' ਅਤੇ 'ਸੰਸਾਰ'। 'ਬ੍ਰਹਮ' ਦਾ ਸਿਧਾਂਤ ਇਹ ਹੈ ਕਿ ਜੋ ਕੁਝ ਵੀ ਭਿੰਨ-ਭਿੰਨ ਦ੍ਰਿਸ਼ਟ ਜਾਂ ਅਦ੍ਰਿਸ਼ਟ ਹੈ, ਉਹ ਅਸਲ ਵਿੱਚ ਬਿਨਾਂ ਭਿੰਨਤਾ ਦੇ ਅਤੇ ਵੱਖ-ਵੱਖਰੇ ਗੁਣ ਰੂਪ ਦੇ ਇਕੋ

ਚੀਜ਼ ਹੈ, ਜੋ ਕਿ 'ਬ੍ਰਹਮ' ਹੈ। ਬਾਕੀ ਜੋ ਵਖੇਵੇਂ, ਗੁਣ ਰੂਪ, ਭਿੰਨ-ਭਿੰਨ ਚੀਜ਼ਾਂ ਦਿੱਸ ਆਉਂਦੀਆਂ ਹਨ, ਉਹ ਭੁਲੇਖਾ ਤੇ ਭਰਮ ਹਨ। ਇਹ ਇਕ ਮੁੱਢਲਾ, ਸੁੱਤੇ-ਸਿੱਧ ਸਿਧਾਂਤ ਭਾਰਤ ਵਿੱਚ ਮੰਨਿਆ ਹੋਇਆ ਹੈ। 'ਸੰਸਾਰ' ਦੇ ਭਾਵਰਥ ਹਨ, ਜੋ ਦਿੱਸੇ ਤੇ ਪ੍ਰਤੀਤ ਹੋਵੇ, ਉਂਜ ਅਸਲੀਅਤ ਨਾ ਹੋਵੇ। ਜਿਵੇਂ ਅਗਨੀ ਵਿੱਚੋਂ ਚੰਗਿਆੜੇ ਨਿਕਲ ਕੇ ਉਤਾਂਹ ਨੂੰ ਉੱਡਦੇ ਦਿੱਸ ਆਉਂਦੇ ਤੇ ਫੇਰ ਅਲੋਪ ਹੋ ਜਾਂਦੇ ਹਨ, 'ਜੈਸੇ ਏਕ ਆਗ ਤੇ ਕਣੂਕਾ ਕੋਟ ਆਗ ਉਠੇ।' ਇਉਂ ਹੀ ਮਨੁੱਖੀ ਜੀਵਨ ਅਤੇ 'ਸੰਸਾਰ' ਦਾ ਸਬੰਧ ਬ੍ਰਹਮ ਨਾਲ ਹੈ। ਇਹ ਜਨਮ ਮਰਨ ਅਤੇ ਆਵਾਗਵਨ 'ਸੰਸਾਰ' ਹੈ। ਅੱਗ ਦੇ ਚੰਗਿਆੜੇ ਕਿਵੇਂ ਆਪਣੇ ਸੋਮੇਂ ਤੇ ਅਸਲ ਰੂਪ, ਅਗਨੀ ਵਿੱਚ ਸਮਾ ਜਾਣ ? ਬਸ ਇਹ ਮਸਲਾ ਹੈ, ਜੋ ਭਾਰਤੀ ਫ਼ਲਾਸਫ਼ੀ, ਭਾਰਤੀ ਦਰਸ਼ਨਾਂ ਅਤੇ ਬਾਕੀ ਮੱਤਾਂ, ਧਰਮਾਂ ਦਾ ਪਹਿਲਾ ਤੇ ਆਖ਼ਰੀ ਮਸਲਾ ਹੈ। ਏਸੇ ਮਸਲੇ ਦੇ ਹੱਲ ਦੀ ਭਾਲ ਆਦਿ ਜੁਗਾਦਿ ਤੋਂ ਭਾਰਤੀ ਦਿਮਾਗ਼ ਤੇ ਭਾਰਤੀ ਆਤਮਾ ਕਰਦੀ ਚਲੀ ਆਈ ਹੈ ਅਤੇ ਸਾਡੇ ਦੇਸ਼ ਦੇ ਧਰਮ ਸ਼ਾਸਤਰਾਂ, ਮੱਤ ਮਤਾਂਤਰ ਇਸੇ ਭਾਲ ਦਾ ਸਿੱਟਾ ਅਤੇ ਇਸ ਪ੍ਰਸ਼ਨ ਦਾ ਉੱਤਰ ਹਨ।

ਚਾਰ ਵੇਦ ਜੋ ਸਾਡੇ ਦੇਸ਼ ਦੀਆਂ ਪ੍ਰਾਚੀਨ ਧਰਮ ਪੁਸਤਕਾਂ ਹਨ, ਇਨ੍ਹਾਂ ਨਾਲੋਂ ਪੁਰਾਣੀ ਲਿਖਤ ਜਾਂ ਪੁਸਤਕ ਦੁਨੀਆਂ ਭਰ ਵਿੱਚ ਕੋਈ ਨਹੀਂ। ਸਾਡੇ ਦੇਸ਼ ਵਿੱਚ ਬਹੁਤੇ ਲੋਕ ਵੇਦਾਂ ਨੂੰ ਅਨਾਦੀ ਮੰਨ ਕੇ ਵੀ ਸਤਿਕਾਰਦੇ ਹਨ। ਜਿਨ੍ਹਾਂ ਚਾਰ ਪੁਸਤਕਾਂ ਨੂੰ 'ਵੇਦ' ਕਹਿੰਦੇ ਹਨ, ਉਹ ਹਨ ਰਿਗਵੇਦ, ਸਾਮਵੇਦ, ਯਜੁਰਵੇਦ, ਅਥਰਵਵੇਦ, ਪਰ ਉਂਜ ਪ੍ਰਾਚੀਨ ਧਰਮ ਗ੍ਰੰਥਾਂ, ਬ੍ਰਾਹਮਣ ਅਤੇ ਉਪਨਿਸ਼ਦ, ਇਨ੍ਹਾਂ ਨੂੰ ਵੀ ਵੇਦ ਦਾ ਭਾਗ ਹੀ ਮੰਨਦੇ ਹਨ। ਉਹ ਸਾਰੇ ਧਰਮ ਗ੍ਰੰਥ, ਜਿਹੜੇ ਕਿ ਚਿਰਕਾਲ, ਪ੍ਰਾਚੀਨ ਸਮੇਂ ਤੋਂ ਸਾਡੇ ਦੇਸ਼ ਵਿੱਚ ਪ੍ਰਮਾਣੀਕ ਸਿਧਾਂਤਾਂ, 'ਬ੍ਰਹਮ', 'ਸੰਸਾਰ' ਆਦਿ ਦੇ ਮਸਲਿਆਂ ਦਾ ਨਿਰੂਪਣ ਕਰਦੇ ਹਨ, ਉਨ੍ਹਾਂ ਸਾਰੇ ਧਰਮ ਗ੍ਰੰਥਾਂ ਦਾ ਸਮੁੱਚਾ ਨਾਮ ਵੀ ਵੇਦ ਹੀ ਹੈ। ਇਸ ਵੇਦ ਵਿੱਚ ਪਹਿਲਾਂ ਪਹਿਲ ਯੱਗ, ਹੋਮ, ਬਲੀ ਆਦਿ ਕਰਨ ਦੀਆਂ ਵਿਧੀਆਂ ਦਾ ਹੀ ਵਰਨਣ ਕੀਤਾ ਹੁੰਦਾ ਸੀ ਅਤੇ ਸਮਝਿਆ ਇਹ ਜਾਂਦਾ ਸੀ ਕਿ ਯੱਗ, ਹੋਮ ਠੀਕ ਤਰੀਕੇ ਤੇ ਵਿਧੀ ਅਨੁਸਾਰ ਕਰਨ ਨਾਲ ਸਭ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਕੁਝ ਸਮਾਂ ਪਾ ਕੇ ਇਕ ਹੋਰ ਖ਼ਿਆਲ, ਹੌਲੀ-ਹੌਲੀ ਪ੍ਰਚੱਲਿਤ ਹੋਇਆ ਕਿ ਜਿਨਾ ਚਿਰ 'ਬ੍ਰਹਮ' ਅਤੇ 'ਆਤਮਾ' ਦੇ ਲੱਛਣਾਂ ਬਾਰੇ ਗਿਆਨ ਨਹੀਂ ਹੋ ਜਾਂਦਾ, 'ਸੰਸਾਰ' ਅਤੇ ਆਵਾਗਾਉਣ ਦੇ ਬੰਧਨਾਂ ਤੋਂ ਮੁਕਤੀ ਜਾਂ ਛੁਟਕਾਰਾ ਨਹੀਂ ਹੁੰਦਾ। ਇਹ ਖ਼ਿਆਲ ਅਤੇ ਇਹ ਵਿਚਾਰ ਹੀ ਉਪਨਿਸ਼ਦਾਂ ਵਿੱਚ ਦਿੱਤੇ ਹਨ। ਇਹ ਉਪਨਿਸ਼ਦ ਵੀ ਵੇਦ ਦਾ ਭਾਗ ਮੰਨ ਲਏ ਗਏ, ਪਰ ਅੰਤਿਮ ਭਾਗ। ਪਹਿਲਾ ਭਾਗ, ਯਗ ਹੋਮ ਕਰਨ ਦੀਆਂ ਵਿਧੀਆਂ ਬਾਰੇ

ਖ਼ਿਆਲ ਸਨ। ਇਉਂ ਇਹ ਉਪਨਿਸ਼ਦ ਵੇਦ ਦਾ ਅੰਤਿਮ ਭਾਗ ਜਾਂ ਵੇਦਾਂਤ ਅਖਵਾਏ। ਇਸ ਤਰ੍ਹਾਂ ਵੇਦ ਦੇ ਦੋਹਾਂ ਹਿੱਸਿਆਂ ਦਾ ਨਾਮ ਇਹ ਪੈ ਗਿਆ : ਕਰਮ ਕਾਂਡ ਅਤੇ ਗਿਆਨ ਕਾਂਡ। ਇਕ ਉਹ ਹਿੱਸਾ ਜਾਂ ਕਾਂਡ ਜੋ ਯਗ, ਹੋਮ ਆਦਿ ਕਰਮਾਂ ਰਾਹੀਂ ਮਨੁੱਖ ਦੀ 'ਸੰਸਾਰ' ਤੋਂ ਮੁਕਤੀ ਕਰਾ ਕੇ 'ਬ੍ਰਹਮ' ਨਾਲ ਮਿਲਣ ਦੇ ਸਾਧਨ ਦੱਸਦਾ ਹੈ ਅਤੇ ਦੂਜਾ ਉਹ ਹਿੱਸਾ ਜਾਂ ਕਾਂਡ ਜੋ ਗਿਆਨ ਦੁਆਰਾ ਮੁਕਤੀ ਦਾ ਰਾਹ ਦੱਸਦਾ ਹੈ।

ਸਮਾਂ ਪਾ ਕੇ ਗਿਆਨ ਕਾਂਡ ਜਾਂ ਉਪਨਿਸ਼ਦਾਂ ਦੇ ਖ਼ਿਆਲ ਸਿਲਸਲੇਵਾਰ ਜੁੜ ਕੇ ਫ਼ਲਸਫ਼ੇ ਦਾ ਰੂਪ ਧਾਰਨ ਕਰ ਗਏ। ਇਉਂ ਇਹ ਸਿਧਾਂਤ, ਮੀਮਾਂਸਾ ਕਹਾਉਣ ਲੱਗੇ। 'ਮੀਸਾਂਸਾ' ਕਹਿੰਦੇ ਹਨ, ਪੁੱਛ-ਗਿੱਛ, ਪੜਤਾਲ ਤੇ ਪੜਚੋਲ ਨੂੰ। ਤਦੋ ਵੇਦ ਦੇ ਗਿਆਨ ਕਾਂਡ ਨੂੰ 'ਉੱਤਰ-ਮੀਮਾਂਸਾ', ਭਾਵ ਪਿਛਲੇਰਾ ਮੀਮਾਂਸਾ ਕਹਿਣ ਲੱਗੇ। ਜਦੋਂ 'ਉੱਤਰ-ਮੀਮਾਂਸਾ', ਉਪਨਿਸ਼ਦਾਂ ਦੇ ਰੂਪ ਵਿੱਚ ਨਿਸ਼ਚਿਤ ਹੋ ਗਿਆ ਤਾਂ ਲੋੜ ਭਾਸੀ ਕਿ ਵੇਦ ਦੇ ਪਹਿਲੇ ਅਤੇ ਪੁਰਾਤਨ ਭਾਗ ਦੀ ਵੀ ਪੁੱਛ-ਗਿੱਛ ਅਤੇ ਪੜਤਾਲ ਕੀਤੀ ਜਾਵੇ ਜਾਂ ਉਸ ਦਾ 'ਮੀਮਾਂਸਾ' ਤਿਆਰ ਕੀਤਾ ਜਾਵੇ। ਇਹ ਪੜਤਾਲ ਜਦੋਂ ਵੇਦ ਦੇ ਕਰਮ ਕਾਂਡ ਬਾਰੇ ਮੁਕੰਮਲ ਹੋਈ ਤਾਂ 'ਪੂਰਵ-ਮੀਮਾਂਸਾ' ਕਹਿਲਾਈ। 'ਪੂਰਵ-ਮੀਮਾਂਸਾ' ਨੂੰ 'ਕਰਮ-ਮੀਮਾਂਸਾ' ਵੀ ਕਹਿੰਦੇ ਹਨ ਅਤੇ 'ਉੱਤਰ-ਮੀਮਾਂਸਾ' ਨੂੰ 'ਬ੍ਰਹਮ-ਮੀਮਾਂਸਾ' ਜਾਂ 'ਵੇਦਾਂਤ'।

ਇਹ ਛੇ ਦਰਸ਼ਨ ਉਪ੍ਰੋਕਤ ਪੁੱਛਾਂ-ਗਿੱਛਾਂ ਅਤੇ ਪੜਤਾਲਾਂ ਦਾ ਸਿੱਟਾ ਹਨ। ਇਹ ਕਹਿਣਾ ਕਠਿਨ ਹੈ, ਜੋ ਛੇ ਦਰਸ਼ਨ ਜਾਂ ਖਟ ਸ਼ਾਸਤਰ ਕਦੋਂ ਬੰਨ੍ਹੇ ਗਏ ਅਤੇ ਆਪਣੇ ਪ੍ਰਚਲਤ ਰੂਪ ਵਿੱਚ ਹੋਂਦ ਵਿੱਚ ਕਦੋਂ ਆਏ, ਪਰ ਇਸ ਵਿੱਚ ਸੰਸਾ ਨਹੀਂ, ਜੋ ਇਹ ਸ਼ਾਸਤਰ ਸੂਤਰ-ਰੂਪ ਵਿੱਚ ਘੱਟੋ-ਘੱਟ ਦੋ ਹਜ਼ਾਰ ਵਰ੍ਹੇ ਹੋਏ, ਜਦੋਂ ਰਚੇ ਗਏ।

ਇਹਨਾਂ ਛਿਆਂ ਸ਼ਾਸਤਰਾਂ ਨੂੰ ਵੇਦ ਵਿਆਖਿਆ ਮੰਨਦੇ ਹਨ ਅਤੇ ਇਹ ਛੇ ਸ਼ਾਸਤਰ ਅਤੇ ਇਹਨਾਂ ਛਿਆਂ ਸ਼ਾਸਤਰਾਂ ਵਿਚ ਦਰਸਾਏ ਛੇ ਦਰਸ਼ਨ ਜਾਂ ਛੇ ਫ਼ਲਸਫ਼ੇ ਅਜਿਹੇ ਰੂਪ ਵਿਚ ਹਨ ਕਿ ਇਹਨਾਂ ਦੇ ਤਿੰਨ ਜੋੜੇ ਬਣ ਜਾਂਦੇ ਹਨ। ਪਹਿਲਾ ਜੋੜਾ ਪੂਰਵ-ਮੀਮਾਂਸਾ, ਜਾਂ ਜਿਸ ਨੂੰ ਨਿਰਾ ਮੀਮਾਂਸਾ ਵੀ ਕਹਿ ਲੈਂਦੇ ਹਨ, ਉਸ ਦਾ ਅਤੇ ਉੱਤਰ-ਮੀਮਾਸਾਂ ਜਾਂ ਵੇਦਾਂਤ ਦਾ। ਦੂਜਾ ਜੋੜਾ ਸਾਂਖ-ਸ਼ਾਸਤਰ ਅਤੇ ਯੋਗ ਸ਼ਾਸਤਰ ਦਾ ਅਤੇ ਤੀਜਾ ਜੋੜਾ ਨਿਆਏ-ਸ਼ਾਸਤਰ ਅਤੇ ਵੈਸ਼ੇਸ਼ਿਕ ਸ਼ਾਸਤਰ ਦਾ। ਬੱਸ ਇਹ ਹੀ ਪ੍ਰਸਿੱਧ ਛੇ ਦਰਸ਼ਨ ਹਨ—ਮੀਮਾਂਸਾ, ਵੇਦਾਂਤ, ਸਾਂਖ, ਯੋਗ, ਨਿਆਏ ਅਤੇ ਵੈਸੇਸ਼ਿਕ ਅਤੇ ਇਹਨਾਂ ਦਰਸ਼ਨਾਂ ਨੂੰ ਜਿਨ੍ਹਾਂ ਗ੍ਰੰਥਾਂ ਵਿਚ ਸੂਤਰ ਰੂਪ ਵਿੱਚ ਲਿਖਿਆ ਹੈ, ਉਹ ਛੇ ਸ਼ਾਸਤਰ, ਖੱਟ ਸ਼ਾਸਤਰ ਹਨ।

ਮੀਮਾਂਸਾ ਕਹਿੰਦਾ ਹੈ ਕਿ ਵੇਦ ਅਨਾਦੀ ਹਨ ਅਤੇ ਦੱਸਦਾ ਹੈ ਕਿ ਵੇਦਾਂ ਵਿਚ ਕਿਨ੍ਹਾਂ-ਕਿਨ੍ਹਾਂ ਕਰਮਾਂ, ਯੱਗ, ਹੋਮ ਆਦਿ ਦੀ ਆਗਿਆ ਕੀਤੀ ਹੋਈ ਹੈ। ਇਹ ਯੱਗ, ਹੋਮ ਆਦਿ ਕਿਸ ਵਿਧੀ ਅਨੁਸਾਰ ਕਰਨੇ ਚਾਹੀਦੇ ਹਨ ਅਤੇ ਇਹਨਾਂ ਦੇ ਕੀ ਫਲ ਹਨ ? ਇਸ ਦਰਸ਼ਨ ਦੇ ਸੂਤਰਾਂ ਦਾ ਰਚਨਹਾਰ ਜੈਮਿਨੀ ਰਿਸ਼ੀ ਹੈ ਅਤੇ ਸ਼ਾਸਤਰ ਦਾ ਨਾਮ ਮੀਮਾਂਸਾ ਦਰਸ਼ਨ ਹੈ। ਸ਼ਵਰ ਸੁਆਮੀ ਨੇ ਇਸ ਗ੍ਰੰਥ ਦਾ ਟੀਕਾ ਲਿਖਿਆ ਹੈ ਅਤੇ ਕੁਮਾਰਲ ਭੱਟ, ਜੋ ਕਿ ਅਠਵੀਂ ਸਦੀ ਮਸੀਹੀ ਵਿਚ ਹੋਇਆ ਹੈ, ਨੇ ਇਸ ਗ੍ਰੰਥ ਉਤੇ ਵਾਰਤਿਕ ਵਿਚ ਟੀਕਾ-ਟਿੱਪਣੀ ਕੀਤੀ ਹੈ। ਮਾਧਵ ਆਚਾਰਯ ਨੇ ਮੀਮਾਂਸਾ ਦਰਸ਼ਨ ਉਤੇ ਬੜਾ ਪ੍ਰਸਿੱਧ ਗ੍ਰੰਥ, "ਜੈਮਿਨੀ-ਨਿਆਏ-ਮਾਲਾ-ਵਿਸਤਾਰ" ਨਾਮੀ ਲਿਖਿਆ ਸੀ। ਖ਼ਿਆਲ ਹੈ ਕਿ ਇਹੋ ਮਾਧਵਾਚਾਰਯ, ਓਹੋ ਸਾਯਨ ਨਾਮੀ ਵਿਦਵਾਨ ਹੈ, ਜਿਸ ਨੇ ਕਿ ਵੇਦਾਂ ਦਾ ਟੀਕਾ ਸਾਯਨ ਭਾਸ਼ਾ ਨਾਮੀ ਗ੍ਰੰਥ ਵਿਚ ਕੀਤਾ ਹੈ ਅਤੇ ਜੋ ਸੰਨ 1331 ਵਿਚ ਸੰਨਿਆਸੀਆਂ ਦੇ ਸ਼੍ਰਿੰਗੇਰੀ ਮੱਠ ਵਿਚ ਜਗਤ ਗੁਰੂ ਬਣ ਗਿਆ ਸੀ।

ਵੇਦਾਂਤ ਦਰਸ਼ਨ ਦੇ ਸਿਧਾਂਤ ਉਪਨਿਸ਼ਦਾਂ ਵਿੱਚ ਦਰਜ ਹਨ। ਪੜ੍ਹੇ-ਲਿਖੇ ਤੇ ਵਿਚਾਰਵਾਨ ਹਿੰਦੂਆਂ ਵਿਚ ਵੇਦਾਂਤ ਨੂੰ ਹੀ ਧਰਮ ਦੀ ਨੀਂਹ ਮੰਨਿਆ ਜਾਂਦਾ ਹੈ। ਵੇਦਾਂਤ ਦਾ ਕੇਂਦਰੀ ਸਿਧਾਂਤ ਇਹ ਹੈ ਕਿ ਅਸਲੀ, ਅਨਾਦੀ ਅਤੇ ਸਦਾ ਸਥਿਰ ਰਹਿਣ ਵਾਲੀ ਵਸਤੂ ਕੇਵਲ ਆਤਮਾ, ਪੁਰਸ਼ ਜਾਂ ਬ੍ਰਹਮ ਹੀ ਹੈ, ਜਿਸ ਵਿੱਚੋਂ ਸਾਰਾ ਸੰਸਾਰ ਦ੍ਰਿਸ਼ਟ-ਅਦ੍ਰਿਸ਼ਟ ਪਰਗਟ ਹੁੰਦਾ ਅਤੇ ਨਿਕਲਦਾ ਹੈ ਅਤੇ ਜਿਸ ਵਿਚ ਸਭ ਕੁਝ ਗਿਆਨ ਦੀ ਪ੍ਰਾਪਤੀ ਹੋਣ ਨਾਲ ਸਮਾ ਜਾਵੇਗਾ। "ਜਹਿ ਤੇ ਉਪਜਿਓ ਨਾਨਕਾ, ਲੀਨ ਤਾਹਿ ਮਹਿ ਮਾਨ।" ਕਠ ਉਪਨਿਸ਼ਦ ਵਿੱਚ ਕਿਹਾ ਹੈ: "ਗਿਆਨ-ਇੰਦ੍ਰਿਆਂ ਤੋਂ ਪਰੇ ਮਨ ਹੈ। ਮਨ ਤੋਂ ਪਰੇ ਬੁੱਧੀ ਹੈ, ਬੁੱਧੀ ਤੋਂ ਪਰੇ ਆਤਮਾ। ਆਤਮਾ ਤੋਂ ਪਰੇ ਅਵਯਕਤਮ (ਜਿਸ ਦਾ ਵਯਕਤ ਜਾਂ ਫੈਲਾਉ ਨਹੀਂ ਹੋਇਆ) ਹੈ ਅਤੇ ਅਵਯੱਕਤਮ ਦੇ ਪਿਛੇ ਅਲਿੰਗ, ਅਨੰਤ, ਪੁਰਸ਼ ਹੈ। ਜੋ ਭੀ ਉਸ ਪੁਰਸ਼ ਦਾ ਗਿਆਨ ਪ੍ਰਾਪਤ ਕਰਦਾ ਹੈ, ਉਸ ਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।" ਵੇਦਾਂਤ ਦਰਸ਼ਨ ਦੇ ਸੂਤਰ ਬਾਦਰਾਯਣ ਰਿਸ਼ੀ ਦੇ ਰਚੇ ਹੋਏ ਮੰਨੇ ਜਾਂਦੇ ਹਨ ਅਤੇ ਬ੍ਰਹਮ-ਸੂਤਰ ਅਖਵਾਉਂਦੇ ਹਨ। ਇਹਨਾਂ ਬ੍ਰਹਮ ਸੂਤਰਾਂ ਦਾ ਸਭ ਤੋਂ ਪ੍ਰਸਿੱਧ ਟੀਕਾਕਾਰ ਸ਼ੰਕਰਾਚਾਰਯ ਹੋਇਆ ਹੈ, ਜਿਸ ਨੇ ਕਿ ਬਹੁਤ ਸਾਰੇ ਉਪਨਿਸ਼ਦਾਂ ਅਤੇ ਭਾਗਵਦ-ਗੀਤਾ ਦਾ ਟੀਕਾ ਵੀ ਕੀਤਾ ਹੈ। ਸ਼ੰਕ੍ਰਾਚਾਰਯ ਨੇ ਜੋ ਟੀਕਾ ਬ੍ਰਹਮ ਸੂਤਰਾਂ ਦਾ ਕੀਤਾ ਹੈ, ਉਹ ਅਦਵੈਤ-ਵਾਦ ਕਹਾਉਂਦਾ ਹੈ। ਬ੍ਰਹਮ-ਸੂਤਰ ਬੜੇ ਗੋਝ ਤੇ ਅਸਪੱਸ਼ਟ ਜਿਹੇ ਸ਼ਬਦਾਂ ਵਿੱਚ ਕਹੇ ਹੋਏ ਹਨ ਅਤੇ ਉਨ੍ਹਾਂ ਦੇ ਭਿੰਨ-ਭਿੰਨ ਅਰਥ ਤੇ ਟੀਕੇ ਕਈ ਵਿਦਵਾਨਾਂ ਨੇ ਕੀਤੇ ਹਨ। ਸ਼ੰਕ੍ਰਾਚਾਰਯ ਦੇ ਕੀਤੇ ਅਰਥਾਂ ਅਨੁਸਾਰ

ਉਨ੍ਹਾਂ ਦਾ ਭਾਵ ਇਹ ਹੈ ਕਿ ਦ੍ਰਿਸ਼ਟ ਸੰਸਾਰ ਐਵੇਂ ਨਜ਼ਰਾਂ ਤੇ ਦ੍ਰਿਸ਼ਟੀ ਦਾ ਧੋਖਾ ਅਤੇ ਮਨੁੱਖ ਦੀ ਆਤਮਾ ਅਗਿਆਨ ਵਿਚ ਫੱਸੀ ਹੋਈ ਹੋਣ ਕਰਕੇ ਉਹਨੂੰ ਇਉਂ ਬਿਆਪਦਾ ਹੈ, ਜਿਵੇਂ ਸੁੱਤੇ ਪਏ ਆਦਮੀ ਨੂੰ ਸੁਪਨਾ ਭਾਸਦਾ ਹੈ। ਜੋ ਦ੍ਰਿਸ਼ਟਮਾਨ ਹੈ, ਉਸ ਦਾ ਗਿਆਨ ਵਿਵਹਾਰਕ ਹੈ। ਬ੍ਰਹਮ ਦਾ ਗਿਆਨ ਪ੍ਰਮਾਰਥਕ, ਅਸਲੀ ਤੇ ਸੱਚਾ ਗਿਆਨ ਹੈ। ਦ੍ਰਿਸ਼ਟਮਨ ਸੰਸਾਰ; ਬ੍ਰਹਮ ਦਾ ਪਰਛਾਵਾਂ ਜਾਂ ਪ੍ਰਤਿਬਿੰਬ ਹੈ, ਅਸਲੀਅਤ ਨਹੀਂ। ਜੇ ਪੁੱਛਿ ਕਿ ਜਦੋਂ ਸਭ ਕੁਝ ਬ੍ਰਹਮ ਹੀ ਬ੍ਰਹਮ ਹੈ, ਤਾਂ ਇਹ ਪਰਛਾਵਾਂ ਕਿਵੇਂ ਤੇ ਕਿਉਂ ਬਣਿਆ ? ਤਾਂ ਸ਼ੰਕ੍ਰਾਚਾਰਯ ਦਾ ਉੱਤਰ ਹੈ ਕਿ ਪਰਛਾਂਵੇਂ ਦਾ ਕਾਰਣ ਅਗਿਆਨ ਹੈ ਅਤੇ ਇਸ ਅਗਿਆਨ ਦਾ ਰਚਣਹਾਰ ਆਪ ਬ੍ਰਹਮ ਹੈ ਤਾਂ ਜੋ ਸੰਸਾਰ ਦੀ ਉਤਪਤੀ ਹੋ ਸਕੇ। ਜੋ ਪੁੱਛੇ ਕਿ ਅਗਿਆਨ ਰੂਪੀ ਸੰਸਾਰ ਦੀ ਉਤਪਤੀ ਦਾ ਮਨੋਰਥ ਬ੍ਰਹਮ ਨੇ ਕੀ ਮਿੱਥਿਆ ਹੈ ? ਤਾਂ ਉੱਤਰ ਹੈ, ਕਿ ਮਨੋਰਥ ਕੋਈ ਨਹੀਂ, ਇਹ ਐਵੇਂ ਲੀਲਾ ਹੈ, ਜਿਸ ਦੇ ਅਰਥ ਹਨ, ਬਿਨਾਂ ਕਿਸੇ ਮਨੋਰਥ ਤੋਂ ਖੇਡ ਖੇਡਣੀ। ਜੇ ਬ੍ਰਹਮ ਵਿੱਚ ਮਨੋਰਥ ਦੀ ਹੋਂਦ ਮੰਨ ਲਈਏ ਤਾਂ ਇਉਂ ਮੰਨਣਾ ਪਵੇਗਾ ਕਿ ਬ੍ਰਹਮ ਸੰਪੂਰਣ ਅਤੇ ਆਪਣੇ ਆਪ ਵਿਚ ਮੁਕੰਮਲ ਨਹੀਂ। ਅਜੇ ਉਸ ਵਿਚ ਮਨੋਰਥ ਪੂਰਤੀ ਦੀ ਲੋੜ ਹੈ। ਇਸ ਲਈ ਸੰਸਾਰ ਦੀ ਉਤਪਤੀ ਕਿਸੇ ਮਨੋਰਥ ਪੂਰਤੀ ਲਈ ਨਹੀਂ, ਸਗੋਂ ਐਵੇਂ ਲੀਲਾ ਲਈ ਹੈ। ਇਹ ਹੈ ਸ਼ੰਕ੍ਰਾਚਾਰਯ ਦਾ ਅਦਵੈਤ-ਵਾਦ।

ਬ੍ਰਹਮ-ਸੂਤਰਾਂ ਦਾ ਇਕ ਹੋਰ ਪ੍ਰਸਿੱਧ ਟੀਕਾ ਰਾਮਾਨੁਜ ਨੇ ਕੀਤਾ ਹੈ ਜੋ ਕਿ 'ਸ਼੍ਰੀ ਭਾਸ਼' ਕਰਕੇ ਪ੍ਰਸਿੱਧ ਹੈ। ਰਾਮਾਨੁਜ ਸ੍ਰੀ ਵੈਸ਼ਨਵ ਮੱਤ ਦਾ ਬਾਨੀ ਹੋਇਆ ਹੈ ਅਤੇ ਉਸ ਦਾ ਸਮਾਂ ਬਾਰ੍ਹਵੀਂ ਸਦੀ ਦਾ ਪੂਰਬਾਰਧ ਹੈ। ਰਾਮਾਨੁਜ ਨੇ ਜੋ ਬ੍ਰਹਮ ਸੂਤਰਾਂ ਦੇ ਅਰਥ ਕੀਤੇ ਹਨ ਅਤੇ ਜੋ ਸਿਧਾਂਤ ਸਹੀ ਕੀਤਾ ਹੈ, ਉਹ ਸ਼ੰਕ੍ਰਾਚਾਰਯ ਦੇ ਅਦਵੈਤਵਾਦ ਦੇ ਮੁਕਾਬਲੇ ਉਤੇ ਵਸ਼ਿਸ਼ਟ ਅਦ੍ਵੈਤ ਕਹਾਉਂਦਾ ਹੈ। ਅਦਵੈਤ ਉਹ ਹੈ, ਜਿਸ ਵਿਚ ਗੁਣਾਂ ਦੀ ਵਿਸ਼ੇਸ਼ਤਾ ਹੋਵੇ। ਰਾਮਾਨੁਜ ਨੇ ਬ੍ਰਹਮ-ਸੂਤਰਾਂ ਦਾ ਜੋ ਟੀਕਾ ਕੀਤਾ, ਉਸ ਦਾ ਸਿਧਾਂਤ ਇਹ ਸੀ ਕਿ ਬ੍ਰਹਮ, ਰੂਪ ਰਹਿਤ, ਗੁਣ ਰਹਿਤ ਨਹੀਂ ਅਤੇ ਨਾ ਹੀ ਉਹ ਸਭ ਕੁਛ ਹੈ। ਸਭ ਸ਼ੁਭ ਗੁਣ ਬ੍ਰਹਮ ਦਾ ਵਿਸ਼ੇਸ਼ਣ ਹਨ, ਪਰੰਤੂ ਪ੍ਰਕਿਰਤੀ ਬ੍ਰਹਮ ਨਾਲੋਂ ਭਿੰਨ ਹੈ। ਮਨੁੱਖ ਦੋਹਾਂ ਚੀਜ਼ਾਂ ਦੇ ਮੇਲ ਨਾਲ ਬਣਿਆ ਹੈ : ਚਿੱਤ ਅਤੇ ਅਚਿੱਤ। ਚਿੱਤ, ਆਤਮਾ ਹੈ ਅਤੇ ਬ੍ਰਹਮ ਦਾ ਰੂਪ ਹੈ। ਅਚਿਤ ਮਾਦਾ, ਪ੍ਰਕ੍ਰਿਤੀ ਹੈ ਅਤੇ ਬ੍ਰਹਮ ਨਹੀਂ ਹੈ। ਰਾਮਾਨੁਜ ਨੇ ਅਵਤਾਰ ਵਾਦ ਦੇ ਸਿਧਾਂਤ ਦੀ ਪੁ੍ਰੜ੍ਹਤਾ ਕਰਨ ਲਈ ਅਤੇ ਭਗਤੀ ਦਾ ਪ੍ਰਚਾਰ ਕਰਨ ਲਈ ਬ੍ਰਹਮ-ਸੂਤਰਾਂ ਵਿਚੋਂ ਵਸ਼ਿਸ਼ਟ ਅਦਵੈਤ ਦਾ ਸਿਧਾਂਤ ਕੱਢਿਆ। ਆਤਮਾ ਪ੍ਰਕਿਤੀ

ਦੇ ਮੇਲ ਨਾਲ ਮਨੁੱਖੀ ਰੂਪ ਧਾਰਨ ਕਰਦੀ ਹੈ ਅਤੇ ਇਉਂ ਆਤਮਾ ਆਪਣੇ ਅਸਲੇ ਬ੍ਰਹਮ ਤੋਂ ਕੱਟੀ ਜਾਂਦੀ ਹੈ। ਬ੍ਰਹਮ-ਆਤਮਾ ਕਦੇ-ਕਦੇ ਇਨ੍ਹਾਂ ਵਿਛੁੜੀਆਂ ਹੋਈਆਂ ਆਤਮਾ ਦੇ ਉਧਾਰ ਲਈ ਮਨੁੱਖੀ ਰੂਪ ਧਾਰਨ ਕਰਦੀ ਜਾਂ ਅਵਤਾਰ ਲੈਂਦੀ ਹੈ, ਪਰ ਪ੍ਰਕ੍ਰਿਤੀ ਨਾਲ ਮੇਲ ਕਰਕੇ, ਉਸ ਵਿਚ ਊਣ ਤੇ ਘਾਟ ਨਹੀਂ ਪੈਂਦੀ। ਮਨੁੱਖ ਦੀ ਮੁਕਤੀ ਬ੍ਰਹਮ ਦੇ ਅਵਤਾਰ ਧਾਰਨ ਕੀਤੇ ਹੋਏ ਕਿਸੇ ਰੂਪ ਦੀ ਭਗਤੀ ਕੀਤਿਆਂ ਹੀ ਹੋ ਸਕਦੀ ਹੈ, ਕੇਵਲ ਗਿਆਨ ਨਾਲ ਨਹੀਂ। ਗਿਆਨ ਪ੍ਰਾਪਤੀ ਨਾਲ ਇਹ ਭੇਤ ਖੁਲ੍ਹ ਜਾਂਦਾ ਹੈ ਕਿ ਕਿਵੇਂ ਬ੍ਰਹਮ ਅਵਤਾਰ ਲੈਂਦਾ ਹੈ ਅਤੇ ਕਿਵੇਂ ਬ੍ਰਹਮ ਦੀ ਅੰਸ਼ ਆਤਮਾ, ਪ੍ਰਕ੍ਰਿਤੀ ਦੇ ਮੇਲ ਨਾਲ ਅਵਿੱਦਿਆ ਅਤੇ ਅਗਿਆਨ ਵਿਚ ਫਸ ਜਾਂਦੀ ਹੈ ਅਤੇ ਕਿਵੇਂ ਭਗਤੀ ਕਰਨ ਨਾਲ ਆਤਮਾ ਬ੍ਰਹਮ ਵਿਚ ਲੀਨ ਹੋ ਸਕਦੀ ਹੈ। ਗਿਆਨ ਭਗਤੀ ਵੱਲ ਲੈ ਜਾਂਦਾ ਹੈ, ਮੁਕਤੀ ਵੱਲ ਨਹੀਂ। ਮੁਕਤ ਭਗਤੀ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਬੰਧਨ ਦਾ ਕਾਰਣ ਅਗਿਆਨ ਨਹੀਂ, ਅਸ਼ਰਧਾ ਹੈ। ਇਹਨਾਂ ਸਿਧਾਂਤਾ ਦਾ ਪ੍ਰਚਾਰ ਰਾਮਾਨੁਜ ਨੇ ਵਸ਼ਿਸ਼ਟ ਅਦਵੈਤ ਦਵਾਰਾ ਕੀਤਾ।

ਬਾਰ੍ਹਵੀਂ ਸਦੀ ਦੇ ਉਤਰਾਰਧ ਵਿਚ ਇਹ ਹੋਰ ਬ੍ਰਹਮ-ਸੂਤਰ ਦਾ ਪ੍ਰਸਿੱਧ ਟੀਕਾਕਾਰ ਹੋਇਆ ਹੈ, ਜੋ ਪੂਰਣ ਪ੍ਰਜਨ ਜਾਂ ਮਾਧਵਾ-ਚਾਰਯ ਅਖਵਾਂਦਾ ਹੈ। ਇਹ ਉਹ ਮਾਧਵਾਚਾਰਯ ਨਹੀਂ, ਜਿਸ ਦਾ ਇਕ ਨਾਮ ਸਾਯਨ ਸੀ ਅਤੇ ਜਿਸ ਨੇ ਸਾਯਨ-ਭਾਸ਼ ਨਾਮੀ ਵੇਦਾਂ ਦਾ ਟੀਕਾ ਕੀਤਾ ਹੈ। ਉਹ ਮਾਧਵਚਾਰਯ ਸ਼ੰਕ੍ਰਾਚਾਰਯ ਦੇ ਸਥਾਪਤ ਕੀਤੇ ਮੱਠ, ਸ਼੍ਰਿੰਗੇਰੀ ਦਾ ਜਗਤ ਗੁਰੂ ਕੋਈ ਡੇਢ ਸੌ ਵਰ੍ਹਾ ਪਹਿਲਾਂ ਹੋ ਚੁੱਕਾ ਸੀ। ਇਸ ਮਾਧਵਾਚਾਰਯ ਨੇ ਬ੍ਰਹਮ ਸੂਤਰਾਂ ਦਾ ਟੀਕਾ ਇਉਂ ਕੀਤਾ ਕਿ ਅਦਵੈਤ-ਵਾਦ ਅਤੇ ਵਸ਼ਿਸ਼ਟ ਅਦਵੈਤ ਦੋਹਾਂ ਨਾਲੋਂ ਵੱਖਰਾ ਇਕ ਤੀਜਾ ਸਿਧਾਂਤ ਸਥਾਪਤ ਕੀਤਾ, ਜੋ ਕਿ ਦਵੈਤ-ਵਾਦ ਅਖਵਾਉਂਦਾ ਹੈ। ਉਸ ਨੇ ਕਿਹਾ ਕਿ ਪ੍ਰਮਾਤਮਾ ਅਤੇ ਜੀਵਾਤਮਾ ਅਥਵਾ ਬ੍ਰਹਮ ਅਤੇ ਮਨੁੱਖੀ ਆਤਮਾ ਇਕੋ ਨਹੀਂ, ਸਗੋਂ ਭਿੰਨ-ਭਿੰਨ ਹਨ। ਇਹ ਜੀਵਾਤਮਾ ਅਨੇਕ ਹਨ ਅਤੇ ਪ੍ਰਮਾਤਮਾ ਵਾਂਗਰ ਹੀ ਅਨਾਦੀ ਅਤੇ ਨਾਸ਼-ਰਹਿਤ ਅਬਿਨਾਸ਼ੀ ਹਨ, ਪਰ ਭਾਵੇਂ ਜੀਵਾਤਮਾ, ਪ੍ਰਮਾਤਮਾ ਨਾਲੋਂ ਭਿੰਨ ਹੈ, ਪਰ ਪ੍ਰਮਾਤਮਾ ਹੀ ਜੀਵਾਤਮਾ ਦਾ ਆਧਾਰ ਹੈ, 'ਜਿਵੇਂ ਕਿ ਬਿਰਛ ਦੇ ਪੱਤਿਆਂ ਨੂੰ ਬਿਰਛ ਦੇ ਮੁੱਢ ਵਿੱਚੋਂ ਰਸ ਪਹੁੰਚ ਕੇ ਸੁਰਜੀਤ ਰੱਖਦਾ ਹੈ।' ਮਾਧਵਾਚਾਰਯ ਨੇ ਵੀ ਰਾਮਾਨੁਜ ਵਾਂਗਰ ਬ੍ਰਹਮ ਅਤੇ ਵਿਸ਼ਨੂੰ ਨੂੰ ਇਕੋ ਰੂਪ ਦੱਸਿਆ ਅਤੇ ਅਵਤਾਰਵਾਦ ਦਾ ਪ੍ਰਚਾਰ ਕੀਤਾ ਤੇ ਕਿਹਾ ਕਿ ਭਗਤੀ ਹੀ

ਮੁਕਤੀ ਦਾ ਇਕੋ-ਇਕ ਸਾਧਨ ਹੈ। ਵਿਸ਼ਨੂੰ ਦੇ ਨਾਲ ਹੀ ਅਨੰਤ ਰੂਪ ਲਕਸ਼ਮੀ ਸ਼ਕਤੀ ਜਾਂ 'ਸ੍ਰੀ' ਦਾ ਦੱਸਿਆ ਤੇ ਕਿਹਾ ਕਿ ਜੜ੍ਹ ਪ੍ਰਕ੍ਰਿਤੀ 'ਸ੍ਰੀ' ਜਾਂ ਲਕਸ਼ਮੀ ਦੀ ਸ਼ਕਤੀ ਨਾਲ ਹੀ ਸੰਸਾਰ ਦਾ ਰੂਪ ਧਾਰਨ ਕਰਦੀ ਹੈ।

ਬ੍ਰਹਮ ਸੂਤਰਾਂ ਦੇ ਇਹ ਤਿੰਨ ਸਿਧਾਂਤ, ਵੇਦਾਂਤ ਦੇ ਪ੍ਰਚਲਤ ਤੇ ਪ੍ਰਮਾਣੀਕ ਰੂਪ ਹਨ।

ਸਾਂਖਯ ਦੇ ਅਰਥ ਹਨ—ਸੰਖਿਯਾ, ਗਣਿਤ। ਸਾਂਖਯ ਦਰਸ਼ਨ ਦਾ ਇਹ ਨਾਮ ਇਸ ਕਰਕੇ ਪਿਆ ਹੈ ਕਿ ਇਸ ਅਨੁਸਾਰ ਪੰਝੀ ਤੱਤਵ, ਦ੍ਰਿਸ਼ਟ ਅਦ੍ਰਿਸ਼ਟ ਹਨ, ਜੋ ਕਿ ਅਬਿਨਾਸ਼ੀ ਅਨਾਦੀ ਅਤੇ ਇਕ ਦੂਜੇ ਕੋਲੋਂ ਸਵਤੰਤਰ ਹਨ। ਵੇਦਾਂਤ ਦਾ ਮੱਤ ਹੈ ਕਿ ਇਕ ਅਬਿਨਾਸ਼ੀ ਅਤੇ ਅਨਾਦੀ ਤੱਤਵ 'ਬ੍ਰਹਮ' ਹੈ ਅਤੇ ਅਗਿਆਨ ਦੇ ਕਾਰਣ ਭਾਸ ਰਹੀ ਮਾਯਾ ਹੈ, ਜੋ ਕਿ ਤੱਤਵ ਨਹੀਂ ਅਤੇ ਵਿਨਾਸ਼ੀ ਹੈ। ਸਾਂਖਯ ਚਵ੍ਹੀ ਜੜ੍ਹ ਅਤੇ ਇਕ ਪੱਚੀਵਾਂ ਚੇਤੰਨ ਤੱਤਵ ਮੰਨਦਾ ਹੈ ਅਤੇ ਸੰਸਾਰ ਦੀ ਉਤਪਤੀ ਮੂਲ ਪ੍ਰਕ੍ਰਿਤੀ ਅਤੇ ਪੁਰਸ਼, ਜੋ ਕਿ ਬੇਅੰਤ ਹਨ, ਦੇ ਮੇਲ ਤੋਂ ਮੰਨਦਾ ਹੈ। ਸਾਂਖਯ ਮੱਤ ਕਿਸੇ ਕਰਤਾਰ ਈਸ਼ਵਰ ਨੂੰ ਨਹੀਂ ਮੰਨਦਾ, ਇਸ ਕਰਕੇ ਸਾਂਖਯ ਦਰਸ਼ਨ ਨੂੰ ਨਿਰਈਸ਼ਵਰ ਦਰਸ਼ਨ ਭੀ ਕਹਿੰਦੇ ਹਨ। ਇਸ ਦਾ ਸਿਧਾਂਤ ਇਉਂ ਹੈ ਕਿ ਮੂਲ ਪ੍ਰਕ੍ਰਿਤੀ, ਜਿਸ ਨੂੰ 'ਪ੍ਰਧਾਨ' ਵੀ ਕਿਹਾ ਹੈ, ਹੌਲੀ-ਹੌਲੀ ਵਿਕਾਸ ਕਰਦੀ-ਕਰਦੀ ਸੰਸਾਰ ਦੇ ਕਈ ਰੂਪ ਆਕਾਰ ਅਖਤਿਆਰ ਕਰ ਗਈ ਹੈ, ਪਰ ਮੂਲ ਪ੍ਰਕ੍ਰਿਤੀ ਆਤਮਾ ਨਹੀਂ ਬਣ ਸਕਦੀ। ਇਹ ਮੂਲ ਪ੍ਰਕ੍ਰਿਤੀ ਮਾਦੇ ਦਾ ਉਹ ਰੂਪ ਹੈ, ਜਿਸ ਵਿੱਚ ਤਿੰਨੇ ਗੁਣ—ਰਜੋ, ਤਮੋ ਅਤੇ ਸਤੋ, ਸਮ ਅਵਸਥਾ ਵਿੱਚ ਹੋਣ। ਸਾਂਖਯ ਮੱਤ ਅਨੁਸਾਰ ਜਗਤ ਨਿੱਤਯ ਹੈ ਅਤੇ ਆਪਣੀ ਪ੍ਰੇਰਣਾ ਨਾਲ, ਜਿਸ ਨੂੰ ਕਿ 'ਪਰਿਣਾਮ' ਪ੍ਰਵਾਹ ਕਹਿੰਦੇ ਹਨ, ਬਦਲਦਾ ਤੇ ਚਲਦਾ ਰਹਿੰਦਾ ਹੈ। ਪ੍ਰਕ੍ਰਿਤੀ ਪੁਰਸ਼ ਤੋਂ ਬਿਨਾਂ ਅਤੇ ਪੁਰਸ਼ ਪ੍ਰਕ੍ਰਿਤੀ ਤੋਂ ਬਿਨਾਂ ਨਿਹੱਫਲ ਹਨ ਅਤੇ ਹਰ ਸਰੀਰ ਦੇ ਜੀਵਾਤਮਾ ਭਿੰਨ-ਭਿੰਨ ਹਨ। ਸਥੂਲ ਸਰੀਰ ਜੋ ਮਾਨੁੱਖ ਦਾ ਹੈ, ਉਸ ਦਾ ਆਧਾਰ ਇਕ ਸੂਖਸ਼ਮ ਸਰੀਰ ਹੈ ਜੋ ਕਿ ਬੁੱਧੀ, ਅਹੰਕਾਰ, ਗਿਆਨ ਇੰਦ੍ਰਿਆ ਆਦਿ ਤੋਂ ਬਣਿਆ ਹੈ। ਸਥੂਲ ਸਰੀਰ ਜਦ ਮਰ ਜਾਂਦਾ ਹੈ ਤਾਂ ਸੂਖਸ਼ਮ ਸਰੀਰ ਆਪਣੇ ਕਰਮਾਂ ਦਾ ਪ੍ਰੇਰਿਆ ਹੋਇਆ ਇਕ ਸਰੀਰ ਨੂੰ ਛੱਡ ਕੇ ਦੂਜੇ ਸਰੀਰ ਵਿੱਚ ਚਲਾ ਜਾਂਦਾ ਹੈ। ਜਦ ਪੁਰਸ਼ ਨੂੰ ਬਿਬੇਕ ਬੁੱਧੀ ਪ੍ਰਾਪਤ ਹੁੰਦੀ ਹੈ ਤਾਂ ਉਹ ਆਪਣੇ ਆਪ ਨੂੰ ਮੂਲ ਪ੍ਰਕ੍ਰਿਤੀ ਅਤੇ ਮੂਲ ਪ੍ਰਕ੍ਰਿਤੀ ਦੇ ਰੂਪਾਂ, ਬੁੱਧੀ ਅਹੰਕਾਰ ਆਦਿ ਤੋਂ ਭਿੰਨ ਦੇਖ ਲੈਂਦਾ ਹੈ। ਬਸ ਇਹੋ ਮੁਕਤੀ ਹੈ, ਇਸ ਬਿਬੇਕ ਗਿਆਨ ਦੀ ਪ੍ਰਾਪਤੀ।

ਸਾਂਖਯ ਦਰਸ਼ਨ ਦੇ ਸੂਤਰਾਂ ਦਾ ਕਰਤਾ ਕਪਲ ਮੁਨੀ ਹੈ ਅਤੇ 'ਸਾਂਖਯ-ਸੂਤਰ' ਯਾ 'ਸਾਂਖਯ-ਪ੍ਰਵੱਚਨ' ਨਾਮੀ ਸ਼ਾਸਤਰ ਉਸੇ ਨੇ ਰਚਿਆ ਹੈ।

ਯੋਗ ਦਰਸ਼ਨ ਅਸਲ ਵਿਚ ਸਾਂਖਯ ਦਰਸ਼ਨ ਦੀ ਹੀ ਸ਼ਾਖਾ ਹੈ ਅਤੇ ਸਾਂਖਯ ਦੇ ਪੰਝੀ ਤੱਤਾਂ ਨੂੰ ਮੰਨਦਾ ਹੈ। ਪੰਝੀਵਾਂ ਤੱਤਵ, ਸਾਂਖਯ ਦਰਸ਼ਨ ਵਿਚ ਪੁਰਸ਼ ਹੈ ਅਤੇ ਯੋਗ ਦਰਸ਼ਨ ਇਕ ਛਬੀਵਾਂ ਤੱਤਵ ਮੰਨਦਾ ਹੈ : ਨਿਰਗੁਣ ਪੁਰਸ਼। ਇਸ ਲਈ ਯੋਗ ਦਰਸ਼ਨ ਨੂੰ ਸਵੇਸ਼ਵਰ ਸਾਂਖਯ ਕਹਿੰਦੇ ਹਨ, ਉਹ ਸਾਂਖਯ ਜੋ ਈਸ਼ਵਰ ਨੂੰ ਮੰਨਦਾ ਹੈ। ਮੁਕਤੀ ਦਾ ਰਾਹ ਯੋਗ ਦਰਸ਼ਨ ਇਉਂ ਦੱਸਦਾ ਹੈ ਕਿ ਪੁਰਸ਼ ਦ੍ਰਿਸ਼ਟਾ, ਦੇਖਣਹਾਰ ਹੈ ਅਤੇ ਬਾਕੀ ਸਾਰਾ ਵਿਸ਼ਵ ਦ੍ਰਿਸ਼ਯ, ਦੇਖਿਆ ਜਾਣ ਵਾਲਾ ਹੈ। ਜਦ ਚਿੱਤ ਦੀਆਂ ਵਿਰ੍ਤੀਆਂ ਰੁਕ ਜਾਂਦੀਆਂ ਹਨ ਤਾਂ ਕੋਈ ਦ੍ਰਿਸ਼ਯ ਨਾ ਹੋਣ ਕਰਕੇ, ਚਿੱਤ ਆਪਣੇ ਆਪ ਨੂੰ ਹੀ ਦ੍ਰਿਸ਼ਯ ਬਣਾ ਲੈਂਦਾ ਹੈ। ਇਹੋ ਨਿਜਸਵਰੂਪ ਵਿਚ ਸਥਿਤਿ ਹੈ ਤੇ ਮੁਕਤੀ ਹੈ। ਚਿੱਤ ਦੇ ਪੂਰਨ ਇਕਾਗਰਤਾ ਨੂੰ ਪ੍ਰਾਪਤ ਹੋਣ ਦਾ ਨਾਮ ਹੀ ਯੋਗ ਹੈ। ਪਾਤੰਜਲੀ ਜਿਸ ਨੇ ਯੋਗ ਸ਼ਾਸਤਰ ਜਾਂ ਯੋਗ-ਸੂਤਰ ਬਣਾਏ ਹਨ, ਉਸਦਾ ਪਹਿਲਾ ਸੂਤਰ ਹੀ ਇਉਂ ਹੈ, "ਯੋਗਾਹਿ ਚਿੱਤ ਵ੍ਰਿਤੀ ਨਿਰੋਪਹ", ਭਾਵ ਇਹ ਕਿ ਯੋਗ ਚਿੱਤ ਦੀਆਂ ਵ੍ਰਿਤੀਆਂ ਦੇ ਨਿਰੋਧ ਜਾਂ ਰੋਕ ਨੂੰ ਕਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 'ਬਚਿੱਤ੍ਰ ਨਾਟਕ' ਵਿੱਚ ਦੱਸਿਆ ਹੈ ਕਿ ਪਿਛਲੇ ਜਨਮ ਉਹਨਾਂ ਨੇ ਅਨੇਕ ਪਰਕਾਰ ਦੇ ਤਪੱਸਿਆ ਸਾਧਨ ਕੀਤੇ ਅਤੇ ਅਕਾਲ ਪੁਰਖ ਦਾ ਆਰਾਧਨ ਕੀਤਾ। ਕਵੀ ਸੰਤੋਖ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਹਨਾਂ ਸਾਧਨਾਂ ਦਾ ਵਰਨਣ ਕਰਦਿਆਂ ਲਿਖਿਆ ਹੈ ਕਿ, "ਸਰਬ ਜੋਤ ਕੀ ਜੋਤ ਉਦੋਂ ਤਕ ਅਸ ਸਰੂਪ ਮੈ ਰਹੇ ਸਮਾਇ।" ਭਾਵ ਇਹ ਕਿ ਗੁਰੂ ਇਸ ਵੇਲੇ ਮਾਨੁੱਖ ਦੀ ਆਤਮਾ ਦਾ ਜੋ ਆਧਾਰ ਧਰਮ ਆਤਮਾ ਹੈ, ਉਸ ਮਹਾਨ ਤੱਤਵ ਵਿਚ ਜੋ ਕਿ ਮਨੁੱਖ ਦਾ ਨਿੱਜ ਤੇ ਅਸਲੀ ਰੂਪ ਹੈ, ਉਸ ਨੂੰ ਹੀ ਦ੍ਰਿਸ਼ਯ ਪ੍ਰਤੀਤ ਕਰਕੇ, ਉਸ ਵਿਚ ਸਮਾ ਗਏ। ਇਹ ਸਿਧਾਂਤ ਯੋਗ ਦਰਸ਼ਨ ਦੇ ਹੀ ਹਨ।

ਨਿਆਇ ਅਤੇ ਵੈਸ਼ੇਸ਼ਿਕ ਵਾਸਤਵ ਵਿਚ ਇਕੋ ਦਰਸ਼ਨ ਦੀਆਂ ਦੋ ਸ਼ਾਖਾਂ ਹਨ। ਇਹਨਾਂ ਦੋਹਾਂ ਸ਼ਾਖਾਂ ਦੇ ਸਿਧਾਂਤ ਦੇ ਮੇਲ ਤੋਂ ਇਕੋ ਦਰਸ਼ਨ ਬਣਦਾ ਹੈ। ਨਿਆਇ ਦੇ ਅਰਥ ਹਨ–ਅੰਦਰ ਵੜਨਾ, ਪੜਚੋਲ ਕਰਨਾ, ਤਫ਼ਤੀਸ਼ ਕਰਨੀ ਅਤੇ ਨਿਆਇ ਸ਼ਾਸਤਰ ਦਰਅਸਲ ਮੰਤਕ ਦਾ ਸ਼ਾਸਤਰ ਹੈ, ਜਿਸ ਨੂੰ ਕਿ ਯੂਨਾਨੀ ਲਾਜਿਕ (Logic) ਆਖਦੇ ਹਨ। ਨਿਆਇ ਸੂਤਰਾਂ ਦੇ ਕਰਤਾ ਗੌਤਮ ਰਿਸ਼ੀ ਮੰਨੇ ਗਏ ਹਨ। ਵੈਸ਼ੇਸ਼ਿਕ ਦਰਸ਼ਨ ਫ਼ਲਸਫ਼ੇ ਦੇ ਬੁਨਿਆਦੀ ਖ਼ਿਆਲਾਂ ਦੀ ਪੜਚੋਲ

ਕਰਦਾ ਹੈ, ਜਿਨ੍ਹਾਂ ਨੂੰ ਕਿ ਪਦਾਰਥ (Category) ਕਹਿੰਦੇ ਹਨ, ਸੱਤ ਪਦਾਰਥ, ਨਿਆਇ ਅਤੇ ਵੈਸੇਸ਼ਿਕ ਦਰਸ਼ਨ ਵਿੱਚ ਆਮ ਕਰਕੇ ਮੰਨੇ ਜਾਂਦੇ ਹਨ, ਪਰ ਉਂਜ ਕਈ ਵਾਰ ਕਈਆਂ ਸੂਤਰਾਂ ਦੇ ਭਾਸ਼ਾਂ ਵਿੱਚ ਵੱਧ-ਘੱਟ ਵੀ ਮੰਨੇ ਹਨ। ਇਹ ਸੱਤ ਪਦਾਰਥ ਹੀ ਸਭ ਫ਼ਲਸਫ਼ੇ ਦੇ ਬੁਨਿਆਦੀ ਖ਼ਿਆਲ ਹਨ : ਦ੍ਰਵਯ (Substance), ਗੁਣ (Quality), ਕਰਮ (Action), ਸਾਮਾਨ (Generality), ਵਿਸ਼ੇਸ਼ (Particularity), ਸਾਮਾਵਾਯ (Intimate relation) ਅਤੇ ਅਭਾਵ (Nagation)। ਇਹਨਾਂ ਸੱਤਾਂ ਖ਼ਿਆਲਾਂ ਤੋਂ ਹੀ ਫ਼ਲਸਫੇ ਦੇ ਬਾਕੀ ਸਾਰੇ ਖ਼ਿਆਲ ਉਪਜਦੇ ਹਨ। ਵੈਸ਼ੇਸ਼ਿਕ ਸ਼ਾਸਤਰ ਦੇ ਕਰਤਾ ਕਨਾਡ ਰਿਸ਼ੀ ਮੰਨੇ ਗਏ ਹਨ। ਨਿਆਇ ਦਾ ਮੁੱਖ ਮਸਲਾ ਪ੍ਰਮਾਣ ਦਾ ਮਸਲਾ ਹੈ, ਕਿਵੇਂ ਕਿਸੇ ਗੱਲ ਨੂੰ ਸਾਬਤ ਕੀਤਾ ਜਾਵੇ ਜਾਂ ਸਿੱਧ ਕੀਤਾ ਜਾਵੇ। ਨਿਆਇ ਸ਼ਾਸਤਰ ਵਿੱਚ ਚਾਰ ਤਰੀਕੇ ਪ੍ਰਮਾਣ ਦੇ ਮੰਨੇ ਹਨ। ਪ੍ਰਤੱਖਯ, ਅਨੁਮਾਨ, ਉਪਮਾਨ ਅਤੇ ਸ਼ਬਦ। ਪ੍ਰਤੱਖਯ ਉਹ ਹੈ ਜੋ ਚੀਜ਼ ਆਪਣੀਆਂ ਅੱਖਾਂ ਜਾਂ ਗਿਆਨ ਇੰਦ੍ਰਿਆਂ ਨਾਲ ਸਿੱਧੀ ਆਪ ਦੇਖ ਲਈਏ, ਉਹ ਪ੍ਰਤੱਖਯ ਪ੍ਰਮਾਣ ਹੈ। ਉਹ ਇਉਂ ਸਾਬਤ ਹੋ ਗਈ ਜਾਂ ਸਿੱਧ ਹੋ ਗਈ। ਅਨੁਮਾਨ ਉਹ ਹੈ, ਜੋ ਕਿਸੇ ਇਕ ਚੀਜ਼ ਤੋਂ ਜੋ ਸਾਬਤ ਹੋ ਚੁੱਕੀ ਹੈ, ਉਸ ਤੋਂ ਦੂਜੀ ਚੀਜ਼ ਸਾਬਤ ਕਰ ਲਈਏ, ਜਿਵੇਂ ਕਿਹਾ ਜਾਵੇ ਕਿ ਸਭ ਆਦਮੀ ਦੋਹਾਂ ਲੱਤਾਂ ਵਾਲੇ ਹੁੰਦੇ ਹਨ। ਇਹ ਸਿੱਧ ਹੈ। ਫੇਰ ਕਿਹਾ ਜਾਵੇ ਕਿ, 'ਰਾਮ ਚੰਦਰ ਆਦਮੀ ਹੈ।' ਇਹ ਵੀ ਸਿੱਧ ਹੈ। ਹੁਣ ਅਨੁਮਾਨ ਲੱਗ ਜਾਂਦਾ ਹੈ ਕਿ ਰਾਮ ਚੰਦਰ ਦੀਆਂ ਦੋ ਲੱਤਾਂ ਹਨ। ਇਹ ਅਨੁਮਾਨ ਪ੍ਰਮਾਣ ਹੈ। ਉਪਮਾਨ ਇਉਂ ਹੈ, ਜਿਵੇਂ ਕਹੀਏ ਕਿ ਫ਼ਲਾਨੀ ਚੀਜ਼ ਫ਼ਲਾਨੇ ਵਰਗੀ ਹੈ। ਦੁੱਧ ਕੁਕੜੀ ਦੇ ਆਂਡੇ ਵਾਂਗ ਚਿੱਟਾ ਹੈ। ਇਉਂ ਜਦ ਕੁਕੜੀ ਦੇ ਆਂਡੇ ਦਾ ਰੰਗ ਕੀ ਹੈ, ਇਹ ਸਿੱਧ ਹੋ ਜਾਵੇ ਤਾਂ ਸਾਬਤ ਹੋ ਜਾਵੇਗਾ ਜੋ ਦੁੱਧ ਦਾ ਰੰਗ ਓਹੋ ਹੈ। ਇਸੇ ਨੂੰ ਕਹਿੰਦੇ ਹਨ ਉਪਮਾ ਦੇਣੀ। ਜਦੋਂ ਕਹਿੰਦੇ ਹਨ : "ਤੇਰੀ ਉਪਮਾ ਤੋਹਿ ਬਣ ਆਵੈ" ਤਾਂ ਭਾਵ ਅਰਥ ਹੁੰਦਾ ਹੈ ਕਿ ਤੇਰੇ ਵਰਗਾ ਹੋਰ ਨਹੀਂ। ਸ਼ਬਦ ਪ੍ਰਮਾਣ ਕਿਸੇ ਅਜਿਹੇ ਆਦਮੀ ਦੀ ਗਵਾਹੀ ਜਾਂ ਸ਼ਹਾਦਤ ਨੂੰ ਕਹਿੰਦੇ ਹਨ, ਜਿਸ ਨੂੰ ਕੋਈ ਗੱਲ ਸਿੱਧ ਹੋ ਚੁੱਕੀ ਹੋਵੇ ਅਤੇ ਉਸ ਦੇ ਸ਼ਬਦ ਉੱਤੇ ਭਰੋਸਾ ਕਰਕੇ ਮੰਨ ਲਿਆ ਜਾਵੇ ਕਿ ਇਹ ਹੁਣ ਸ਼ਬਦ ਨੂੰ ਮੰਨਣ ਵਾਲੇ ਨੂੰ ਵੀ ਸਿੱਧ ਹੋ ਗਈ। ਅਦਾਲਤਾਂ ਵਿੱਚ ਅੱਖੀਂ ਦੇਖਣ ਸੁਣਨ ਵਾਲੇ ਦਾ ਸ਼ਬਦ ਮੰਨ ਕੇ ਸਿੱਧ ਜਾਂ ਸਾਬਤ ਕਰ ਲਈਦਾ ਹੈ। ਗੁਰਬਾਣੀ, ਗੁਰੂ ਗ੍ਰੰਥ, ਸ਼ਬਦ ਪ੍ਰਮਾਣ ਹੀ ਹੈ, ਉਹ ਸਤ ਸੱਚਾਈਆਂ ਜਿਨ੍ਹਾਂ ਦੀ ਗਵਾਹੀ ਗੁਰੂ ਆਪ ਸਿੱਧ ਕਰਕੇ ਦਿੰਦਾ ਹੈ। ਇਸ ਗੁਰੂ ਦੇ ਸ਼ਬਦ ਉਤੇ ਵਿਸ਼ਵਾਸ ਕਰਕੇ ਹੀ ਅੱਗੇ ਤੁਰੀਦਾ ਹੈ ਤਾਂ ਉਹ ਸੱਚਾਈਆਂ, ਜਿਨ੍ਹਾਂ

ਨੂੰ ਗੁਰੂ ਨੇ ਆਪ ਦੇਖਿਆ ਹੈ ਅਤੇ ਜਿਨ੍ਹਾਂ ਦੀ ਗੁਰੂ ਗਵਾਹੀ ਦਿੰਦਾ ਹੈ, ਸਿੱਖ ਨੂੰ ਪ੍ਰਗਟ ਹੋ ਆਉਂਦੀਆਂ ਹਨ। ਗੁਰੂ ਨੂੰ ਉਹ ਸੱਚਾਈਆਂ ਪ੍ਰਤੱਖ ਪ੍ਰਮਾਣ ਦੁਆਰਾ ਸਿੱਧ ਹੋਈਆਂ ਹਨ। ਨਿਆਇ ਸ਼ਾਸਤਰ ਵਿੱਚ ਆਉਂਦਾ ਹੈ : "ਪ੍ਰਤੱਕਸ਼ਸਜ ਸ਼ਾਸਤਰ ਕਿਮ ਪ੍ਰਮਾਣੇ"। ਜਿਹੜੀ ਗੱਲ ਪ੍ਰਤੱਖਜ ਹੋ ਗਈ ਹੋਵੇ, ਉਸ ਤੋਂ ਹੋਰ ਅੱਗੇ ਕਿਸੇ ਸਬੂਤ ਦੀ ਲੋੜ ਨਹੀਂ ਹੁੰਦੀ। ਇਉਂ ਸ਼ਰਧਾ ਕਰਨ ਵਾਲਿਆਂ ਨੂੰ ਗੁਰੂ ਦਾ ਸ਼ਬਦ ਪ੍ਰਤੱਖਜ ਪ੍ਰਮਾਣ ਬਣ ਜਾਂਦਾ ਹੈ। "ਗੁਰੂ ਕੀ ਬਾਣੀ ਸਤਿ ਸਤਿ ਕਰ ਮਾਨੋਂ ਗੁਰ ਸਿੱਖ, ਹਰਿ ਕਰਤਾ ਆਪ ਮੂਹੋਂ ਕਢਾਇੰਦਾ।" ਸ਼ਬਦ ਦੀ ਪੂਜਾ, ਗੁਰੂ ਗਰੰਥ ਦੀ ਪੂਜਾ, ਨਿਆਇ ਦੇ ਪ੍ਰਤੱਖਜ-ਪ੍ਰਮਾਣ ਅਤੇ ਸ਼ਬਦ ਪ੍ਰਮਾਣ ਦੇ ਸਿਧਾਂਤ ਦੇ ਆਧਾਰ ਉੱਤੇ ਹੀ ਹੈ। ਉਂਜ ਕਨਾਡ ਰਿਸ਼ੀ ਪ੍ਰਤੱਖਜ ਅਤੇ ਅਨੁਮਾਨ ਨੂੰ ਹੀ ਮੰਨਦੇ ਹਨ, ਉਪਮਾ ਅਤੇ ਸ਼ਬਦ ਨੂੰ ਨਹੀਂ ਮੰਨਦੇ। 'ਚਿੰਤਾਮਣੀ' ਅਤੇ ਕੇਸ਼ਵ ਮਿਸਰ ਦੀ ਪੁਸਤਕ : 'ਤਾਰਕ-ਭਾਸ਼' ਨਿਆਇ ਵੈਸ਼ੇਸ਼ਿਕ ਸ਼ਾਸਤਰ ਉਤੇ ਬੜੇ ਪ੍ਰਸਿੱਧ ਗਰੰਥ ਸੰਸਕ੍ਰਿਤ ਦੇ ਹਨ।

ਇਹ ਵਿਸਤਾਰ ਹੈ ਛੇ ਦਰਸ਼ਨਾਂ ਦਾ।

ਲਾਹੌਰ ਬੁੱਕ ਸ਼ਾਪ, ਲੁਧਿਆਣਾ